


PUNJABSTAR.COM

# ਪੰਜਾਬ ਸਟਾਰ

Phone: 905-673-7666 , Fax: 1-289-206-8611
21 ਨਵੰਬਰ ਤੋਂ 27 ਨਵੰਬਰ, 2024
Email :- editor@punjabstar.com, Vo. 20. Issue:1160




## ਸੀਰੀਆ 'ਚ ਇਜ਼ਰਾਇਲੀ ਹਮਲੇ 'ਚ ਮਰਨ ਵਾਲਿਆਂ ਦੀ ਗਿਣਤੀ ਵੱਧ ਕੇ 49 ਹੋਈ



ਦਮਿਸ਼ਕ (ਪੰਜਾਬ ਸਟਾਰ ਬਿਊਰੋ) : ਮੱਧ ਸੀਰੀਆ ਦੇ ਪਲਮਾਇਰਾ ਸ਼ਹਿਰ ਅਤੇ ਉਸ ਦੇ ਆਸ-ਪਾਸ 'ਚ ਬੁੱਧਵਾਰ ਨੂੰ ਹੋਏ ਇਜ਼ਰਾਇਲੀ ਮਿਜ਼ਾਈਲ ਹਮਲੇ 'ਚ ਮਰਨ ਵਾਲਿਆਂ ਦੀ ਗਿਣਤੀ 49 ਹੋ ਗਈ ਹੈ, ਜਦਕਿ 50 ਤੋਂ ਵੱਧ ਲੋਕ ਜ਼ਖਮੀ ਹੋ ਗਏ ਹਨ। ਸੀਰੀਅਨ ਆਬਜ਼ਰਵੇਟਰੀ ਫਾਰ ਹਿਊਮਨ ਰਾਈਟਸ ਨੇ ਵੀਰਵਾਰ ਨੂੰ ਇਹ ਜਾਣਕਾਰੀ ਦਿੱਤੀ।

ਬ੍ਰਿਟੇਨ ਸਥਿਤ ਨਿਗਰਾਨੀ ਸਮੂਹ ਨੇ ਕਿਹਾ ਕਿ ਮਰਨ ਵਾਲਿਆਂ ਵਿੱਚ ਈਰਾਨੀ ਮਿਲੀਸ਼ੀਆ ਨਾਲ ਸਬੰਧਤ 24 ਸੀਰੀਆਈ ਨਾਗਰਿਕ ਸਨ, ਜਿਨ੍ਹਾਂ ਵਿਚ ਸੀਰੀਆਈ ਸਰਕਾਰੀ ਬਲਾਂ ਦੇ ਅਧਿਕਾਰੀ ਵੀ ਸ਼ਾਮਲ ਹਨ। ਉਨ੍ਹਾਂ ਵਿੱਚੋਂ ਲੇਬਨਾਨ ਦੇ ਹਿਜ਼ਬੁੱਲਾ ਦਾ ਵਫ਼ਾਦਾਰ ਇੱਕ ਬ੍ਰਿਗੇਡੀਅਰ ਜਨਰਲ ਸੀ। ਇਸ ਦੌਰਾਨ, 22 ਗੈਰ-ਸੀਰੀਆਈ ਲੜਾਕੇ, ਜ਼ਿਆਦਾਤਰ ਇਰਾਕੀ 'ਹਰਕਤ ਅਲ-ਨੁਜਾਬਾ' (ਅਲ-ਨੁਜਾਬਾ ਮੂਵਮੈਂਟ) ਨਾਲ ਅਤੇ 3 ਅਣਪਛਾਤੇ ਵਿਅਕਤੀ ਮਾਰੇ ਗਏ। ਹਮਲੇ 'ਚ 50 ਤੋਂ * ਬਾਕੀ ਸਫਾ 2 'ਤੇ

## 85000 ਲੋਕਾਂ ਦੇ ਪਾਸਪੋਰਟ ਸਰਵਿਸ ਕੈਨੇਡਾ ਕੋਲ ਫਸੇ




ਟੋਰਾਂਟੋ (ਪੰਜਾਬ ਸਟਾਰ ਬਿਊਰੋ) : ਕੈਨੇਡਾ ਪੋਸਟ ਦੇ ਮੁਲਾਜ਼ਮਾਂ ਦੀ ਹੜਤਾਲ ਕਾਰਨ 85 ਹਜ਼ਾਰ ਪਾਸਪੋਰਟ ਸਰਵਿਸ ਕੈਨੇਡਾ ਕੋਲ ਫਸੇ ਹੋਏ ਹਨ ਅਤੇ ਹੜਤਾਲ ਖ਼ਤਮ ਹੋਣ ਦੀ ਸੂਰਤ ਵਿਚ ਹੀ ਇਨ੍ਹਾਂ ਨੂੰ ਲੋਕਾਂ ਤੱਕ ਪਹੁੰਚਾਇਆ ਜਾ ਸਕਦਾ ਹੈ। ਰੁਜ਼ਗਾਰ ਅਤੇ ਸਮਾਜਿਕ ਵਿਕਾਸ ਵਿਭਾਗ ਨੇ ਦੱਸਿਆ ਕਿ ਡਾਕ ਮੁਲਾਜ਼ਮਾਂ ਦੀ ਸੰਭਾਵਤ ਹੜਤਾਲ ਨੂੰ ਵੇਖਦਿਆਂ 8 ਨਵੰਬਰ ਨੂੰ ਪਾਸਪੋਰਟ ਭੇਜਣ ਦੀ ਪ੍ਰਕਿਰਿਆ ਬੰਦ ਕਰ ਦਿਤੀ ਗਈ। ਦੂਜੇ ਪਾਸੇ ਮੁਲਾਜ਼ਮ ਯੂਨੀਅਨ * ਬਾਕੀ ਸਫਾ 2 'ਤੇ

## ਕੈਨੇਡਾ: 38 ਹਜ਼ਾਰ ਗ਼ੈਰਕਾਨੂੰਨੀ ਪਰਵਾਸੀਆਂ ਦੇ ਗ੍ਰਿਫ਼ਤਾਰੀ ਵਾਰੰਟ ਜਾਰੀ

### ਕਾਰਵਾਈ ਤੇਜ਼ ਕਰਨ ਲਈ ਬਾਰਡਰ ਸਰਵਿਸ ਏਜੰਸੀ ਦੇ ਸਟਾਫ਼ 'ਚ ਵਾਧਾ ਕੀਤਾ



ਵੈਨਕੂਵਰ (ਪੰਜਾਬ ਸਟਾਰ ਬਿਊਰੋ) : ਸਰਕਾਰ ਦੀਆਂ ਕਥਿਤ ਗਲਤ ਨੀਤੀਆਂ ਕਾਰਨ ਢਹਿ ਢੇਰੀ ਹੋਏ ਇਮੀਗ੍ਰੇਸ਼ਨ ਸਿਸਟਮ ਨੂੰ ਮੁੜ ਪੈਰਾਂ ਸਿਰ ਕਰਨ ਲਈ ਇਮੀਗ੍ਰੇਸ਼ਨ ਮੰਤਰੀ ਮਾਈਕ ਮਿਲਰ ਯਤਨਸ਼ੀਲ ਹਨ। ਸਰਕਾਰ ਅਗਲੇ ਸਾਲ ਤੱਕ ਕਰੀਬ 12 ਲੱਖ ਕੱਚੇ ਲੋਕਾਂ ਨੂੰ ਦੇਸ਼ 'ਚੋਂ ਕੱਢਣ ਦਾ ਮਨ ਬਣਾਈ ਬੈਠੀ ਹੈ ਅਤੇ ਇਸ ਕੰਮ 'ਚ ਤੇਜ਼ੀ ਲਿਆਉਣ ਲਈ ਬਾਰਡਰ ਸਰਵਿਸ ਏਜੰਸੀ (ਸੀਬੀਐੱਸਏ) ਦੇ ਅਮਲੇ ਦੀ ਨਫ਼ਰੀ 15 ਫੀਸਦ ਵਧਾਉਣ ਸਮੇਤ ਉਸ ਨੂੰ * ਬਾਕੀ ਸਫਾ 2 'ਤੇ

## ਟਰੂਡੋ ਸਰਕਾਰ ਨੇ ਸਟੱਡੀ ਵੀਜ਼ਾ ਨਿਯਮਾਂ ਨੂੰ ਕੀਤਾ ਸਖ਼ਤ

### ਕੈਨੇਡਾ ਪਹੁੰਚਣ ਤੋਂ ਬਾਅਦ ਹੁਣ ਵਿਦਿਆਰਥੀ ਨਹੀਂ ਬਦਲ ਸਕਣਗੇ ਕਾਲਜ

(ਪੰਜਾਬ ਸਟਾਰ ਬਿਊਰੋ)

ਕੈਨੇਡਾ ਦੀ ਸਰਕਾਰ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਟੱਡੀ ਵੀਜ਼ਾ ਨਿਯਮਾਂ ਨੂੰ ਹੌਲੀ-ਹੌਲੀ ਸਖ਼ਤ ਕਰ ਰਹੀ ਹੈ। ਨਵੇਂ ਨਿਯਮਾਂ ਅਨੁਸਾਰ ਜੇਕਰ ਕੋਈ ਵਿਦਿਆਰਥੀ ਭਾਰਤ ਤੋਂ ਕੈਨੇਡਾ ਦੇ ਕਿਸੇ ਕਾਲਜ ਵਿੱਚ ਦਾਖ਼ਲਾ ਲੈਂਦਾ ਹੈ ਤਾਂ ਉਹ ਹੁਣ ਕੈਨੇਡਾ ਪਹੁੰਚ * ਬਾਕੀ ਸਫਾ 2 'ਤੇ

## ਬ੍ਰਿਟਿਸ਼ ਕੋਲੰਬੀਆ ਮੰਤਰੀ ਮੰਡਲ 'ਚ ਚਾਰ ਪੰਜਾਬੀ ਸ਼ਾਮਲ



ਪੰਜਾਬ ਸਟਾਰ ਬਿਊਰੋ

ਵੈਨਕੂਵਰ : ਪਿਛਲੇ ਮਹੀਨੇ ਬ੍ਰਿਟਿਸ਼ ਕੋਲੰਬੀਆ ਦੀਆਂ ਵਿਧਾਨ ਸਭਾ ਚੋਣਾਂ ਦੌਰਾਨ ਕੁਝ ਹਲਕਿਆਂ ਵਿੱਚ ਜਿੱਤ-ਹਾਰ ਦਾ ਫ਼ਰਕ 100 ਤੋਂ ਵੀ ਘੱਟ ਹੋਣ ਕਰ ਕੇ ਵੋਟਾਂ ਦੀ ਦੁਬਾਰਾ ਗਿਣਤੀ ਹੋਈ ਸੀ। ਦੁਬਾਰਾ ਗਿਣਤੀ ਮਗਰੋਂ ਐਲਾਨੇ ਗਏ ਨਤੀਜਿਆਂ ਵਿੱਚ ਮੁੜ ਤੋਂ ਸੱਤਾ ਵਿੱਚ ਆਈ ਨਿਊ ਡੈਮੋਕਰੈਟਿਕ ਪਾਰਟੀ ਦੇ ਆਗੂ ਡੇਵਿਡ ਈਬੀ ਨੇ ਆਪਣੇ ਮੰਤਰੀ ਮੰਡਲ ਦਾ ਐਲਾਨ ਕਰਦੇ ਹੋਏ ਮੰਤਰੀਆਂ ਨੂੰ ਵਿਭਾਗਾਂ ਦੀ ਵੰਡ ਵੀ ਕਰ ਦਿੱਤੀ ਹੈ।

ਇਸ ਦੌਰਾਨ ਪਹਿਲੀ ਵਾਰ ਵਿਧਾਨ ਸਭਾ ਦੀਆਂ ਪੌੜੀਆਂ ਚੜ੍ਹੀ ਨਿੱਕੀ ਸ਼ਰਮਾ ਨੂੰ ਉਪ ਮੁੱਖ ਮੰਤਰੀ ਅਤੇ ਅਟਾਰਨੀ ਜਨਰਲ ਬਣਾਇਆ ਗਿਆ ਹੈ। ਸੱਤਵੀਂ ਵਾਰ ਜੇਤੂ ਰਹੇ ਜਗਰੂਪ ਬਰਾੜ ਨੂੰ ਪਹਿਲੀ ਵਾਰ ਮੰਤਰੀ ਬਣਾ ਕੇ ਖਾਣਾਂ ਤੇ ਖਣਿਜ ਵਿਭਾਗ ਸੌਂਪੇ ਗਏ ਹਨ। ਰਵੀ ਪਰਮਾਰ ਨੂੰ ਜੰਗਲਾਤ ਮੰਤਰੀ ਬਣਾਇਆ ਗਿਆ ਹੈ। ਰਵੀ ਕਾਹਲੋਂ ਨੂੰ ਪਹਿਲੇ ਵਿਭਾਗ ਹਾਊਸਿੰਗ ਦੇ ਨਾਲ ਹੁਣ ਮਿਉਂਸਿਪਲ ਦੀ ਜ਼ਿੰਮੇਵਾਰੀ ਵੀ ਸੌਂਪੀ ਗਈ ਹੈ। 24 ਮੰਤਰੀਆਂ ਅਤੇ ਚਾਰ ਰਾਜ ਮੰਤਰੀਆਂ ਦੇ ਨਾਲ ਕੁਝ ਪਾਰਲੀਮਾਨੀ ਸਕੱਤਰ ਵੀ ਬਣਾਏ ਗਏ ਹਨ, ਜਿਨ੍ਹਾਂ ਵਿੱਚ ਜੈਸੀ ਸੁੰਨੜ, ਹਰਵਿੰਦਰ ਸੰਧੂ, ਆਮਨਾ ਸ਼ਾਹ ਤੇ ਸੁਨੀਤਾ ਧੀਰ ਸ਼ਾਮਲ ਹਨ।

ਡੇਵਿਡ ਈਬੀ ਵੱਲੋਂ ਸਾਰੇ ਭਾਈਚਾਰਿਆਂ ਦੀ ਹੋਂਦ ਨੂੰ ਧਿਆਨ ਵਿੱਚ ਰੱਖਦੇ ਹੋਏ ਉਨ੍ਹਾਂ ਨੂੰ ਵਿਧਾਨ ਸਭਾ ਵਿੱਚ ਬਣਦਾ ਹਿੱਸਾ ਦਿੱਤਾ ਗਿਆ ਹੈ। ਉਨ੍ਹਾਂ ਔਰਤਾਂ ਨੂੰ ਵੀ ਬਰਾਬਰਤਾ ਨਾਲ ਨਿਵਾਜਿਆ ਹੈ। ਪਿਛਲੇ ਮੰਤਰੀ ਮੰਡਲ ਵਿੱਚ ਜ਼ਿੰਮੇਵਾਰੀਆਂ ਨਿਭਾਉਂਦੇ ਰਹੇ ਕੁਝ ਆਗੂਆਂ ਦੇ ਵਿਭਾਗ ਇਸ ਵਾਰ ਬਦਲ ਦਿੱਤੇ ਗਏ ਹਨ। ਸੱਤ ਸਾਲ ਤੋਂ ਸਿਹਤ ਮੰਤਰੀ ਵਜੋਂ ਸੇਵਾਵਾਂ ਨਿਭਾਅ ਰਹੇ ਐਂਡਰੀਅਨ ਡਿਕਸ ਨੂੰ ਇਸ ਵਾਰ ਊਰਜਾ ਵਿਭਾਗ ਦਿੱਤਾ ਗਿਆ ਹੈ।

## ਗੌਤਮ ਅਡਾਨੀ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਲੋੜ : ਰਾਹੁਲ ਗਾਂਧੀ



ਨਵੀਂ ਦਿੱਲੀ (ਪੰਜਾਬ ਸਟਾਰ ਬਿਊਰੋ) : ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਉਦਯੋਗਪਤੀ ਗੌਤਮ ਅਡਾਨੀ 'ਤੇ ਅਮਰੀਕੀ ਵਕੀਲਾਂ ਵਲੋਂ ਲਗਾਏ ਗਏ ਦੋਸ਼ਾਂ ਦੇ ਸਬੰਧ ਵਿਚ ਕਿਹਾ ਕਿ ਅਡਾਨੀ ਨੂੰ ਤੁਰੰਤ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ। ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਗੌਤਮ ਅਡਾਨੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਵੇਗਾ ਕਿਉਂਕਿ * ਬਾਕੀ ਸਫਾ 2 'ਤੇ

## ਅਮਰੀਕਾ : ਅਡਾਨੀ ਨੂੰ ਠੇਕਾ ਲੈਣ ਵਾਸਤੇ ਰਿਸ਼ਵਤ ਦੇਣ ਦਾ ਮੁਲਜ਼ਮ ਬਣਾਇਆ




(ਪੰਜਾਬ ਸਟਾਰ ਬਿਊਰੋ)

ਅਮਰੀਕਾ ਨੇ ਭਾਰਤੀ ਵਪਾਰੀ ਗੌਤਮ ਅਡਵਾਨੀ ਤੇ ਹੋਰਨਾਂ ਨੂੰ ਸੋਲਰ ਐਨਰਜੀ ਦਾ ਠੇਕਾ ਲੈਣ ਲਈ ਰਿਸ਼ਵਤ ਦੇਣ ਦਾ ਮੁਲਜ਼ਮ ਬਣਾਇਆ ਹੈ। ਅਡਾਨੀ 'ਤੇ ਅਮਰੀਕਾ ਵਿੱਚ ਦੋਸ਼ ਲਾਇਆ ਗਿਆ ਹੈ ਕਿ ਉਨ੍ਹਾਂ ਨੇ ਨਿਵੇਸ਼ਕਾਂ ਨੂੰ ਧੋਖਾ ਦਿੱਤਾ ਹੈ। ਕਿਹਾ ਗਿਆ ਹੈ ਕਿ * ਬਾਕੀ ਸਫਾ 2 'ਤੇ

## ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਵੱਲੋਂ ਗਰਮ ਖਿਆਲੀ ਪਾਰਟੀਆਂ ਨੂੰ ਕੈਨੇਡਾ 'ਚ ਬੈਨ ਕਰਨ ਦੀ ਸਲਾਹ



ਵੈਨਕੂਵਰ (ਪੰਜਾਬ ਸਟਾਰ ਬਿਊਰੋ) : ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਸਟੀਵਨ ਹਾਰਪਰ ਨੇ ਕਿਹਾ ਕਿ ਕੈਨੇਡਾ ਨੂੰ ਦੁਨੀਆਂ ਦੇ ਲੋਕਾਂ ਦੀ ਪੁਸ਼ਤਾਂ ਪੁਰਾਣੀ ਨਫ਼ਰਤੀ ਸੋਚ ਛੱਡ ਦੇਣੀ ਚਾਹੀਦੀ ਹੈ। ਹਾਰਪਰ 2006 ਤੋਂ 2015 ਤੱਕ ਕੈਨੇਡਾ ਸਰਕਾਰ ਦੀ ਵਾਗਡੋਰ ਸੰਭਾਲਣ ਤੋਂ ਬਾਅਦ ਸਿਆਸਤ ਛੱਡ ਚੁੱਕੇ ਹਨ। ਅਬਰਾਹਮ ਗਲੋਬਲ ਪੀਸ ਇਨੀਸ਼ੀਏਟਿਵ ਵੱਲੋਂ ਕਰਵਾਏ ਗਏ ਸਮਾਗਮ ਵਿਚ ਹਾਰਪਰ ਨੇ ਕਿਹਾ ਕਿ ਮੌਜੂਦਾ ਸਰਕਾਰ ਨੂੰ ਜਿਹਾਦੀ ਅਤੇ ਖਾਲਿਸਤਾਨੀ ਸੋਚ ਵਾਲੇ ਲੋਕਾਂ ਨੂੰ ਕੈਨੇਡਾ ਵਿਚ ਦਾਖਲਾ ਦੇਣ ਦੀ ਗਲਤੀ ਤੁਰੰਤ ਠੀਕ ਕਰਕੇ ਕੈਨੇਡਾ ਦੀ ਭਲਾਈ ਬਾਰੇ ਸੋਚਣ ਦੀ ਲੋੜ ਹੈ। ਉਨ੍ਹਾਂ ਕਿਹਾ ਕਿ ਦੇਸ਼ ਦੇ ਵਪਾਰਕ ਹਿੱਤਾਂ ਸਮੇਤ ਹੋਰ ਰਿਸ਼ਤਿਆਂ ਨੂੰ ਧਿਆਨ ਵਿਚ ਰੱਖਦਿਆਂ ਕਿਸੇ ਖਾਸ ਧਿਰ ਲਈ ਇਨ੍ਹਾਂ ਹਿੱਤਾਂ ਨੂੰ ਦਾਅ 'ਤੇ ਲਾਉਣਾ ਦੇਸ਼ ਨੂੰ ਦਹਾਕਿਆਂ ਤੱਕ ਨਾ ਪੂਰਾ ਹੋਣ ਵਾਲੇ ਘਾਟੇ ਵੱਲ ਧੱਕਦਾ ਹੈ। ਉਨ੍ਹਾਂ ਕਿਹਾ ਕਿ ਨਫਰਤੀ ਸੋਚ ਅਪਣਾ ਕੇ, ਉਸ ਤੋਂ ਨਿਕਲਣ ਵਾਲੇ ਨਤੀਜੇ ਦੇਸ਼ ਲਈ ਘਾਤਕ ਸਾਬਤ ਹੋਣ ਦੀਆਂ ਘਟਨਾਵਾਂ ਨਾਲ ਇਤਿਹਾਸ ਭਰਿਆ ਪਿਆ ਹੈ। ਸਾਬਕਾ ਪ੍ਰਧਾਨ ਮੰਤਰੀ ਨੇ ਕਿਹਾ ਕਿ ਜਿਹਾਦੀ * ਬਾਕੀ ਸਫਾ 2 'ਤੇ

## ਖ਼ੈਬਰ ਪਖ਼ਤੂਨਖਵਾ 'ਚ ਫਿਦਾਈਨ ਹਮਲਾ, 12 ਸੁਰੱਖਿਆ ਕਰਮੀ ਹਲਾਕ

ਪਿਸ਼ਾਵਰ (ਪੰਜਾਬ ਸਟਾਰ ਬਿਊਰੋ) : ਪਾਕਿਸਤਾਨ ਦੇ ਉੱਤਰ-ਪੱਛਮੀ ਅਸ਼ਾਂਤ ਸੂਬੇ ਖ਼ੈਬਰ ਪਖ਼ਤੂਨਖਵਾ 'ਚ ਫਿਦਾਈਨ ਹਮਲਾਵਰ ਵੱਲੋਂ ਧਮਾਕਾਖੇਜ਼ ਸਮੱਗਰੀ ਨਾਲ ਭਰਿਆ ਵਾਹਨ ਸਾਂਝੀ ਚੈੱਕ ਪੋਸਟ 'ਚ ਟਕਰਾਉਣ ਕਾਰਨ 12 ਸੁਰੱਖਿਆ ਕਰਮੀ ਹਲਾਕ ਹੋ ਗਏ। ਫੌਜ ਨੇ ਦੱਸਿਆ ਕਿ ਇਸ ਮਗਰੋਂ ਹੋਏ ਮੁਕਾਬਲੇ 'ਚ ਛੇ ਦਹਿਸ਼ਤਗਰਦ ਮਾਰੇ ਗਏ। ਫੌਜ ਦੇ ਮੀਡੀਆ ਵਿੰਗ ਇੰਟਰ ਸਰਵਿਸਿਜ਼ ਪਬਲਿਕ ਰਿਲੇਸ਼ਨਸ ਨੇ ਕਿਹਾ ਕਿ ਦਹਿਸ਼ਤਗਰਦਾਂ ਨੇ ਮੰਗਲਵਾਰ ਦੇਰ ਰਾਤ ਬੰਨੂ ਜ਼ਿਲ੍ਹੇ ਦੇ ਮਾਲੀਖੇਲ ਇਲਾਕੇ 'ਚ ਸਾਂਝੀ ਜਾਂਚ ਚੌਕੀ 'ਤੇ ਹਮਲਾ ਕਰਕੇ ਅੰਦਰ ਦਾਖ਼ਲ ਹੋਣ ਦੀ ਕੋਸ਼ਿਸ਼ ਕੀਤੀ, ਜਿਸ ਨੂੰ ਨਾਕਾਮ ਬਣਾ ਦਿੱਤਾ ਗਿਆ। * ਬਾਕੀ ਸਫਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ

ਕਰਜ਼ੇ ਦੀ ਸਿਰਦਰਦੀ ?
www.MakeMeDebtFree.ca
• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888-864-3131

Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7

A-One Truck & Trailer Repair
Specialist in Engine & Differential rebuilt
ਟਰੱਕਾਂ ਦੀ ਹਰ ਤਰ੍ਹਾਂ ਦੀ ਰਿਪੇਅਰ ਲਈ ਪਹੁੰਚੋ
647-808-9569,
416-388-1605
ਵਾਜਬ ਕੀਮਤ ਵਧੀਆ ਸਰਵਿਸ
1246 Aimco Blvd, Mississauga, ON L4W 1B2


Gill Tire Centre
ਟਰੱਕਾਂ ਦੇ ਟਾਇਰ ਵਾਜਬ ਕੀਮਤਾਂ ਵਿੱਚ ਲੈਣ ਲਈ ਪਹੁੰਚੋ ਗਿੱਲ ਟਾਇਰ ਸੈਂਟਰ
1246 Aimco Blvd, Mississauga, ON L4W 1B2
647-808-9569, 416-388-1605

FOR ALL YOUR REAL ESTATE NEEDS

Harjit Brar
Sales Representative
416-417-6010

ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Independently Owned and Operated
Ph: 905-456-9090

Vik Mehmi
Broker
416-500-6262

ਪੰਜਾਬ ਸਟਾਰ
www.punjabstar.com

# ਪੂਤਿਨ ਵੱਲੋਂ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਸਬੰਧੀ ਨਵੀਂ ਨੀਤੀ 'ਤੇ ਦਸਤਖ਼ਤ



ਮਾਸਕੋ : ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਅੱਜ ਇੱਕ ਨਵੀਂ ਪ੍ਰਮਾਣੂ ਨੀਤੀ 'ਤੇ ਦਸਤਖ਼ਤ ਕੀਤੇ ਹਨ, ਜਿਸ ਵਿੱਚ ਐਲਾਨ ਕੀਤਾ ਗਿਆ ਹੈ ਕਿ ਕਿਸੇ ਵੀ ਪ੍ਰਮਾਣੂ ਸ਼ਕਤੀ ਵੱਲੋਂ ਸਮਰਥਨ ਪ੍ਰਾਪਤ ਦੇਸ਼ ਜੇਕਰ ਰੂਸ 'ਤੇ ਹਮਲਾ ਕਰਦਾ ਹੈ ਤਾਂ ਇਸ ਨੂੰ ਉਨ੍ਹਾਂ ਦੇ ਦੇਸ਼ 'ਤੇ ਸਾਂਝਾ ਹਮਲਾ ਮੰਨਿਆ ਜਾਵੇਗਾ। ਪੂਤਿਨ ਨੇ ਪ੍ਰਮਾਣੂ ਰੋਕੂ ਨਵੀਂ ਨੀਤੀ ਦੀ ਸ਼ੁਰੂਆਤ ਉਨ੍ਹਾਂ ਵੱਲੋਂ 24 ਫਰਵਰੀ 2022 ਨੂੰ ਯੂਕਰੇਨ 'ਚ ਸੈਨਿਕਾਂ ਨੂੰ ਭੇਜੇ ਜਾਣ ਦੇ 1000ਵੇਂ ਦਿਨ ਕੀਤੀ ਹੈ। ਇਹ ਕਦਮ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਉਸ ਫ਼ੈਸਲੇ ਤੋਂ ਬਾਅਦ ਸਾਹਮਣ ਆਇਆ ਹੈ, ਜਿਸ ਵਿੱਚ ਉਨ੍ਹਾਂ ਨੇ ਯੂਕਰੇਨ ਨੂੰ ਅਮਰੀਕਾ ਤੋਂ ਸਪਲਾਈ ਕੀਤੀਆਂ ਗਈਆਂ ਲੰਬੀ ਦੂਰੀ ਦੀਆਂ ਮਿਜ਼ਾਈਲਾਂ ਨਾਲ ਰੂਸ ਦੇ ਅੰਦਰੂਨੀ ਇਲਾਕਿਆਂ ਤੱਕ ਹਮਲਾ ਕਰਨ ਦੀ ਆਗਿਆ ਦਿੱਤੀ ਸੀ। ਕਰੈਮਲਿਨ ਦੇ ਤਰਜਮਾਨ ਦਮਿਤਰੀ ਪੈਸਕੋਵ ਨੇ ਇਸ ਸਵਾਲ ਕਿ ਕੀ ਨਵੀਂ ਨੀਤੀ ਅਮਰੀਕਾ ਵੱਲੋਂ ਮਿਜ਼ਾਈਲਾਂ ਦੀ ਵਰਤੋਂ ਸਬੰਧੀ ਯੂਕਰੇਨ 'ਤੇ ਪਾਬੰਦੀਆਂ 'ਚ ਢਿੱਲ ਦੇਣ ਦੇ ਫ਼ੈਸਲੇ ਬਾਅਦ ਜਾਣਬੁੱਝ ਕੇ ਜਾਰੀ ਕੀਤੀ ਗਈ ਹੈ? ਦੇ ਜਵਾਬ 'ਚ ਕਿਹਾ ਕਿ ਦਸਤਾਵੇਜ਼ ਨੂੰ 'ਸਮਾਂਬੱਧ ਤਰੀਕੇ' ਨਾਲ ਪ੍ਰਕਾਸ਼ਿਤ ਕੀਤਾ ਗਿਆ ਹੈ ਅਤੇ ਪੂਤਿਨ ਨੇ ਸਰਕਾਰ ਨੂੰ ਇਸ ਸਾਲ ਦੇ ਸ਼ੁਰੂ ਵਿੱਚ ਇਸ ਨੂੰ ਅਪਡੇਟ ਕਰਨ ਦਾ ਨਿਰਦੇਸ਼ ਦਿੱਤਾ ਸੀ ਤਾਂ ਕਿ ਇਹ ''ਮੌਜੂਦਾ ਸਥਿਤੀ ਦੇ ਅਨੁਸਾਰ'' ਹੋਵੇ। ਸੋਧੀ ਨੀਤੀ ਮੁਤਾਬਕ ਰੂਸ ਆਪਣੇ ਸਹਿਯੋਗੀ ਬੇਲਾਰੂਸ ਵਿਰੁੱਧ ਹਮਲੇ ਦੇ ਜਵਾਬ 'ਚ ਪ੍ਰਮਾਣੂ ਹਥਿਆਰਾਂ ਦੀ ਵਰਤੋਂ ਕਰ ਸਕਦਾ ਹੈ।

# 27 ਸਾਲਾਂ ਦੀ ਕੈਰੋਲਿਨ ਲੇਵਿਟ ਹੋਵੇਗੀ ਵ੍ਹਾਈਟ ਹਾਊਸ ਦੀ ਨਵੀਂ ਪ੍ਰੈੱਸ ਸਕੱਤਰ



ਵਾਸ਼ਿੰਗਟਨ : ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਸ਼ੁੱਕਰਵਾਰ ਨੂੰ ਆਪਣੀ ਮੁਹਿੰਮ ਦੀ ਪ੍ਰੈੱਸ ਸਕੱਤਰ ਕੈਰੋਲਿਨ ਲੇਵਿਟ ਨੂੰ ਵ੍ਹਾਈਟ ਹਾਊਸ ਦੀ ਪ੍ਰੈੱਸ ਸਕੱਤਰ ਨਿਯੁਕਤ ਕੀਤਾ ਹੈ। 27 ਸਾਲਾ ਲੇਵਿਟ, ਜੋ ਵਰਤਮਾਨ 'ਚ ਟਰੰਪ ਦੀ ਸਪੋਕਸਮੈਨ ਹੈ, ਅਮਰੀਕੀ ਇਤਿਹਾਸ 'ਚ ਵ੍ਹਾਈਟ ਹਾਊਸ ਦੀ ਸਭ ਤੋਂ ਛੋਟੀ ਉਮਰ ਦੀ ਪ੍ਰੈੱਸ ਸਕੱਤਰ ਹੋਵੇਗੀ। ਇਸ ਤੋਂ ਪਹਿਲਾਂ ਇਹ ਰਿਕਾਰਡ ਰੋਨਾਲਡ ਜ਼ੀਗਲਰ ਦੇ ਕੋਲ ਸੀ, ਜੋ 29 ਸਾਲ ਦੇ ਸਨ, ਜਦੋਂ ਉਨ੍ਹਾਂ ਨੇ ਰਿਚਰਡ ਨਿਕਸਨ ਦੇ ਕਾਰਜਕਾਲ ਦੌਰਾਨ 1969 'ਚ ਇਹ ਅਹੁਦਾ ਸੰਭਾਲਿਆ ਸੀ। ਟਰੰਪ ਨੇ ਇਕ ਬਿਆਨ ਜਾਰੀ ਕਰਕੇ ਕੈਰੋਲਿਨ ਦੀ ਤਾਰੀਫ਼ ਕੀਤੀ ਅਤੇ ਉਮੀਦ ਜਤਾਈ ਕਿ ਉਹ ਪਹਿਲਾਂ ਵਾਂਗ ਆਪਣਾ ਸ਼ਾਨਦਾਰ ਪ੍ਰਦਰਸ਼ਨ ਜਾਰੀ ਰੱਖੇਗੀ। ਟਰੰਪ ਨੇ ਕਿਹਾ, "ਕੈਰੋਲਿਨ ਲੇਵਿਟ ਨੇ ਮੇਰੀ ਇਤਿਹਾਸਕ ਮੁਹਿੰਮ ਵਿਚ ਰਾਸ਼ਟਰੀ ਪ੍ਰੈੱਸ ਸਕੱਤਰ ਦੇ ਤੌਰ 'ਤੇ ਸ਼ਾਨਦਾਰ ਕੰਮ ਕੀਤਾ ਅਤੇ ਮੈਨੂੰ ਇਹ ਐਲਾਨ ਕਰਦੇ ਹੋਏ ਖੁਸ਼ੀ ਹੋ ਰਹੀ ਹੈ ਕਿ ਉਹ ਵ੍ਹਾਈਟ ਹਾਊਸ ਦੇ ਪ੍ਰੈੱਸ ਸਕੱਤਰ ਦੇ ਤੌਰ 'ਤੇ ਕੰਮ ਕਰੇਗੀ।

# ਕੈਨੇਡਾ : ਭਾਰਤ ਜਾਣ ਵਾਲੀਆਂ ਉਡਾਣਾਂ ਦੀ ਚੈਕਿੰਗ ਕੀਤੀ ਸਖ਼ਤ



ਟੋਰਾਂਟੋ : ਕੈਨੇਡੀਅਨ ਸਰਕਾਰ ਨੇ ਸਖਤ ਚੌਕਸੀ ਦੀ ਲੋੜ ਦਾ ਹਵਾਲਾ ਦਿੰਦੇ ਹੋਏ ਭਾਰਤ ਲਈ ਉਡਾਣ ਭਰਨ ਵਾਲੇ ਯਾਤਰੀਆਂ ਲਈ ਸਖਤ ਸੁਰੱਖਿਆ ਪ੍ਰੋਟੋਕੋਲ ਪੇਸ਼ ਕੀਤੇ ਹਨ। ਫੈਡਰਲ ਟਰਾਂਸਪੋਰਟ ਮੰਤਰੀ ਅਨੀਤਾ ਆਨੰਦ ਨੇ ਉਪਾਵਾਂ ਦੀ ਘੋਸ਼ਣਾ ਕੀਤੀ, ਯਾਤਰੀਆਂ ਨੂੰ ਹਵਾਈ ਅੱਡਿਆਂ 'ਤੇ ਵਾਧੂ ਸਕ੍ਰੀਨਿੰਗ ਜ਼ਰੂਰਤਾਂ ਕਾਰਨ ਦੇਰੀ ਦੀ ਉਮੀਦ ਕਰਨ ਦੀ ਚੇਤਾਵਨੀ ਦਿੱਤੀ। "ਟਰਾਂਸਪੋਰਟ ਕੈਨੇਡਾ ਨੇ ਅਸਥਾਈ ਵਾਧੂ ਸੁਰੱਖਿਆ ਸਕ੍ਰੀਨਿੰਗ ਉਪਾਅ ਲਾਗੂ ਕੀਤੇ ਹਨ," ਆਨੰਦ ਨੇ ਇੱਕ ਬਿਆਨ ਵਿੱਚ ਕਿਹਾ। "ਜਦੋਂ ਇਹ ਉਪਾਅ ਲਾਗੂ ਹਨ ਤਾਂ ਯਾਤਰੀਆਂ ਨੂੰ ਕੁਝ ਸਕ੍ਰੀਨਿੰਗ ਦੇਰੀ ਦਾ ਅਨੁਭਵ ਹੋ ਸਕਦਾ ਹੈ." ਕੈਨੇਡੀਅਨ ਏਅਰ ਟਰਾਂਸਪੋਰਟ ਸੁਰੱਖਿਆ ਅਥਾਰਟੀ (ਛਅਠਸ਼ਅ) ਦੁਆਰਾ ਨਿਗਰਾਨੀ ਕੀਤੇ ਗਏ ਵਧੀਆਂ ਜਾਂਚਾਂ ਵਿੱਚ, ਵਰਜਿਤ ਪਦਾਰਥਾਂ ਦਾ ਪਤਾ ਲਗਾਉਣ ਲਈ ਕੈਰੀ-ਆਨ ਸਮਾਨ ਦੇ ਐਕਸ-ਰੇ ਸਕੈਨ, ਸਰੀਰਕ ਮੁਆਇਨਾ, ਅਤੇ ਹੱਥਾਂ ਦੇ ਫੰਬੇ ਸ਼ਾਮਲ ਹਨ। ਇਹ ਕਦਮ ਨਵੀਂ ਦਿੱਲੀ ਤੋਂ ਸ਼ਿਕਾਗੋ ਜਾਣ ਵਾਲੀ ਏਅਰ ਇੰਡੀਆ ਦੀ ਉਡਾਣ ਨੂੰ ਸ਼ਾਮਲ ਕਰਨ ਵਾਲੇ ਹਾਲ ਹੀ ਵਿੱਚ ਬੰਬ ਦੇ ਡਰ ਤੋਂ ਬਾਅਦ ਕੀਤਾ ਗਿਆ ਹੈ, ਜਿਸ ਨੂੰ ਪਿਛਲੇ ਮਹੀਨੇ ਇਕਾਲੁਇਟ ਵੱਲ ਮੋੜ ਦਿੱਤਾ ਗਿਆ ਸੀ।

# ਕਾਰ ਦੀ ਡਿੱਕੀ 'ਚ ਮ੍ਰਿਤਕ ਮਿਲੀ ਭਾਰਤੀ ਮੂਲ ਦੀ ਔਰਤ ਦੇ ਪਤੀ ਦੀ ਭਾਲ 'ਚ ਲੰਡਨ ਪੁਲਿਸ





ਲੰਡਨ : ਪੂਰਬੀ ਲੰਡਨ 'ਚ ਕੁੱਝ ਦਿਨ ਪਹਿਲਾਂ ਇਕ ਕਾਰ ਦੀ ਡਿੱਕੀ 'ਚੋਂ ਇਕ ਔਰਤ ਦੀ ਲਾਸ਼ ਮਿਲਣ ਦੀ ਜਾਂਚ ਕਰ ਰਹੀ ਬ੍ਰਿਟਿਸ਼ ਪੁਲਿਸ ਨੇ ਕਤਲ ਦੇ ਸ਼ੱਕ 'ਚ ਉਸ ਦੇ ਭਾਰਤੀ ਮੂਲ ਦੇ ਪਤੀ ਦੀ ਭਾਲ ਸ਼ੁਰੂ ਕਰ ਦਿਤੀ ਹੈ। ਪੁਲਿਸ ਨੂੰ ਸ਼ੱਕ ਹੈ ਕਿ ਮੁਲਜ਼ਮ ਇਸ ਮਹੀਨੇ ਦੀ ਸ਼ੁਰੂਆਤ 'ਚ ਅਪਣੀ ਪਤਨੀ ਹਰਸ਼ਿਤਾ ਬਰੇਲਾ ਦਾ ਕਤਲ ਕਰਨ ਤੋਂ ਬਾਅਦ ਦੇਸ਼ ਛੱਡ ਕੇ ਭੱਜ ਗਿਆ ਹੈ। ਨਾਰਥਹੈਂਪਟਨਸ਼ਾਇਰ ਪੁਲਿਸ ਵਲੋਂ ਐਤਵਾਰ ਨੂੰ ਜਾਰੀ ਇਕ ਅਪਡੇਟ ਬਿਆਨ ਵਿਚ ਚੀਫ ਇੰਸਪੈਕਟਰ ਪਾਲ ਕੈਸ਼ ਨੇ ਕਿਹਾ ਕਿ 60 ਤੋਂ ਵੱਧ ਜਾਸੂਸ ਇਸ ਮਾਮਲੇ 'ਤੇ ਕੰਮ ਕਰ ਰਹੇ ਹਨ ਅਤੇ ਪੁਲਿਸ ਨੇ ਦੋਸ਼ੀ ਪੰਕਜ ਲਾਂਬਾ ਦੀ ਇਕ ਤਸਵੀਰ ਜਾਰੀ ਕੀਤੀ ਹੈ।

ਕੈਸ਼ ਨੇ ਕਿਹਾ, ''ਪੁੱਛ-ਪੜਤਾਲ ਤੋਂ ਬਾਅਦ ਸਾਨੂੰ ਸ਼ੱਕ ਹੈ ਕਿ ਹਰਸ਼ਿਤਾ ਦਾ ਕਤਲ ਇਸ ਮਹੀਨੇ ਦੀ ਸ਼ੁਰੂਆਤ 'ਚ ਉਸ ਦੇ ਪਤੀ ਪੰਕਜ ਲਾਂਬਾ ਨੇ ਨਾਰਥਹੈਂਪਟਨਸ਼ਾਇਰ 'ਚ ਕੀਤਾ ਸੀ।'' ਨਾਰਥਹੈਂਪਟਨਸ਼ਾਇਰ ਪੁਲਿਸ ਨੇ ਹਫਤੇ ਦੇ ਅੰਤ 'ਚ ਕਤਲ ਦੀ ਜਾਂਚ ਸ਼ੁਰੂ ਕੀਤੀ, ਜਿਸ 'ਚ ਪੀੜਤਾ ਦਾ ਨਾਮ ਹਰਸ਼ਿਤਾ ਬ੍ਰੇਲਾ ਦਸਿਆ ਗਿਆ ਸੀ ਜੋ ਲੰਡਨ 'ਚ ਇਕ ਕਾਰ ਦੀ ਡਿੱਕੀ 'ਚ ਮਿਲੀ ਸੀ। ਪੀੜਤ ਦੀ ਲਾਸ਼ ਵੀਰਵਾਰ ਸਵੇਰੇ ਪੂਰਬੀ ਲੰਡਨ ਦੇ ਇਲਫੋਰਡ ਇਲਾਕੇ ਵਿਚ ਬ੍ਰਿਸਬੇਨ ਰੋਡ 'ਤੇ ਇਕ ਗੱਡੀ ਦੀ ਡਿੱਕੀ ਵਿਚੋਂ ਮਿਲੀ। ਉਸ ਦਾ ਪੋਸਟਮਾਰਟਮ ਸ਼ੁਕਰਵਾਰ ਨੂੰ ਲੈਸਟਰ ਰਾਇਲ ਇਨਫਰਮਰੀ ਵਿਖੇ ਕੀਤਾ ਗਿਆ।

ਈਸਟ ਮਿਡਲੈਂਡਜ਼ ਸਪੈਸ਼ਲ ਆਪਰੇਸ਼ਨਜ਼ ਮੇਜਰ ਕ੍ਰਾਈਮ ਯੂਨਿਟ (ਈ.ਐਮ.ਐਸ.ਓ.ਯੂ.) ਦੇ ਸੀਨੀਅਰ ਜਾਂਚ ਅਧਿਕਾਰੀ ਡਿਟੈਕਟਿਵ ਚੀਫ ਇੰਸਪੈਕਟਰ ਜੌਨੀ ਕੈਂਪਬੈਲ ਨੇ ਕਿਹਾ ਕਿ ਈ.ਐਮ.ਐਸ.ਓ.ਯੂ. ਅਤੇ ਨਾਰਥਹੈਂਪਟਨਸ਼ਾਇਰ ਪੁਲਿਸ ਦੇ ਜਾਸੂਸ ਔਰਤ ਦੀ ਮੌਤ ਦੇ ਕਾਰਨਾਂ ਦਾ ਪਤਾ ਲਗਾਉਣ ਲਈ ਦਿਨ-ਰਾਤ ਕੰਮ ਕਰ ਰਹੇ ਹਨ।

# ਪੇਜ ਇੱਕ ਦੀ ਬਾਕੀ

## ਸੀਰੀਆ 'ਚ...

ਵੱਧ ਲੋਕ ਜ਼ਖਮੀ ਹੋਏ ਹਨ ਪਰ ਗੰਭੀਰ ਜ਼ਖਮੀ ਲੋਕਾਂ ਦੀ ਮੌਜੂਦਗੀ ਕਾਰਨ ਮਰਨ ਵਾਲਿਆਂ ਦੀ ਗਿਣਤੀ ਵਧਣ ਦਾ ਖਦਸ਼ਾ ਹੈ। ਇਨ੍ਹਾਂ ਵਿੱਚ 7 ਨਾਗਰਿਕ ਵੀ ਸ਼ਾਮਲ ਹਨ। ਸੀਰੀਆ ਦੇ ਰੱਖਿਆ ਮੰਤਰਾਲਾ ਨੇ ਇਕ ਬਿਆਨ ਵਿਚ ਕਿਹਾ ਕਿ ਇਜ਼ਰਾਈਲੀ ਦੁਸ਼ਮਣ ਨੇ ਬੁੱਧਵਾਰ ਦੁਪਹਿਰ ਕਰੀਬ 1:30 ਵਜੇ ਅਲ-ਤਨਫ ਖੇਤਰ ਦੀ ਦਿਸ਼ਾ ਤੋਂ ਹਵਾਈ ਹਮਲਾ ਕੀਤਾ ਅਤੇ ਸੀਰੀਆ ਦੇ ਮਾਰੂਥਲ ਵਿਚ ਪਲਮਾਇਰਾ ਸ਼ਹਿਰ ਵਿਚ ਕਈ ਇਮਾਰਤਾਂ ਨੂੰ ਨਿਸ਼ਾਨਾ ਬਣਾਇਆ ਗਿਆ।

## 85000 ਲੋਕਾਂ ਦੇ...

ਅਤੇ ਕੈਨੇਡਾ ਪੋਸਟ ਦਰਮਿਆਨ ਮੰਗਲਵਾਰ ਨੂੰ ਹੋਈ ਗੱਲਬਾਤ ਦੇ ਹਾਂਪੱਖੀ ਨਤੀਜੇ ਸਾਹਮਣੇ ਆਏ ਪਰ ਹੜਤਾਲ ਦੇ ਖ਼ਾਤਮੇ ਬਾਰੇ ਕੋਈ ਸਹਿਮਤੀ ਨਾ ਬਣ ਸਕੀ।

### ਡਾਕ ਮੁਲਾਜ਼ਮਾਂ ਦੀ ਹੜਤਾਲ ਖਤਮ ਹੋਣ ਤੱਕ ਪੁੱਜਣੇ ਸੰਭਵ ਨਹੀਂ

ਰੁਜ਼ਗਾਰ ਅਤੇ ਸਮਾਜਿਕ ਵਿਕਾਸ ਵਿਭਾਗ ਦੀ ਤਰਜਮਾਨ ਮਿਲਾ ਰਾਏ ਨੇ ਇਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਜੇ ਕਿਸੇ ਬਿਨੈਕਾਰ ਵੱਲੋਂ ਹੜਤਾਲ ਤੋਂ ਐਨ ਪਹਿਲਾਂ ਪਾਸਪੋਰਟ ਦੀ ਅਰਜ਼ੀ ਭੇਜੀ ਗਈ ਤਾਂ ਸੰਭਾਵਤ ਤੌਰ 'ਤੇ ਇਹ ਅਰਜ਼ੀ ਸਰਵਿਸ ਕੈਨੇਡਾ ਕੋਲ ਨਹੀਂ ਪੁੱਜੀ ਅਤੇ ਡਾਕ ਸੇਵਾਵਾਂ ਬਹਾਲ ਹੋਣ ਤੱਕ ਇਸ ਦੀ ਪ੍ਰੋਸੈਸਿੰਗ ਸੰਭਵ ਨਹੀਂ ਹੋ ਸਕੇਗੀ। ਸਰਵਿਸ ਕੈਨੇਡਾ ਦਾ ਕਹਿਣਾ ਹੈ ਕਿ ਜਿਹੜੇ ਲੋਕਾਂ ਨੂੰ ਤੁਰਤ ਪਾਸਪੋਰਟ ਦੀ ਜ਼ਰੂਰਤ ਹੈ, ਉਹ 1800 567 6868 'ਤੇ ਸੰਪਰਕ ਕਰ ਸਕਦੇ ਹਨ। ਇਥੇ ਦਸਣਾ ਬਣਦਾ ਹੈ ਕਿ ਕੈਨੇਡਾ ਪੋਸਟ ਵੱਲੋਂ 15 ਨਵੰਬਰ ਤੋਂ ਡਾਕ ਭੇਜਣ ਦਾ ਕੰਮ ਬੰਦ ਕਰ ਦਿਤਾ ਗਿਆ ਜਦੋਂ 55 ਹਜ਼ਾਰ ਮੁਲਾਜ਼ਮਾਂ ਨੇ ਹੜਤਾਲ 'ਤੇ ਜਾਣ ਦਾ ਐਲਾਨ ਕਰ ਦਿਤਾ। ਫਿਲਹਾਲ ਦੋਹਾਂ ਧਿਰਾਂ ਦਰਮਿਆਨ ਕੋਈ ਆਮ ਸਹਿਮਤੀ ਨਹੀਂ ਬਣ ਸਕੀ ਪਰ ਗੱਲਬਾਤ ਦੇ ਹਾਂਪੱਖੀ ਨਤੀਜੇ ਆਉਣ ਦੇ ਸੰਕੇਤ ਮਿਲੇ ਹਨ। ਮੁਲਾਜ਼ਮ ਯੂਨੀਅਨ ਆਉਂਦੇ ਚਾਰ ਸਾਲ ਦੌਰਾਨ ਤਨਖਾਹਾਂ ਵਿਚ 24 ਫੀ ਸਦੀ ਵਾਧੇ ਦੀ ਮੰਗ ਕਰ ਰਹੀ ਹੈ ਜਦਕਿ ਕੈਨੇਡਾ ਪੋਸਟ ਵੱਲੋਂ 11.5 ਫੀ ਸਦੀ ਵਾਧੇ ਦੀ ਪੇਸ਼ਕਸ਼ ਕੀਤੀ ਗਈ ਹੈ। ਇਸ ਤੋਂ ਇਲਾਵਾ ਰੁਜ਼ਗਾਰ ਸੁਰੱਖਿਆ, ਭੱਤਿਆਂ ਵਿਚ ਵਾਧਾ ਅਤੇ ਵੀਕਐਂਡ ਦੌਰਾਨ ਪਾਰਸਲ ਡਿਲੀਵਰੀ ਵਾਸਤੇ ਕੌਂਟਰੈਕਟ ਵਰਕ ਵਰਗੇ ਮਸਲਿਆਂ ਬਾਰੇ ਵੀ ਗੱਲਬਾਤ ਚੱਲ ਰਹੀ ਹੈ।

### ਪਾਸਪੋਰਟ ਦੀ ਤੁਰਤ ਜ਼ਰੂਰਤ ਦੇ ਮਾਮਲੇ ਵਿਚ 1800 567 6868 'ਤੇ ਸੰਪਰਕ ਕਰੋ

ਬੁਨਿਆਦੀ ਤੌਰ 'ਤੇ ਮੁਲਾਜ਼ਮ ਯੂਨੀਅਨ ਵੱਲੋਂ ਨਵੰਬਰ 2023 ਵਿਚ ਆਪਣੀਆਂ ਮੰਗਾਂ ਨੂੰ ਲੈ ਕੇ ਗੱਲਬਾਤ ਆਰੰਭੀ ਗਈ ਪਰ ਇਕ ਸਾਲ ਤੱਕ ਕੋਈ ਢੁਕਵਾਂ ਹੁੰਗਾਰਾ ਨਾ ਮਿਲਣ ਮਗਰੋਂ ਯੂਨੀਅਨ ਨੇ ਹੜਤਾਲ ਦਾ ਰਾਹ ਚੁਣਿਆ। ਕੈਨੇਡਾ ਪੋਸਟ ਦਾ ਕਹਿਣਾ ਹੈ ਕਿ ਮਹਿਕਮੇ ਦੀ ਵਿੱਤੀ ਹਾਲਤ ਪਹਿਲਾਂ ਹੀ ਨਿਘਾਰ ਵੱਲ ਜਾ ਰਹੀ ਹੈ ਅਤੇ ਅਜਿਹੇ ਵਿਚ ਯੂਨੀਅਨ ਦੀਆਂ ਮੰਗਾਂ ਵੱਡਾ ਬੋਝ ਪਾ ਦੇਣਗੀਆਂ। ਦੱਸਿਆ ਜਾ ਰਿਹਾ ਹੈ ਕਿ 2024 ਦੇ ਪਹਿਲੇ ਅੱਧ ਤੌਰਾਨ ਕੈਨੇਡਾ ਪੋਸਟ ਨੂੰ ਤਕਰੀਬਨ 500 ਮਿਲੀਅਨ ਡਾਲਰ ਦਾ ਨੁਕਸਾਨ ਹੋਇਆ ਅਤੇ 2018 ਤੋਂ ਹੁਣ ਤੱਕ 3 ਅਰਬ ਡਾਲਰ ਦਾ ਘਾਟਾ ਪੈ ਚੁੱਕਾ ਹੈ। ਦੱਸ ਦੇਈਏ ਕਿ ਫੈਡਰਲ ਸਰਕਾਰ ਵੱਲੋਂ ਫੈਡਰਲ ਮੀਡੀਏਸ਼ਨ ਐਂਡ ਕੰਸੀਲੀਏਸ਼ਨ ਸਰਵਿਸ ਦੇ ਡਾਇਰੈਕਟਰ ਜਨਰਲ ਪੀਟਰ ਸਿੰਪਸਨ ਨੂੰ ਵਾਰਤਾਕਾਰ ਨਿਯੁਕਤ ਕੀਤਾ ਗਿਆ ਹੈ। ਯੂਨੀਅਨ ਦਾ ਕਹਿਣਾ ਹੈ ਕਿ ਤਾਜ਼ਾ ਗੱਲਬਾਤ ਵਾਰਤਾਕਾਰ ਦੀ ਮੌਜੂਦਗੀ ਵਿਚ ਹੋਈ ਪਰ ਹਾਲੇ ਵੀ ਲੰਮਾ ਫਾਸਲਾ ਤੈਅ ਕੀਤਾ ਜਾਣਾ ਬਾਕੀ ਹੈ।

## ਕੈਨੇਡਾ: 38...

ਕੁਝ ਵਾਧੂ ਸ਼ਕਤੀਆਂ ਵੀ ਦੇ ਦਿੱਤੀਆਂ ਹਨ। ਸਰਕਾਰੀ ਵਿਭਾਗਾਂ ਦੇ ਸੂਤਰਾਂ ਅਨੁਸਾਰ ਏਜੰਸੀ ਕੋਲ 38,030 ਲੋਕਾਂ ਦੇ ਗ੍ਰਿਫਤਾਰੀ ਵਾਰੰਟ ਆ ਚੁੱਕੇ ਹਨ, ਜਿਨ੍ਹਾਂ ਨੂੰ ਅਗਲੇ ਦਿਨਾਂ 'ਚ ਉਨ੍ਹਾਂ ਦੇ ਪਿੱਤਰੀ ਦੇਸ਼ ਭੇਜਣ ਦੀ ਤਿਆਰੀ ਕੀਤੀ ਜਾ ਚੁੱਕੀ ਹੈ। ਇਨ੍ਹਾਂ 'ਚੋਂ ਬਹੁਤੇ ਉਹ ਹਨ, ਜੋ ਸੈਲਾਨੀ ਬਣ ਕੇ ਕੈਨੇਡਾ ਪੁੱਜੇ ਤੇ ਇਥੋਂ ਦੇ ਸਿਸਟਮ ਨਾਲ ਖਿਲਵਾੜ (ਅਣ-ਅਧਿਕਾਰਤ ਤੌਰ 'ਤੇ ਕੰਮ) ਕਰਦਿਆਂ ਫੜੇ ਗਏ। ਕੁਝ ਉਹ ਵੀ ਹਨ, ਜੋ ਵੀਜ਼ੇ ਜਾਂ ਵਰਕ ਪਰਮਿਟ ਦੀ ਮਿਆਦ ਖਤਮ ਹੋਣ ਤੋਂ ਬਾਅਦ ਇੱਥੇ ਹੀ ਟਿਕ ਗਏ। ਪਤਾ ਲੱਗਾ ਹੈ ਕਿ ਕੈਨੇਡਾ ਪਹੁੰਚੇ ਲੋਕਾਂ ਵੱਲੋਂ ਪੱਕੇ ਰਿਹਾਇਸ਼ੀ (ਪੀਆਰ) ਬਣਨ ਲਈ ਜਮ੍ਹਾਂ ਕਰਵਾਈਆਂ ਫਾਈਲਾਂ ਦੀ ਗਿਣਤੀ ਢਾਈ ਲੱਖ ਤੋਂ ਟੱਪ ਗਈ ਹੈ। ਇੰਨੀਆਂ ਫਾਈਲਾਂ ਦੇ ਨਿਬੇੜੇ ਲਈ ਆਮ ਤੌਰ 'ਤੇ 4-5 ਸਾਲ ਲੱਗਦੇ ਹਨ ਪਰ ਹੁਣ ਇਨ੍ਹਾਂ ਦਾ ਕੁਝ ਮਹੀਨਿਆਂ ਵਿੱਚ ਨਿਬੇੜਾ ਕਰਨ ਦੇ ਢੰਗ ਲੱਭੇ ਗਏ ਹਨ। ਆਵਾਸ ਮੰਤਰੀ ਦੇ ਨਿਰਦੇਸ਼ਾਂ ਹੇਠ ਵਿਭਾਗ ਵੱਲੋਂ ਫਾਈਲਾਂ ਦੇ ਇਸ ਢੇਰ ਦਾ ਵਰਗੀਕਰਨ ਕਰਕੇ, ਹਰ ਵਰਗ ਨੂੰ ਸਮੁੱਚੇ ਰੂਪ ਵਿੱਚ ਖਾਸ ਨੀਤੀਆਂ ਦੇ ਸਕੈਨਰ 'ਚੋਂ ਲੰਘਾ ਕੇ ਕੁਝ ਹਫਤਿਆਂ 'ਚ ਹਾਂ ਜਾਂ ਨਾਂ ਕਰਨ ਦੀ ਤਿਆਰੀ ਕਰ ਲਈ ਗਈ ਹੈ। ਬੇਸ਼ੱਕ ਕੱਚੇ ਲੋਕਾਂ ਦੀ ਐਨੀ ਵੱਡੀ ਗਿਣਤੀ ਨਾਲ ਸਿੱਝਣਾ ਸਰਕਾਰ ਲਈ ਸੌਖਾ ਕੰਮ ਨਹੀਂ। ਇਸੇ ਲਈ ਆਵਾਸ ਮੰਤਰੀ ਵੱਲੋਂ ਕੰਮ ਕਰਨ ਦੇ ਬੁਨਿਆਦੀ ਢਾਂਚੇ 'ਚ ਵੀ ਬਦਲਾਅ ਕੀਤੇ ਜਾ ਰਹੇ ਹਨ ਤਾਂ ਕਿ ਅਗਲੇ ਸਾਲ 'ਚ ਮੌਜੂਦਾ ਅਬਾਦੀ ਨੂੰ ਬਰੇਕ ਹੀ ਨਹੀਂ ਸਗੋਂ ਮੋੜਾ ਦੇ ਕੇ ਮਿੱਥੇ ਟੀਚੇ ਨੂੰ ਪ੍ਰਾਪਤ ਕੀਤਾ ਜਾ ਸਕੇ।

ਪਿਛਲੇ ਮਹੀਨਿਆਂ ਵਿੱਚ ਹੋਈਆਂ ਕੁਝ ਸੰਸਦੀ ਉਪ ਚੋਣਾਂ ਵਿੱਚ ਸੱਤਾਧਾਰੀ ਲਿਬਰਲ ਪਾਰਟੀ ਦੇ ਉਮੀਦਵਾਰਾਂ ਦੀ ਝੋਲੀ ਪਈਆਂ ਨਾਮੋਸ਼ੀਜਨਕ ਹਾਰਾਂ ਤੋਂ ਸਰਕਾਰ ਨੂੰ ਆਪਣਾ ਭਵਿੱਖ ਦਿਸਣ ਲੱਗਾ ਹੈ ਤੇ ਆਖਰੀ ਦਾਅ ਵਜੋਂ ਸਰਕਾਰ ਨੇ ਸਖ਼ਤ ਕਦਮ ਚੁੱਕਣ ਦੀ ਝਿਜਕ ਲਾਹ ਦਿੱਤੀ ਹੈ। ਸਰਕਾਰ ਕੋਲ ਪਹੁੰਚੇ ਅੰਕੜਿਆਂ ਅਨੁਸਾਰ ਦੇਸ਼ 'ਚ 12,62,801 ਲੋਕ ਗੈਰਕਨੂੰਨੀ ਢੰਗ ਨਾਲ ਰਹਿ ਰਹੇ ਹਨ, ਜਿਨ੍ਹਾਂ ਨੂੰ ਵਾਪਸ ਭੇਜਣ ਤੋਂ ਬਾਅਦ ਹੀ ਸਿਹਤ, ਰਿਹਾਇਸ਼ ਅਤੇ ਰੁਜ਼ਗਾਰ ਮੌਕਿਆਂ ਦੇ ਸੰਤੁਲਨ ਵਿੱਚ ਆਏ ਵਿਗਾੜ ਨੂੰ ਮੁੜ ਪੈਰਾਂ ਸਿਰ ਕੀਤਾ ਜਾ ਸਕਦਾ ਹੈ।

### ਟਰੂਡੋ ਨੇ ਇਮੀਗ੍ਰੇਸ਼ਨ ਨੀਤੀ ਵਿੱਚ ਖ਼ਾਮੀਆਂ ਮੰਨੀਆਂ

ਓਟਵਾ: ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਮੰਨਿਆ ਕਿ ਉਨ੍ਹਾਂ ਦੀ ਸਰਕਾਰ ਨੇ ਇਮੀਗ੍ਰੇਸ਼ਨ ਨੀਤੀ ਵਿੱਚ ਗਲਤੀਆਂ ਕੀਤੀਆਂ ਹਨ, ਜਿਸ ਕਾਰਨ 'ਫਰਜ਼ੀ ਕਾਲਜਾਂ' ਅਤੇ ਵੱਡੀਆਂ ਕਾਰਪੋਰੇਸ਼ਨਾਂ ਵੱਲੋਂ ਆਪਣੇ ਨਿੱਜੀ ਹਿੱਤਾਂ ਲਈ ਸਿਸਟਮ ਦਾ ਸ਼ੋਸ਼ਣ ਕੀਤਾ ਗਿਆ। ਟਰੂਡੋ ਦਾ ਇਹ ਬਿਆਨ ਕੈਨੇਡਾ 'ਚ 2025 ਵਿੱਚ ਹੋਣ ਵਾਲੀਆਂ ਆਮ ਚੋਣਾਂ ਤੋਂ ਪਹਿਲਾਂ ਲਿਬਰਲ ਪਾਰਟੀ ਦੀ ਲੋਕਪ੍ਰਿਅਤਾ 'ਚ ਆਈ ਕਮੀ ਦੌਰਾਨ ਆਇਆ ਹੈ। ਪ੍ਰਧਾਨ ਮੰਤਰੀ ਨੂੰ ਦੇਸ਼ ਵਿੱਚ ਰਿਹਾਇਸ਼ ਦੀ ਘਾਟ, ਮਹਿੰਗਾਈ ਅਤੇ ਸਿਹਤ ਤੇ ਆਵਾਜਾਈ ਪ੍ਰਣਾਲੀ 'ਚ ਆ ਰਹੇ ਵਿਗਾੜ ਕਾਰਨ ਆਪਣੀਆਂ ਨੀਤੀਆਂ ਲਈ ਲੋਕਾਂ ਦੀ ਆਲੋਚਨਾ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਟਰੂਡੋ ਨੇ ਆਪਣੇ ਯੂਟਿਊਬ ਚੈਨਲ 'ਤੇ ਸਾਂਝੀ ਕੀਤੀ ਵੀਡੀਓ ਵਿੱਚ ਕਿਹਾ, 'ਪਿਛਲੇ ਦੋ ਸਾਲਾਂ 'ਚ ਸਾਡੀ ਆਬਾਦੀ ਵਿੱਚ ਤੇਜ਼ੀ ਨਾਲ ਵਾਧਾ ਹੋਇਆ। ਫਰਜ਼ੀ ਕਾਲਜ ਅਤੇ ਵੱਡੀਆਂ ਚੇਨ ਕਾਰਪੋਰੇਸ਼ਨਾਂ ਆਪਣੇ ਹਿੱਤਾਂ ਲਈ ਸਾਡੀ ਇਮੀਗ੍ਰੇਸ਼ਨ ਪ੍ਰਣਾਲੀ ਦਾ ਸ਼ੋਸ਼ਣ ਕਰ ਰਹੀਆਂ ਹਨ। ਇਸ ਨਾਲ ਨਜਿੱਠਣ ਲਈ ਅਸੀਂ ਅਗਲੇ ਤਿੰਨ ਸਾਲ ਕੈਨੇਡਾ ਆਉਣ ਵਾਲੇ ਪ੍ਰਵਾਸੀਆਂ ਦੀ ਗਿਣਤੀ ਘਟਾ ਰਹੇ ਹਾਂ।' ਉਨ੍ਹਾਂ ਆਪਣੀ ਸਰਕਾਰ ਦੀ ਕਾਰਵਾਈ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ, 'ਅਸੀਂ ਕੁਝ ਗਲਤੀਆਂ ਕੀਤੀਆਂ, ਇਸੇ ਲਈ ਅਸੀਂ ਵੱਡਾ ਕਦਮ ਚੁੱਕ ਰਹੇ ਹਾਂ।'

### ਕੈਨੇਡਾ 'ਚ 42,700 ਭਾਰਤੀ ਵਿਦਿਆਰਥੀ

ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸ਼ਨ ਅਨੁਸਾਰ ਕੈਨੇਡਾ 'ਚ ਪੜ੍ਹਨ ਆਉਂਦੇ ਵਿਦਿਆਰਥੀਆਂ 'ਚ ਬਹੁਗਿਣਤੀ ਭਾਰਤੀ ਹਨ। ਅੰਦਾਜ਼ੇ ਅਨੁਸਾਰ 4,27,000 ਭਾਰਤੀ ਵਿਦਿਆਰਥੀ ਕੈਨੇਡਾ ਵਿੱਚ ਪੜ੍ਹ ਰਹੇ ਹਨ। ਟਰੂਡੋ ਨੇ ਕਿਹਾ ਕਿ ਸਾਲਾਂ ਤੋਂ ਕੈਨੇਡਾ ਦੀ ਇਮੀਗ੍ਰੇਸ਼ਨ ਪ੍ਰਣਾਲੀ ਸਿਰਫ ਸਥਾਈ ਇਮੀਗ੍ਰੇਸ਼ਨ 'ਤੇ ਕੇਂਦਰਿਤ ਰਹੀ ਹੈ। ਲੋਕ ਆਪੋ-ਆਪਣੇ ਪਰਿਵਾਰਾਂ ਨਾਲ ਕੈਨੇਡਾ ਵਸਣ ਲਈ ਆਉਂਦੇ ਹਨ ਅਤੇ ਸਰਕਾਰ ਇਹ ਫੈਸਲਾ ਕਰਦੀ ਹੈ ਕਿ ਉਹ ਹਰ ਸਾਲ ਕਿੰਨੇ ਸਥਾਈ ਵਸਨੀਕਾਂ ਨੂੰ ਦਾਖਲ ਕਰਨਾ ਚਾਹੁੰਦੀ ਹੈ। ਹਾਲਾਂਕਿ ਇਸ ਦੌਰਾਨ ਅਸਥਾਈ ਇਮੀਗ੍ਰੇਸ਼ਨ ਵਿਚਾਲੇ ਹੀ ਰਹਿ ਗਈ। ਉਨ੍ਹਾਂ ਕਿਹਾ ਕਿ ਕੈਨੇਡਾ ਦੀ ਨਵੀਂ ਇਮੀਗ੍ਰੇਸ਼ਨ ਯੋਜਨਾ ਅਨੁਸਾਰ ਉਹ ਸਥਾਈ ਅਤੇ ਅਸਥਾਈ ਦੋਵਾਂ ਤਰ੍ਹਾਂ ਦੇ ਪ੍ਰਵਾਸੀਆਂ ਦੀ ਗਿਣਤੀ ਘੱਟ ਕਰਨਾ ਚਾਹੁੰਦੇ ਹਨ।

## ਟਰੂਡੋ ਸਰਕਾਰ ਨੇ...

ਕੇ ਕਾਲਜ ਨਹੀਂ ਬਦਲ ਸਕੇਗਾ। ਜੇਕਰ ਉਹ ਕਾਲਜ ਬਦਲਦਾ ਹੈ ਤਾਂ ਉਸਨੂੰ ਦੁਬਾਰਾ ਸਟੱਡੀ ਵੀਜ਼ਾ ਲੈਣਾ ਪਵੇਗਾ। ਜੇਕਰ ਵੀਜ਼ਾ ਰਫਿਊਜ ਕਰ ਦਿੱਤਾ ਜਾਂਦਾ ਹੈ, ਤਾਂ ਵਿਦਿਆਰਥੀ ਨੂੰ ਤੀਹ ਦਿਨਾਂ ਦੇ ਅੰਦਰ ਕੈਨੇਡਾ ਛੱਡਣਾ ਪਵੇਗਾ। ਇਸ ਦੇ ਨਾਲ ਹੀ ਉਹ ਪੋਸਟ ਸਟੱਡੀ ਵੀਜ਼ਾ ਵਰਕ ਪਰਮਿਟ ਤੋਂ ਵੀ ਵਾਂਝਾ ਹੋ ਜਾਵੇਗਾ।

ਜੇਕਰ ਵਿਦਿਆਰਥੀ ਉਸ ਕਾਲਜ ਨੂੰ ਬਦਲਦਾ ਹੈ ਜਿਸ ਲਈ ਉਸ ਨੇ ਦਾਖਲਾ ਅਦਾ ਕੀਤਾ ਹੈ, ਤਾਂ ਉਸ ਨੂੰ ਫੀਸ ਵਾਪਸ ਨਹੀਂ ਕੀਤੀ ਜਾਵੇਗੀ। ਵਿਦਿਆਰਥੀਆਂ ਲਈ ਕੈਨੇਡਾ ਜਾਣਾ ਅਤੇ ਕਾਲਜ ਬਦਲਣਾ ਹੁਣ ਮਹਿੰਗਾ ਹੋ ਸਕਦਾ ਹੈ। ਹਰ ਸਾਲ 2.5 ਲੱਖ ਤੋਂ ਵੱਧ ਭਾਰਤੀ ਵਿਦਿਆਰਥੀ ਸਟੱਡੀ ਵੀਜ਼ੇ 'ਤੇ ਕੈਨੇਡਾ ਜਾਂਦੇ ਹਨ, ਜਿਨ੍ਹਾਂ 'ਚੋਂ ਪੰਜਾਬ ਦੇ ਵਿਦਿਆਰਥੀਆਂ ਦੀ ਗਿਣਤੀ 1.5 ਤੋਂ 2.25 ਲੱਖ ਹੈ।

## ਗੌਤਮ ਅਡਾਨੀ ਨੂੰ...

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਉਨ੍ਹਾਂ ਦੇ ਸੰਪਰਕ ਵਿੱਚ ਹਨ। ਰਾਹੁਲ ਗਾਂਧੀ ਨੇ ਕਿਹਾ, "ਇਹ ਬਿਲਕੁਲ ਸਪੱਸ਼ਟ ਹੋ ਗਿਆ ਹੈ ਕਿ ਅਡਾਨੀ ਨੇ ਅਮਰੀਕਾ ਅਤੇ ਭਾਰਤ ਦੋਵਾਂ ਵਿੱਚ ਕਾਨੂੰਨ ਤੋੜੇ। ਮੈਂ ਹੈਰਾਨ ਹਾਂ ਕਿ ਅਡਾਨੀ ਆਜ਼ਾਦ ਕਿਉਂ ਘੁੰਮ ਰਿਹਾ ਹੈ, ਜਦਕਿ ਕਈ ਮਾਮਲਿਆਂ ਵਿੱਚ ਮੁੱਖ ਮੰਤਰੀਆਂ ਨੂੰ ਵੀ ਗ੍ਰਿਫਤਾਰ ਕੀਤਾ ਗਿਆ ਹੈ।" ਉਨ੍ਹਾਂ ਦੋਸ਼ ਲਾਇਆ ਕਿ ਪ੍ਰਧਾਨ ਮੰਤਰੀ ਮੋਦੀ ਅਡਾਨੀ ਨੂੰ ਸੁਰੱਖਿਆ ਦੇ ਰਹੇ ਹਨ ਅਤੇ ਅਡਾਨੀ ਨਾਲ ਅਪਰਾਧ ਵਿੱਚ ਸ਼ਾਮਲ ਹਨ।

ਰਾਹੁਲ ਗਾਂਧੀ ਨੇ ਕਿਹਾ, "ਅਡਾਨੀ ਨੂੰ ਗ੍ਰਿਫ਼ਤਾਰ ਕੀਤਾ ਜਾਣਾ ਚਾਹੀਦਾ ਹੈ, ਜਾਂਚ ਕੀਤੀ ਜਾਣੀ ਚਾਹੀਦੀ ਹੈ ਅਤੇ ਪੁੱਛਗਿੱਛ ਕੀਤੀ ਜਾਣੀ ਚਾਹੀਦੀ ਹੈ। ਇਸ ਵਿੱਚ ਸ਼ਾਮਲ ਲੋਕਾਂ ਦੇ ਖਿਲਾਫ ਵੀ ਕਾਰਵਾਈ ਹੋਣੀ ਚਾਹੀਦੀ ਹੈ।" ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਨੇ ਇਹ ਵੀ ਦਾਅਵਾ ਕੀਤਾ ਕਿ ਮਾਮਲੇ ਦੀ ਜਾਂਚ ਤੋਂ ਬਾਅਦ ਪ੍ਰਧਾਨ ਮੰਤਰੀ ਦਾ ਨਾਮ ਆਖ਼ਰਕਾਰ ਸਾਹਮਣੇ ਆਵੇਗਾ। ਉਨ੍ਹਾਂ ਕਿਹਾ ਕਿ ਵਿਰੋਧੀ ਧਿਰ ਸੰਸਦ ਦੇ ਸਰਦ ਰੁੱਤ ਸੈਸ਼ਨ ਦੌਰਾਨ ਸਾਂਝੀ ਸੰਸਦੀ ਕਮੇਟੀ (ਜੇਪੀਸੀ) ਦੇ ਗਠਨ ਦੀ ਮੰਗ ਜਾਰੀ ਰੱਖੇਗੀ।

ਅਮਰੀਕੀ ਵਕੀਲਾਂ ਨੇ ਅਡਾਨੀ ਅਤੇ ਉਸ ਦੇ ਭਤੀਜੇ ਸਾਗਰ ਅਡਾਨੀ 'ਤੇ ਸੂਰਜੀ ਊਰਜਾ ਦੇ ਠੇਕੇ ਹਾਸਲ ਕਰਨ ਲਈ ਭਾਰਤ ਦੇ ਸਰਕਾਰੀ ਅਧਿਕਾਰੀਆਂ ਨੂੰ ਰਿਸ਼ਵਤ ਦੇਣ ਦਾ ਦੋਸ਼ ਲਗਾਇਆ ਹੈ। ਇਸ ਕਥਿਤ ਯੋਜਨਾ ਤਹਿਤ 2020 ਤੋਂ 2024 ਤੱਕ 25 ਕਰੋੜ ਡਾਲਰ (ਕਰੀਬ 2236 ਕਰੋੜ ਰੁਪਏ) ਦੀ ਰਿਸ਼ਵਤ ਦਿੱਤੀ ਗਈ। ਅਡਾਨੀ 'ਤੇ ਭਾਰਤੀ ਉਪ ਮਹਾਂਦੀਪ ਵਿਚ ਸੋਲਰ ਪ੍ਰੋਜੈਕਟਾਂ ਲਈ ਠੇਕੇ ਅਤੇ ਫੰਡ ਹਾਸਲ ਕਰਨ ਲਈ ਭਾਰੀ ਰਿਸ਼ਵਤ ਦੇਣ ਅਤੇ ਇਸ ਨੂੰ ਅਮਰੀਕੀ ਨਿਵੇਸ਼ਕਾਂ ਤੋਂ ਛੁਪਾਉਣ ਦਾ ਦੋਸ਼ ਹੈ। ਅਡਾਨੀ ਦੇ ਨਾਲ ਦੋਸ਼ ਲਗਾਏ ਗਏ ਹੋਰਨਾਂ ਵਿੱਚ ਅਡਾਨੀ ਗ੍ਰੀਨ ਐਨਰਜੀ ਦੇ ਕਾਰਜਕਾਰੀ ਨਿਰਦੇਸ਼ਕ ਉਸ ਦੇ ਭਤੀਜੇ ਸਾਗਰ ਅਡਾਨੀ ਅਤੇ ਕੰਪਨੀ ਦੇ ਮੁੱਖ ਕਾਰਜਕਾਰੀ ਅਧਿਕਾਰੀ ਵਿਨੀਤ ਜੈਨ ਸ਼ਾਮਲ ਹਨ।

## ਅਮਰੀਕਾ : ਅਡਾਨੀ...

ਉਪ-ਮਹਾਂਦੀਪ 'ਤੇ ਕੰਪਨੀ ਦੇ ਵਿਸ਼ਾਲ ਸੂਰਜੀ ਊਰਜਾ ਪ੍ਰੋਜੈਕਟ ਨੂੰ ਕਥਿਤ ਰਿਸ਼ਵਤਖੋਰੀ ਦੀ ਯੋਜਨਾ ਦੁਆਰਾ ਸਹੂਲਤ ਦਿੱਤੀ ਜਾ ਰਹੀ ਸੀ, ਅਡਾਨੀ 62 'ਤੇ ਬੁੱਧਵਾਰ ਨੂੰ ਪ੍ਰਤੀਭੂਤੀਆਂ ਦੀ ਧੋਖਾਧੜੀ ਅਤੇ ਵਾਇਰ ਧੋਖਾਧੜੀ ਕਰਨ ਦੀ ਸਾਜ਼ਿਸ਼ ਰਚਣ ਬਾਰੇ ਦੋਸ਼ ਲਗਾਇਆ ਗਿਆ ਸੀ। ਇਸ ਕੇਸ ਵਿੱਚ ਅਡਾਨੀ ਗ੍ਰੀਨ ਐਨਰਜੀ ਲਿਮਟਿਡ ਅਤੇ ਇੱਕ ਹੋਰ ਫਰਮ ਲਈ ਭਾਰਤ ਸਰਕਾਰ ਨੂੰ 12 ਗੀਗਾਵਾਟ ਸੂਰਜੀ ਊਰਜਾ ਵੇਚਣ ਦਾ ਇੱਕ ਮੁਨਾਫਾ ਪ੍ਰਬੰਧ ਸ਼ਾਮਲ ਹੈ - ਜੋ ਲੱਖਾਂ ਘਰਾਂ ਅਤੇ ਕਾਰੋਬਾਰਾਂ ਨੂੰ ਰੋਸ਼ਨੀ ਦੇਣ ਲਈ ਕਾਫੀ ਹੈ। ਅਡਾਨੀ ਅਤੇ ਉਨ੍ਹਾਂ ਦੇ ਸਹਿ ਕਰਮੀਆਂ 'ਤੇ ਵਾਲ ਸਟਰੀਟ ਦੇ ਨਿਵੇਸ਼ਕਾਂ ਲਈ ਇਸ ਨੂੰ ਉੱਤਮ ਅਤੇ ਉਪਰਲੇ ਬੋਰਡ ਵਜੋਂ ਪੇਸ਼ ਕਰਨ ਦਾ ਦੋਸ਼ ਲਗਾਉਂਦਾ ਹੈ, ਜਿਨ੍ਹਾਂ ਨੇ ਪਿਛਲੇ ਪੰਜ ਸਾਲਾਂ ਵਿੱਚ ਇਸ ਪ੍ਰੋਜੈਕਟ ਵਿੱਚ ਕਈ ਬਿਲੀਅਨ ਡਾਲਰ ਲਾਏ, ਜਦੋਂ ਕਿ ਭਾਰਤ ਵਿੱਚ ਉਹ ਸਰਕਾਰ ਨੂੰ ਲਗਭਗ 265 ਮਿਲੀਅਨ ਡਾਲਰ ਰਿਸ਼ਵਤ ਦੇ ਰਹੇ ਸਨ ਜਾਂ ਦੇਣ ਦੀ ਯੋਜਨਾ ਬਣਾ ਰਹੇ ਸਨ। ਡਿਪਟੀ ਅਸਿਸਟੈਂਟ ਅਟਾਰਨੀ ਜਨਰਲ ਲੀਜ਼ਾ ਮਿਲਰ ਨੇ ਕਿਹਾ ਕਿ ਅਡਾਨੀ ਅਤੇ ਉਸ ਦੇ ਸਹਿ-ਮੁਦਾਇਕਾਂ ਨੇ "ਅਮਰੀਕੀ ਨਿਵੇਸ਼ਕਾਂ ਦੇ ਖਰਚੇ 'ਤੇ ਭ੍ਰਿਸ਼ਟਾਚਾਰ ਅਤੇ ਧੋਖਾਧੜੀ ਦੇ ਜ਼ਰੀਏ ਵੱਡੇ ਰਾਜ ਊਰਜਾ ਸਪਲਾਈ ਦੇ ਠੇਕੇ ਪ੍ਰਾਪਤ ਕਰਨ ਅਤੇ ਵਿੱਤ ਕਰਨ ਦੀ ਕੋਸ਼ਿਸ਼ ਕੀਤੀ।" ਯੂਐਸ ਅਟਾਰਨੀ ਬ੍ਰਿਓਨ ਪੀਸ ਨੇ ਕਿਹਾ ਕਿ ਬਚਾਅ ਪੱਖ ਨੇ ਇੱਕ ਵਿਸਤ੍ਰਿਤ ਯੋਜਨਾ ਤਿਆਰ ਕੀਤੀ ਅਤੇ ਸਾਡੇ ਵਿੱਤੀ ਬਾਜ਼ਾਰਾਂ ਦੀ ਅਖੰਡਤਾ ਦੀ ਕੀਮਤ 'ਤੇ ਆਪਣੇ ਆਪ ਨੂੰ ਅਮੀਰ ਬਣਾਉਣ ਦੀ ਕੋਸ਼ਿਸ਼ ਕੀਤੀ। ਇੱਕ ਸਮਾਨਾਂਤਰ ਸਿਵਲ ਐਕਸ਼ਨ ਵਿੱਚ ਯੂਐਸ ਸਕਿਓਰਿਟੀਜ਼ ਐਂਡ ਐਕਸਚੇਂਜ ਕਮਿਸ਼ਨ ਨੇ ਅਡਾਨੀ ਅਤੇ ਦੋ ਸਹਿ-ਮੁਲਾਇਕਾਂ ਉੱਤੇ ਅਮਰੀਕੀ ਪ੍ਰਤੀਭੂਤੀਆਂ ਦੇ ਕਾਨੂੰਨਾਂ ਦੇ ਧੋਖਾਧੜੀ ਵਿਰੋਧੀ ਵਿਵਸਥਾਵਾਂ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ। ਜੋ ਰੈਗੂਲੇਟਰ ਮੁਦਰਾ ਜੁਰਮਾਨੇ ਅਤੇ ਹੋਰ ਪਾਬੰਦੀਆਂ ਦੀ ਮੰਗ ਕਰ ਰਿਹਾ ਹੈ। ਇਹ ਦੋਵੇਂ ਕੇਸ ਬਰੁਕਲਿਨ ਦੀ ਸੰਘੀ ਅਦਾਲਤ ਵਿੱਚ ਦਾਇਰ ਕੀਤੇ ਗਏ ਸਨ।

## ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ...

ਗਰੁੱਪ, ਤਮਿਲ ਟਾਈਗਰ ਤੇ ਖਾਲਿਸਤਾਨੀ ਸੋਚ ਵਾਲੇ ਲੋਕਾਂ ਨੂੰ ਪਨਾਹ ਦੇ ਕੇ ਪੁਸ਼ਤ ਪਨਾਹੀ ਕਰਨ ਦੀ ਗਲਤੀ ਦੇ ਨਤੀਜੇ ਹੁਣ ਸਾਰੇ ਦੇਸ਼ ਵਾਸੀਆਂ ਨੂੰ ਭੁਗਤਣੇ ਪੈ ਰਹੇ ਨੇ। ਇਸ ਮੌਕੇ ਉਨ੍ਹਾਂ ਨੂੰ ਸ਼ਾਂਤੀ ਪੁਰਸਕਾਰ ਨਾਲ ਵੀ ਸਨਮਾਨਿਆ ਗਿਆ।

## ਖ਼ੈਬਰ ਪਖ਼ਤੂਨਖਵਾ 'ਚ ਫਿਦਾਈਨ...

ਧਮਾਕੇ ਕਾਰਨ ਕੰਧ ਦਾ ਇਕ ਹਿੱਸਾ ਡਿੱਗ ਗਿਆ ਅਤੇ ਨਾਲ ਲਗਦੇ ਢਾਂਚੇ ਨੂੰ ਨੁਕਸਾਨ ਪਹੁੰਚਿਆ ਜਿਸ ਕਾਰਨ ਸੁਰੱਖਿਆ ਬਲਾਂ ਦੇ 10 ਅਤੇ ਫਰੰਟੀਅਰ ਕਾਂਸਟੇਬੁਲਰੀ ਦੇ ਦੋ ਜਵਾਨਾਂ ਸਮੇਤ 12 ਸੁਰੱਖਿਆ ਕਰਮੀਆਂ ਦੀ ਮੌਤ ਹੋ ਗਈ। ਜ਼ਖ਼ਮੀਆਂ ਨੂੰ ਸਥਾਨਕ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਇਲਾਕੇ 'ਚ ਕਰਫ਼ਿਊ ਲਗਾ ਕੇ ਦਹਿਸ਼ਤਗਰਦਾਂ ਦੀ ਭਾਲ ਕੀਤੀ ਜਾ ਰਹੀ ਹੈ। ਇਹ ਹਮਲਾ ਉਸ ਸਮੇਂ ਹੋਇਆ ਹੈ, ਜਦੋਂ ਇਕ ਦਿਨ ਪਹਿਲਾਂ ਸਰਕਾਰ ਨੇ ਬਲੂਚਿਸਤਾਨ 'ਚ ਦਹਿਸ਼ਤੀ ਜਥੇਬੰਦੀਆਂ ਖ਼ਿਲਾਫ਼ ਕਾਰਵਾਈ ਨੂੰ ਮਨਜ਼ੂਰੀ ਦਿੱਤੀ ਹੈ। ਅਖ਼ਬਾਰ 'ਦਿ ਐਕਸਪ੍ਰੈੱਸ ਟ੍ਰਿਬਿਊਨ' ਦੀ ਰਿਪੋਰਟ ਮੁਤਾਬਕ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਦੀ ਅਗਵਾਈ ਹੇਠ ਹੋਈ ਮੀਟਿੰਗ 'ਚ ਸੰਘੀ ਮੰਤਰੀਆਂ ਤੋਂ ਇਲਾਵਾ ਸੂਬਿਆਂ ਦੇ ਮੁੱਖ ਮੰਤਰੀ, ਥਲ ਸੈਨਾ ਮੁਖੀ ਜਨਰਲ ਸਈਅਦ ਆਸਿਮ ਮੁਨੀਰ ਅਤੇ ਹੋਰ ਸੀਨੀਅਰ ਅਧਿਕਾਰੀ ਹਾਜ਼ਰ ਸਨ।

REXDALE Financial Services
ਪੰਜਾਬੀਆਂ ਦਾ ਆਪਣਾ ਲੋਨ ਦਾ ਡੀਪੂ
Tired Of Paying High Interest?
PAY OFF YOUR DEBTS!!!
BANKS SAY NO? WE SAY YES !
YOU NEED A MORTGAGE ?
WE'LL ARRANGE IT FOR YOU
NO MATTER WHAT YOUR REASON IS !
Increase Your Cash Flow by Upto 50%
SELF-EMPLOYED OR UN-EMPLOYED
Some Conditions Apply
Dir: 416-677-0047
NO CREDIT
ANY CREDIT

Office: 416-674-7050
Fax: 416-674-9009
EMail:paulgahunia@hotmail.com
Jaspal Singh Gahunia
# M08006400
Lic # 10686
19 Woodbine Downs Blvd., Suite#201,
Etobicoke, ON. M9W 6N5
The Mortgage Centre

Best Bargain
Carpet & Flooring
Residential - Commercial - Industrial
Sale & Custom Installation done by Professionals
LAUZON
Distinctive Hardwood Flooring
PEERLESS
5 Year Installation Warranty on all Carpets & Flooring
ਵਾਜਬ ਕੀਮਤਾਂ ਅਤੇ ਵਧੀਆ ਸੇਵਾਵਾਂ
* Hardwood * Laminate * Vinyl * Wall to Wall Carpers * Hall Runners
* Oriental Rugs * Custom Made Area Rugs * All Kinds of Carpet Binding
FREE Shop at Home Service



WE WILL BEAT ALL THE BEST PRICES
Tel: 905-696-7877
Cell: 416-937-2856
1332 Khalsa Drive, Unit#21
Mississauga, ON L5S 0A2

Gurpreet Singh
Email:- best_bargain@hotmail.com

BEST TRUCK REPAIR & TIRE CENTER
ਅਸੀਂ ਸੇਫਟੀ, ਇਸਪੈਕਸ਼ਨ ਅਤੇ ਹਰ ਤਰ੍ਹਾਂ ਦੇ ਟਰੱਕਾਂ, ਟ੍ਰੇਲਰਜ਼ ਦੀ ਰਿਪੇਅਰ ਕਰਦੇ ਹਾਂ, ਅਤੇ ਅਸੀਂ ਹਰ ਬ੍ਰੈਂਡ ਦੇ ਨਵੇਂ ਅਤੇ ਪੁਰਾਣੇ ਟਾਇਰ ਵੀ ਵੇਚਦੇ ਹਾਂ
ਅਸੀਂ ਕਿਸੇ ਵੀ ਐਡਵਰਟਾਈਜ਼ ਕੀਤੀ ਕੀਮਤ ਨੂੰ ਬੀਟ ਕਰਦੇ ਹਾਂ

We specialize in Engine, Transmission, Differential Rebuilt & all kind of Electric work.
WINTER SPECIAL SALE
Brand new truck Alignment machine & you will get print out as well.
Winter ਲਈ ਆਪਣੇ ਟਰੱਕ ਨੂੰ ਤਿਆਰ ਕਰਵਾਓ,
ਹਰ ਕੰਮ ਬਹੁਤ ਵਾਜਬ ਕੀਮਤ 'ਤੇ ਕਰਵਾ ਸਕਦੇ ਹੋ
4 Rear Break & Drum
USA Mace
Special Rates
with Installation
CAT Batteries 1000c Under Warranty
$550
Installation Included
MICHELIN BFGoodrich DUNLOP GOODYEAR Hankook Xceed AEOLUS ROADLUX
Ph: 905-625-0055, 416-624-8351
1715 Sismet Road, Mississauga, ON. L4W 1P9
www.besttruckrepairandtire.ca
ਟਰੱਕਾਂ ਅਤੇ ਟ੍ਰੇਲਰਾਂ ਦੇ ਨਵੇਂ/ਪੁਰਾਣੇ ਟਾਇਰ
ਅਸੀਂ Chevron & Delo ਦਾ ਤੇਲ ਹੀ ਵਰਤਦੇ ਹਾਂ
Chevron Delo
open 7 Days a Week.

# ਕੈਨੇਡਾ 'ਚੋਂ ਢਾਈ ਹਜ਼ਾਰ ਕੱਚੇ ਰਿਹਾਇਸ਼ੀਆਂ ਨੂੰ ਛੇਤੀ ਹੀ ਡਿਪੋਰਟ ਕਰਨ ਦੀ ਤਿਆਰੀ!




ਵੈਨਕੂਵਰ : ਪਿਛਲੇ ਸਾਲਾਂ ਦੌਰਾਨ ਸਰਕਾਰ ਦੀਆਂ ਕਥਿਤ ਗਲਤ ਨੀਤੀਆਂ ਕਾਰਨ ਢਹਿ ਢੇਰੀ ਹੋਏ ਇਮੀਗਰੇਸ਼ਨ ਸਿਸਟਮ ਨੂੰ ਪੈਰਾਂ ਸਿਰ ਕਰਨ ਲਈ ਇਮੀਗਰੇਸ਼ਨ ਮੰਤਰੀ ਮਾਈਕ ਮਿਲਰ ਯਤਨਸ਼ੀਲ ਹਨ ਤੇ ਸਰਕਾਰ ਅਗਲੇ ਸਾਲ ਤੱਕ ਕਰੀਬ 12 ਲੱਖ ਕੱਚੇ ਲੋਕਾਂ ਨੂੰ ਦੇਸ਼ 'ਚੋਂ ਕੱਢਣ ਦਾ ਮਨ ਬਣਾਈ ਬੈਠੀ ਹੈ। ਇਸ ਕੰਮ 'ਚ ਤੇਜ਼ੀ ਲਿਆਉਣ ਲਈ ਬਾਰਡਰ ਸਰਵਿਸ ਏਜੰਸੀ (ਸੀਬੀਐਸਏ) ਦੇ ਅਮਲੇ ਦੀ ਨਫ਼ਰੀ 15 ਫ਼ੀਸਦ ਵਧਾਈ ਗਈ ਹੈ ਅਤੇ ਇਸ ਨੂੰ ਕੁਝ ਵਾਧੂ ਸ਼ਕਤੀਆਂ ਵੀ ਦਿੱਤੀਆਂ ਹਨ।

ਸਰਕਾਰੀ ਵਿਭਾਗਾਂ ਦੇ ਸੂਤਰਾਂ ਉੱਤੇ ਭਰੋਸਾ ਅਤੇ ਪ੍ਰਾਪਤ ਅੰਕੜਿਆਂ ਦਾ ਲੇਖਾ ਜੋਖਾ ਕਰਦਿਆਂ ਪਤਾ ਲੱਗਦਾ ਹੈ ਕਿ ਬਾਰਡਰ ਏਜੰਸੀ ਕੋਲ 38030 ਲੋਕਾਂ ਦੇ ਗ੍ਰਿਫਤਾਰੀ ਵਰੰਟ ਆ ਚੁੱਕੇ ਹਨ, ਜਿਨ੍ਹਾਂ ਨੂੰ ਅਗਲੇ ਦਿਨਾਂ 'ਚ ਉਨ੍ਹਾਂ ਦੇ ਪਿੱਤਰੀ ਦੇਸ਼ਾਂ ਨੂੰ ਜਾਣ ਵਾਲੇ ਜਹਾਜ਼ਾਂ 'ਚ ਬਿਠਾਉਣ ਦੀ ਤਿਆਰੀ ਕੀਤੀ ਜਾ ਚੁੱਕੀ ਹੈ। ਇਨ੍ਹਾਂ 'ਚੋਂ ਬਹੁਤੇ ਉਹ ਹਨ, ਜੋ ਸੈਲਾਨੀ ਬਣ ਕੇ ਕੈਨੇਡਾ ਪੁੱਜੇ ਤੇ ਇਥੋਂ ਦੇ ਸਿਸਟਮ ਨਾਲ ਖਿਲਵਾੜ (ਅਣ-ਅਧਿਕਾਰਤ ਤੌਰ 'ਤੇ ਕੰਮ) ਕਰਦਿਆਂ ਫੜੇ ਗਏ। ਕੁਝ ਉਹ ਹਨ, ਜੋ ਵੀਜ਼ੇ ਜਾਂ ਵਰਕ ਪਰਮਿਟ ਦੀ ਮਿਆਦ ਖਤਮ ਹੋਣ ਤੋਂ ਬਾਅਦ ਮੁਲਕ ਵਿਚ ਹੀ ਟਿਕ ਗਏ ਸਨ। ਪਤਾ ਲੱਗਾ ਹੈ ਕਿ ਕੈਨੇਡਾ ਪਹੁੰਚੇ ਲੋਕਾਂ ਵਲੋਂ ਪੱਕੇ ਰਿਹਾਇਸ਼ੀ (ਪੀਆਰ) ਬਣਨ ਲਈ ਇਮੀਗਰੇਸ਼ਨ ਸਲਾਹਕਾਰਾਂ ਵਲੋਂ ਸੁਝਾਏ ਵੱਖ ਵੱਖ ਦਾਅਵਿਆਂ ਹੇਠ ਜਮ੍ਹਾਂ ਕਰਾਈਆਂ ਫਾਈਲਾਂ ਦੀ ਗਿਣਤੀ ਢਾਈ ਲੱਖ ਤੋਂ ਟੱਪ ਗਈ ਹੈ। ਫਾਈਲਾਂ ਦੇ ਐਨੇ ਉੱਚੇ ਢੇਰ ਦੇ ਆਮ ਹਾਲਤਾਂ ਵਿੱਚ ਨਿਪਟਾਰੇ ਨੂੰ 4-5 ਸਾਲਾਂ ਦੀ ਥਾਂ ਕੁਝ ਮਹੀਨਿਆਂ ਵਿੱਚ ਪਾਸੇ ਲਾਉਣ ਦੇ ਢੰਗ ਲੱਭੇ ਗਏ ਹਨ। ਆਵਾਸ ਮੰਤਰੀ ਦੇ ਨਿਰਦੇਸ਼ਾਂ ਹੇਠ ਵਿਭਾਗ ਵਲੋਂ ਫਾਈਲਾਂ ਦੇ ਇਸ ਢੇਰ ਦਾ ਵਰਗੀਕਰਣ ਕਰ ਕੇ, ਹਰੇਕ ਵਰਗ ਨੂੰ ਸਮੁੱਚੇ ਰੂਪ ਵਿੱਚ ਖਾਸ ਨੀਤੀਆਂ ਦੇ ਸਕੈਨਰ 'ਚੋਂ ਲੰਘਾ ਕੇ ਕੁਝ ਹਫਤਿਆਂ 'ਚ 'ਯੈੱਸ' ਜਾਂ 'ਨੋ' ਕਰਨ ਦੀ ਤਿਆਰੀ ਕਰ ਲਈ ਗਈ ਹੈ। ਇਸ ਗੱਲ ਦੀ ਭਿਣਕ ਏਜੰਟਾਂ ਨੂੰ ਵੀ ਪੈ ਗਈ ਲੱਗਦੀ ਹੈ ਕਿਉਂਕਿ ਉਹ ਆਪਣੇ ਸਾਇਲਾਂ ਨੂੰ ਮਾਨਸਿਕ ਤੌਰ 'ਤੇ ਨਾਂਹ ਲਈ ਤਿਆਰ ਕਰਨ ਲੱਗ ਪਏ ਹਨ।

ਬੇਸ਼ੱਕ ਕੱਚੇ ਲੋਕਾਂ ਦੀ ਐਨੀਂ ਵੱਡੀ ਗਿਣਤੀ ਨਾਲ ਸਿੱਝਣਾ ਸਰਕਾਰ ਲਈ ਸੁਖਾਲਾ ਕੰਮ ਨਹੀਂ ਹੈ। ਇਸੇ ਲਈ ਆਵਾਸ ਮੰਤਰੀ ਵਲੋਂ ਕੰਮ ਕਰਨ ਦੇ ਬੁਨਿਆਦੀ ਢਾਂਚੇ ਵਿੱਚ ਵੀ ਬਦਲਾਅ ਕੀਤੇ ਜਾ ਰਹੇ ਹਨ ਤਾਂ ਕਿ ਅਗਲੇ ਸਾਲ 'ਚ ਮੌਜੂਦਾ ਅਬਾਦੀ ਨੂੰ ਬਰੇਕ ਹੀ ਨਹੀਂ, ਸਗੋਂ ਯਕੀਨੀ ਮੋੜਾ ਦੇ ਕੇ ਘਟਾਉਣ ਦੇ ਮਿੱਥੇ ਹੋਏ ਟੀਚੇ ਨੂੰ ਪ੍ਰਾਪਤ ਕਰ ਲਿਆ ਜਾਏ।

ਪਿਛਲੇ ਮਹੀਨਿਆਂ ਵਿੱਚ ਹੋਈਆਂ ਕੁਝ ਸੰਸਦੀ ਉਪ ਚੋਣਾਂ ਵਿੱਚ ਸਤਾਧਾਰੀ ਲਿਬਰਲ ਪਾਰਟੀ ਦੇ ਉਮੀਦਵਾਰਾਂ ਦੀ ਝੋਲੀ ਪਈਆਂ ਨਮੋਸ਼ੀਜਨਕ ਹਾਰਾਂ ਤੋਂ ਸਰਕਾਰ ਨੂੰ ਆਪਣਾ ਭਵਿੱਖ ਦਿਸਣ ਲੱਗਾ ਹੈ ਤੇ ਆਖਰੀ ਦਾਅ ਵਜੋਂ ਸਰਕਾਰ ਨੇ ਸਖਤ ਕਦਮ ਚੁੱਕਣ ਦੀ ਝਿਜਕ ਲਾਹ ਦਿੱਤੀ ਲੱਗਦੀ ਹੈ। ਸਰਕਾਰ ਕੋਲ ਇਹ ਅੰਕੜੇ ਪਹੁੰਚੇ ਹਨ ਕਿ ਦੇਸ਼ ਵਿੱਚ 12.62 ਲੱਖ ਲੋਕ ਗੈਰਕਨੂੰਨੀ ਢੰਗ ਨਾਲ ਰਹਿ ਰਹੇ ਹਨ, ਜਿਨ੍ਹਾਂ ਨੂੰ ਵਾਪਸ ਭੇਜਣ ਤੋਂ ਬਾਅਦ ਹੀ ਸਿਹਤ, ਰਿਹਾਇਸ਼ ਅਤੇ ਰੁਜ਼ਗਾਰ ਮੌਕਿਆਂ ਦੇ ਤਵਾਜ਼ਨ ਵਿੱਚ ਆਏ ਵਿਗਾੜ ਨੂੰ ਫਿਰ ਤੋਂ ਪੈਰਾਂ ਸਿਰ ਕੀਤਾ ਜਾ ਸਕਦਾ ਹੈ। ਅਬਾਦੀ ਅਤੇ ਸੇਵਾਵਾਂ ਦਾ ਸੰਤੁਲਨ ਠੀਕ ਕਰਨ ਦੀ ਸ਼ੁਰੂਆਤ ਤਾਂ ਸਰਕਾਰ ਨੇ ਵਿਦੇਸ਼ੀਆਂ ਦੇ ਵਰਕ ਪਰਮਿਟਾਂ ਦੇ ਨਵੀਨੀਕਰਨ ਉੱਤੇ ਸਖ਼ਤ ਪਬੰਦੀਆਂ ਨਾਲ ਪਿਛਲੇ ਸਾਲ ਤੋਂ ਹੀ ਕਰ ਦਿੱਤੀ ਸੀ। ਸੀਬੀਐਸਏ ਦੇ ਸੂਤਰਾਂ ਅਨੁਸਾਰ ਢਾਈ ਹਜ਼ਾਰ ਤੋਂ ਵੱਧ ਕੱਚੇ ਲੋਕਾਂ ਨੂੰ ਅਗਲੇ ਹਫਤੇ ਵਾਪਸ ਭੇਜਣ ਦੇ ਪ੍ਰਬੰਧ ਹੋ ਚੁੱਕੇ ਹਨ।

# ਦਿੱਲੀ ਵਿਧਾਨ ਸਭਾ ਚੋਣਾਂ ਲਈ AAP ਵੱਲੋਂ 11 ਉਮੀਦਵਾਰਾਂ ਦਾ ਐਲਾਨ


Aam Aadmi Party

Announcement

ਆਮ ਆਦਮੀ ਪਾਰਟੀ ਨੇ ਦਿੱਲੀ ਵਿਧਾਨ ਸਭਾ ਚੋਣਾਂ ਲਈ ਆਪਣੇ ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੀ ਹੈ। ਪਾਰਟੀ ਵੱਲੋਂ 11 ਉਮੀਦਵਾਰਾਂ ਦਾ ਐਲਾਨ ਕੀਤਾ ਗਿਆ ਹੈ ਜਿਨ੍ਹਾਂ ਵਿਚ 6 ਉਮੀਦਵਾਰ ਭਾਜਪਾ ਅਤੇ ਕਾਂਗਰਸ ਪਾਰਟੀ ਛੱਡ ਕੇ ਆਏ ਹਨ। ਪਹਿਲੀ ਸੂਚੀ ਵਿਚ ਅਲਾਨੇ ਗਏ ਉਮੀਦਵਾਰਾਂ ਵਿੱਚ ਬ੍ਰਹਮਾ ਸਿੰਘ ਤੰਵਰ ਨੂੰ ਹਲਕਾ ਛਤਰਪੁਰ, ਅਨਿਲ ਝਾਅ ਨੂੰ ਹਲਕਾ ਕਿਰਾੜੀ ਤੋਂ, ਦੀਪਕ ਸਿੰਗਲਾ ਵਿਸ਼ਵਾਸ ਨਗਰ ਅਤੇ ਸਰਿਤਾ ਸਿੰਘ ਰੋਹਤਾਸ ਨਗਰ ਤੋਂ ਚੋਣ ਲੜਨਗੇ। ਇਸਦੇ ਨਾਲ ਹੀ ਬੀਬੀ ਤਿਆਗੀ ਨੂੰ ਲਕਸ਼ਮੀ ਨਗਰ ਅਤੇ ਰਾਮ ਸਿੰਘ ਨੇਤਾਜੀ ਨੂੰ ਹਲਕਾ ਬਦਰਪੁਰ, ਜ਼ੁਬੈਰ ਚੌਧਰੀ ਨੂੰ ਹਲਕਾ ਸੀਲਮਪੁਰ ਅਤੇ ਹਲਕਾ ਸੀਮਾਪੁਰੀ ਤੋਂ ਵੀਰ ਸਿੰਘ ਧੀਂਗਾਨ, ਗੌਰਵ ਸ਼ਰਮਾ ਹਲਕਾ ਘੋਂਡਾ, ਕਰਾਵਲ ਨਗਰ ਤੋਂ ਮਨੋਜ ਤਿਆਗੀ ਅਤੇ ਸੋਮੇਸ਼ ਸ਼ੌਕੀਨ ਨੂੰ ਹਲਕਾ ਮਟਿਆਲਾ ਤੋਂ 'ਆਪ' ਦੇ ਉਮੀਦਵਾਰ ਬਣਾਇਆ ਗਿਆ ਹੈ।

# ਸਪੇਸ ਸਟੇਸ਼ਨ 'ਚ ਫਸੇ ਬੁੱਚ ਤੇ ਸੁਨੀਤਾ ਵਿਲੀਅਮਜ਼ ਦਾ ਖ਼ਤਮ ਹੋ ਰਿਹਾ ਭੋਜਨ!



ਵਾਸ਼ਿੰਗਟਨ : ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਦੀ ਕੁਝ ਸਮਾਂ ਪਹਿਲਾਂ ਇੱਕ ਤਸਵੀਰ ਸਾਹਮਣੇ ਆਈ ਸੀ, ਜਿਸ 'ਚ ਉਹ ਕਾਫੀ ਕਮਜ਼ੋਰ ਨਜ਼ਰ ਆ ਰਹੀ ਸੀ। ਡਾਕਟਰਾਂ ਨੇ ਵੀ ਉਨ੍ਹਾਂ ਦੀ ਸਿਹਤ ਨੂੰ ਲੈ ਕੇ ਚਿੰਤਾ ਜਤਾਈ ਸੀ। ਹਾਲਾਂਕਿ ਨਾਸਾ ਨੇ ਉਨ੍ਹਾਂ ਦੀ ਖਰਾਬ ਸਿਹਤ ਦੀਆਂ ਖਬਰਾਂ ਨੂੰ ਖਾਰਜ ਕਰ ਦਿੱਤਾ ਸੀ ਪਰ ਤਸਵੀਰਾਂ ਨੇ ਚਿੰਤਾ ਵਧਾ ਦਿੱਤੀ ਹੈ। ਦਰਅਸਲ, ਨਾਸਾ ਦੇ ਪੁਲਾੜ ਯਾਤਰੀ ਸੁਨੀਤਾ ਵਿਲੀਅਮਜ਼ ਅਤੇ ਬੁਚ ਵਿਲਮੋਰ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ 'ਤੇ ਫਸੇ ਹੋਏ ਹਨ।

ਨਿਊਯਾਰਕ ਪੋਸਟ ਨੇ ਦੱਸਿਆ ਕਿ ਨਾਸਾ ਦੇ ਪੁਲਾੜ ਯਾਤਰੀ ਸਪੇਸ ਸਟੇਸ਼ਨ 'ਤੇ ਪੀਜ਼ਾ, ਰੋਸਟ ਚਿਕਨ ਅਤੇ ਝੀਂਗਾ ਕਾਕਟੇਲ ਖਾ ਕੇ ਗੁਜ਼ਾਰਾ ਕਰ ਰਹੇ ਹਨ। ਹਾਲਾਂਕਿ, ਬੋਇੰਗ ਸਟਾਰਲਾਈਨਰ ਮਿਸ਼ਨ ਦੀ ਜਾਣਕਾਰੀ ਵਾਲੇ ਇੱਕ ਸਰੋਤ ਨੇ ਕਿਹਾ ਹੈ ਕਿ ਦੋਵਾਂ ਪੁਲਾੜ ਯਾਤਰੀਆਂ ਕੋਲ ਸੀਮਤ ਮਾਤਰਾ ਵਿਚ ਤਾਜ਼ਾ ਭੋਜਨ ਹੈ। ਜਾਣਕਾਰੀ ਮੁਤਾਬਕ ਉਨ੍ਹਾਂ ਕੋਲ ਖਾਣ ਲਈ ਕਈ ਤਰ੍ਹਾਂ ਦੇ ਪਕਵਾਨ ਹਨ। ਇਸ ਸੂਚੀ ਵਿਚ ਪਾਊਡਰ ਦੁੱਧ ਦੇ ਨਾਲ ਅਨਾਜ, ਪੀਜ਼ਾ, ਭੁੰਨਿਆ ਚਿਕਨ, ਝੀਂਗਾ ਕਾਕਟੇਲ ਅਤੇ ਟੂਨਾ ਸ਼ਾਮਲ ਹੈ। ਇਸ ਦੇ ਬਾਵਜੂਦ, ਡਾਕਟਰ ਇਸ ਗੱਲ ਨੂੰ ਲੈ ਕੇ ਚਿੰਤਤ ਹਨ ਕਿ ਪੁਲਾੜ ਯਾਤਰੀ ਨੂੰ ਲੋੜੀਂਦੀ ਕੈਲੋਰੀ ਮਿਲ ਰਹੀ ਹੈ ਜਾਂ ਨਹੀਂ। ਹਾਲਾਂਕਿ, ਨਾਸਾ ਦੁਆਰਾ ਜਾਰੀ ਕੀਤੀ ਗਈ ਤਸਵੀਰ ਵਿਚ, ਕੁਝ ਭੋਜਨ ਉਤਪਾਦਾਂ ਨੂੰ ਦਿਖਾਇਆ ਗਿਆ ਸੀ। ਦੋਵੇਂ ਪੁਲਾੜ ਯਾਤਰੀਆਂ ਨੂੰ 9 ਸਤੰਬਰ ਨੂੰ ਆਈ.ਐੱਸ.ਐੱਸ. 'ਤੇ ਖਾਣਾ ਖਾਂਦੇ ਦੇਖਿਆ ਗਿਆ ਸੀ।

ਮੰਨਿਆ ਜਾ ਰਿਹਾ ਹੈ ਕਿ ਨਾਸਾ ਫਸੇ ਹੋਏ ਪੁਲਾੜ ਯਾਤਰੀਆਂ 'ਤੇ ਤਿੱਖੀ ਨਜ਼ਰ ਰੱਖ ਰਿਹਾ ਹੈ। ਹੁਣ ਉਨ੍ਹਾਂ ਦੇ ਸਪੇਸਐਕਸ ਕਰੂ ਡਰੈਗਨ ਕੈਪਸੂਲ ਵਿਚ ਧਰਤੀ 'ਤੇ ਵਾਪਸ ਆਉਣ ਦੀ ਉਮੀਦ ਹੈ। ਉਨ੍ਹਾਂ ਨੂੰ ਸੁਰੱਖਿਅਤ ਵਾਪਸ ਲਿਆਉਣ ਲਈ ਐਲੋਨ ਮਸਕ ਦੇ ਡਰੈਗਨ ਕੈਪਸੂਲ ਦੀ ਵਰਤੋਂ ਕੀਤੀ ਜਾਵੇਗੀ। ਇਹ ਕੈਪਸੂਲ ਫਰਵਰੀ ਚਿ ਸਟਾਰਲਾਈਨਰ ਚਾਲਕ ਦਲ ਨੂੰ ਬਚਾਏਗਾ।

# ਅੰਮ੍ਰਿਤਸਰ 'ਚ NRI ਦੇ ਘਰ ਦੇ ਬਾਹਰ ਚੱਲੀਆਂ ਤਾਬੜਤੋੜ ਗੋਲੀਆਂ



ਅੰਮ੍ਰਿਤਸਰ ਦੇ ਏਅਰਪੋਰਟ ਰੋਡ 'ਤੇ ਜੁਝਾਰ ਐਵੀਨਿਊ 'ਚ ਅਣਪਛਾਤੇ ਨੌਜਵਾਨਾਂ ਨੇ ਇਕ ਐਨਆਰਆਈ ਪਰਿਵਾਰ ਦੇ ਘਰ ਦੇ ਬਾਹਰ ਫਾਇਰਿੰਗ ਕਰਕੇ ਇਲਾਕੇ 'ਚ ਦਹਿਸ਼ਤ ਫੈਲਾ ਦਿੱਤੀ ਹੈ। ਹਮਲਾਵਰਾਂ ਨੇ ਘਰ ਦੀ ਕੰਧ 'ਤੇ ਗੋਲੀਆਂ ਚਲਾ ਦਿੱਤੀਆਂ ਅਤੇ ਮੌਕੇ ਤੋਂ ਫ਼ਰਾਰ ਹੋ ਗਏ। ਘਟਨਾ ਤੋਂ ਬਾਅਦ ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਇਹ ਘਟਨਾ ਜੁਝਾਰ ਐਵੀਨਿਊ ਦੇ ਮਕਾਨ ਨੰਬਰ 26 ਦੇ ਬਾਹਰ ਵਾਪਰੀ। ਇਲਾਕਾ ਨਿਵਾਸੀਆਂ ਮੁਤਾਬਕ ਰਾਤ ਨੂੰ ਅਚਾਨਕ ਗੋਲੀਆਂ ਚੱਲਣ ਦੀ ਆਵਾਜ਼ ਸੁਣਾਈ ਦਿੱਤੀ। ਪਹਿਲਾਂ ਤਾਂ ਲੋਕਾਂ ਨੂੰ ਲੱਗਿਆ ਕਿ ਪਟਾਕੇ ਚਲਾਏ ਜਾ ਰਹੇ ਹਨ ਪਰ ਬਾਅਦ 'ਚ ਪਤਾ ਲੱਗਾ ਕਿ ਇਹ ਗੋਲੀਬਾਰੀ ਦੀ ਘਟਨਾ ਹੈ। ਹਮਲਾਵਰਾਂ ਨੇ ਕਰੀਬ 9 ਗੋਲੀਆਂ ਚਲਾਈਆਂ, ਜੋ ਘਰ ਦੀ ਕੰਧ ਨਾਲ ਲੱਗੀਆਂ। ਘਟਨਾ ਸਮੇਂ ਘਰ ਦੇ ਅੰਦਰ ਸਿਰਫ਼ ਇੱਕ ਬਜ਼ੁਰਗ ਔਰਤ ਹੀ ਮੌਜੂਦ ਸੀ। ਪੁਲਿਸ ਨੇ ਦੱਸਿਆ ਕਿ ਘਰ ਦੇ ਹੋਰ ਮੈਂਬਰ ਵਿਦੇਸ਼ ਵਿੱਚ ਰਹਿੰਦੇ ਹਨ। ਇਸ ਘਟਨਾ ਵਿੱਚ ਕਿਸੇ ਨੂੰ ਕੋਈ ਜਾਨੀ ਨੁਕਸਾਨ ਨਹੀਂ ਹੋਇਆ ਪਰ ਇਸ ਘਟਨਾ ਨਾਲ ਪੂਰੇ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ ਹੈ। ਮਾਮਲੇ ਦੀ ਸੂਚਨਾ ਸਵੇਰੇ ਪੁਲਿਸ ਨੂੰ ਦਿੱਤੀ ਗਈ।

ਘਟਨਾ ਦੀ ਸੂਚਨਾ ਮਿਲਣ 'ਤੇ ਥਾਣਾ ਛਾਉਣੀ ਦੀ ਐਸਐਚਓ ਅਮਨਦੀਪ ਕੌਰ ਨੇ ਦੱਸਿਆ ਕਿ ਘਟਨਾ ਦੀ ਸੂਚਨਾ ਮਿਲਦਿਆਂ ਹੀ ਪੁਲਿਸ ਟੀਮ ਮੌਕੇ 'ਤੇ ਪੁੱਜੀ। ਉਨ੍ਹਾਂ ਨੇ ਘਰ ਦਾ ਮੁਆਇਨਾ ਕੀਤਾ ਅਤੇ ਆਸ-ਪਾਸ ਦੇ ਲੋਕਾਂ ਤੋਂ ਪੁੱਛਗਿੱਛ ਕੀਤੀ। ਮੁੱਢਲੀ ਜਾਂਚ 'ਚ ਸਾਹਮਣੇ ਆਇਆ ਹੈ ਕਿ ਹਮਲਾਵਰਾਂ ਨੇ ਕੰਧ 'ਤੇ ਗੋਲੀਆਂ ਚਲਾਈਆਂ ਅਤੇ ਫਰਾਰ ਹੋ ਗਏ। ਇੰਸਪੈਕਟਰ ਅਮਨਦੀਪ ਕੌਰ ਨੇ ਦੱਸਿਆ ਕਿ ਹਮਲਾਵਰਾਂ ਦੇ ਇਰਾਦਿਆਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ। ਇਸ ਘਟਨਾ ਵਿਚ ਕੋਈ ਜਾਨੀ ਜਾਂ ਮਾਲੀ ਨੁਕਸਾਨ ਨਹੀਂ ਹੋਇਆ ਹੈ ਪਰ ਪੁਲਿਸ ਇਸ ਨੂੰ ਗੰਭੀਰਤਾ ਨਾਲ ਲੈ ਕੇ ਜਾਂਚ ਕਰ ਰਹੀ ਹੈ।

# ਅਮਰੀਕਾ ਵਰਲਡ ਪਾਵਰ ਲਿਫਟਿੰਗ ਚੈਂਪੀਅਨਸ਼ਿਪ 'ਚ ਭਾਰਤ ਦੇ ਅਮਨ ਟੋਨੀ ਨੇ ਜਿੱਤੇ 3 ਗੋਲਡ ਮੈਡਲ



ਲਾਸ ਵੇਗਸ : ਲਾਸ ਵੇਗਸ, ਅਮਰੀਕਾ ਵਿਖੇ ਦੁਨੀਆਂ ਦੀ ਨੰਬਰ ਇਕ ਵਰਲਡ ਪਾਵਰ ਲਿਫਟਿੰਗ ਚੈਂਪੀਅਨਸ਼ਿਪ ਹੋਈ, ਜਿਸ ਵਿਚ ਵੱਖ-ਵੱਖ ਦੇਸ਼ਾਂ ਤੋਂ ਖਿਡਾਰੀਆਂ ਨੇ ਹਿੱਸਾ ਲਿਆ। ਇੰਡੀਆ ਦੇ ਹਰਵਿੰਦਰ ਸਿੰਘ ਸਲੀਨਾ (ਏਸ਼ੀਆ ਪ੍ਰਧਾਨ ਆਈ.ਬੀ.ਐੱਫ.) ਅਤੇ ਪ੍ਰਧਾਨ ਸਟਰੌਂਗਮੈਨ ਨੇ ਦੱਸਿਆ ਕਿ ਉਹ ਚੈਂਪੀਅਨਸ਼ਿਪ ਵਿਚ ਆਪਣੀ ਟੀਮ ਲੈ ਕੇ ਪਹੁੰਚੇ ਸੀ। ਇੰਡੀਆ ਤੋਂ ਪੰਜਾਬ ਦੇ ਅਬੋਹਰ ਸ਼ਹਿਰ ਦੇ ਅਮਨ ਪ੍ਰਕਾਸ਼ ਟੋਨੀ ਨੇ 90 ਕਿਲੋ ਭਾਰ ਵਰਗ ਵਿਚ ਮਾਸਟਰ 'ਚ ਹਿੱਸਾ ਲਿਆ ਅਤੇ 3 ਗੋਲਡ ਮੈਡਲ ਲੈ ਕੇ ਅਮਰੀਕਾ ਵਿਚ ਇਤਿਹਾਸ ਸਿਰਜ ਦਿੱਤਾ ਅਤੇ 2025 ਓਲੰਪਿਕ ਵਿਚ ਕਵਾਲੀਫਾਈ ਕੀਤਾ। ਹਰਵਿੰਦਰ ਸਿੰਘ ਸਲੀਨਾ ਨੇ ਕਿਹਾ ਕਿ ਖੇਡਾਂ ਮਨੁੱਖ ਦਾ ਅੰਗ ਹਨ ਅਤੇ ਖੇਡਾਂ ਵਿਚ ਪੰਜਾਬੀਆਂ ਦੀ ਖਾਸ ਪਹਿਚਾਣ ਹੈ। ਪੰਜਾਬੀਆਂ ਨੇ ਖੇਡ ਜਗਤ ਵਿਚ ਵੱਡੇ ਮੁਕਾਮ ਹਾਸਲ ਕਰਕੇ ਦੁਨੀਆਂ ਭਰ ਵਿਚ ਆਪਣਾ ਨਾਮ ਚਮਕਾਇਆ ਹੈ ਅਤੇ ਹੁਣ ਵੀ ਪੰਜਾਬ ਦੇ ਨੌਜਵਾਨ ਵੱਡੀਆਂ ਪ੍ਰਾਪਤੀਆਂ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੇ ਨੌਜਵਾਨ ਵੱਲੋਂ ਅਮਰੀਕਾ ਵਿਚ ਹੋਈ ਵਿਸ਼ਵ ਚੈਂਪੀਅਨਸ਼ਿਪ ਵਿਚ 3 ਤਮਗੇ ਜਿੱਤਣਾ ਆਪਣੇ ਆਪ ਵਿਚ ਵੱਡੀ ਪ੍ਰਾਪਤੀ ਹੈ।

# ਭਾਖੜਾ ਅਤੇ ਪੌਂਗ ਡੈਮਾਂ 'ਚ ਪਾਣੀ ਦਾ ਪੱਧਰ ਘਟਿਆ, ਸੰਕਟ ਡੂੰਘਾ ਹੋਣ ਦਾ ਡਰ

## ਬਿਆਸ ਪ੍ਰਬੰਧਨ ਬੋਰਡ ਨੇ ਰਾਜਾਂ ਨੂੰ ਪਾਣੀ ਦੀ ਸੰਭਾਲ ਲਈ ਦਿੱਤੀ ਚੇਤਾਵਨੀ

ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐੱਮ.ਬੀ.) ਨੇ ਘੱਟ ਬਾਰਿਸ਼ ਅਤੇ ਬਰਫਬਾਰੀ ਕਾਰਨ ਡੈਮ 'ਚ ਪਾਣੀ ਦੀ ਕਮੀ 'ਤੇ ਚਿੰਤਾ ਜ਼ਾਹਰ ਕੀਤੀ ਹੈ। ਨਾਲ ਹੀ ਪੰਜਾਬ, ਹਰਿਆਣਾ, ਹਿਮਾਚਲ ਪ੍ਰਦੇਸ਼, ਦਿੱਲੀ ਅਤੇ ਰਾਜਸਥਾਨ ਵਰਗੇ ਮੈਂਬਰ ਰਾਜਾਂ ਨੂੰ ਪਾਣੀ ਦਾ ਪ੍ਰਬੰਧ ਕਰਨ ਦੀ ਅਪੀਲ ਕੀਤੀ ਗਈ ਹੈ। ਕਿਉਂਕਿ ਡੈਮ ਵਿੱਚ ਸਟੋਰੇਜ ਅਤੇ ਇਨਫਲੋ ਦੋਵੇਂ ਹੀ ਆਮ ਪੱਧਰ ਤੋਂ ਬਹੁਤ ਘੱਟ ਚੱਲ ਰਹੇ ਹਨ। ਪ੍ਰਾਪਤ ਅੰਕੜਿਆਂ ਅਨੁਸਾਰ ਭਾਖੜਾ ਅਤੇ ਪੌਂਗ ਡੈਮਾਂ ਵਿੱਚ ਪਾਣੀ ਦਾ ਪੱਧਰ ਚਿੰਤਾਜਨਕ ਤੌਰ 'ਤੇ ਡਿੱਗ ਗਿਆ ਹੈ। 20 ਨਵੰਬਰ ਨੂੰ ਭਾਖੜਾ ਡੈਮ ਦੇ ਪਾਣੀ ਦਾ ਪੱਧਰ 1,633 ਫੁੱਟ ਦਰਜ ਕੀਤਾ ਗਿਆ ਸੀ, ਜੋ ਪਿਛਲੇ ਸਾਲ ਨਾਲੋਂ 15 ਫੁੱਟ ਘੱਟ ਹੈ। ਵਰਤਮਾਨ ਵਿੱਚ ਭਾਖੜਾ ਡੈਮ ਆਪਣੀ ਕੁੱਲ ਸਮਰੱਥਾ ਦਾ ਸਿਰਫ਼ 63% ਹੀ ਸਟੋਰ ਕਰਨ ਦੇ ਸਮਰੱਥ ਹੈ।

ਪੌਂਗ ਡੈਮ ਵਿੱਚ ਪਾਣੀ ਦਾ ਪੱਧਰ 1,343 ਫੁੱਟ ਹੈ, ਜੋ ਪਿਛਲੇ ਸਾਲ ਨਾਲੋਂ 18 ਫੁੱਟ ਘੱਟ ਹੈ। ਪੌਂਗ ਜਲ ਭੰਡਾਰ ਦੀ ਹਾਲਤ ਵੀ ਮਾੜੀ ਹੈ, ਜਿਸ ਵਿੱਚ ਪਾਣੀ ਦਾ ਭੰਡਾਰਨ ਸਮਰੱਥਾ 50% ਘੱਟ ਹੈ, ਜੋ ਕਿ ਆਮ ਪੱਧਰ ਤੋਂ ਲਗਭਗ 15% ਘੱਟ ਹੈ। ਬੀਬੀਐਮਬੀ ਦੇ ਅਨੁਸਾਰ, ਪਾਣੀ ਦੀ ਆਮਦ ਵਿੱਚ ਕਮੀ ਦਾ ਮੁੱਖ ਕਾਰਨ ਇਸ ਸਾਲ ਮਾਨਸੂਨ ਦੀ ਬਾਰਸ਼ ਦੀ ਕਮੀ ਅਤੇ ਹਿਮਾਲਿਆ ਦੇ ਖੇਤਰਾਂ ਵਿੱਚ ਬਰਫ਼ਬਾਰੀ ਦੀ ਅਣਹੋਂਦ ਹੈ। ਪੱਛਮੀ ਹਿਮਾਲਿਆ ਵਿੱਚ ਹੁਣ ਤੱਕ ਕਾਫ਼ੀ ਬਰਫ਼ਬਾਰੀ ਨਹੀਂ ਹੋਈ ਹੈ। ਅਕਤੂਬਰ ਦੇ ਅੱਧ ਤੋਂ ਬਰਫਬਾਰੀ ਸ਼ੁਰੂ ਹੋਣ ਦੀ ਉਮੀਦ ਸੀ ਪਰ ਅਜੇ ਤੱਕ ਅਜਿਹਾ ਨਹੀਂ ਹੋਇਆ ਹੈ। ਇਸ ਸਮੇਂ ਖੇਤਰ ਵਿੱਚ ਬਰਫ਼ ਦੀ ਮਾਤਰਾ ਲਗਭਗ ਇੱਕ ਅਰਬ ਘਣ ਮੀਟਰ ਹੋਣ ਦਾ ਅਨੁਮਾਨ ਹੈ, ਜੋ ਕਿ ਆਮ ਨਾਲੋਂ 30% ਘੱਟ ਹੈ। ਇਸ ਤੋਂ ਇਲਾਵਾ, ਡੈਮ ਵਿਚ ਪਾਣੀ ਦੀ ਆਮਦ ਮੌਸਮੀ ਸਥਿਤੀਆਂ ਅਤੇ ਵਾਤਾਵਰਣ ਦੇ ਕਾਰਕਾਂ 'ਤੇ ਨਿਰਭਰ ਕਰਦੀ ਹੈ, ਜੋ ਇਸ ਸਾਲ ਅਨੁਕੂਲ ਨਹੀਂ ਰਹੇ ਹਨ। ਇਸ ਜਲ ਸੰਕਟ ਦਾ ਸਿੱਧਾ ਅਸਰ ਸਿੰਚਾਈ, ਘਰੇਲੂ ਜਲ ਸਪਲਾਈ ਅਤੇ ਬਿਜਲੀ ਉਤਪਾਦਨ 'ਤੇ ਪੈ ਸਕਦਾ ਹੈ। ਭਾਖੜਾ ਅਤੇ ਪੌਂਗ ਡੈਮਾਂ ਤੋਂ ਸਿੰਚਾਈ ਲਈ ਪਾਣੀ ਦੀ ਸੀਮਤ ਵਰਤੋਂ ਕਾਰਨ ਕਿਸਾਨਾਂ ਨੂੰ ਹਾੜੀ ਦੀਆਂ ਫ਼ਸਲਾਂ ਖਾਸ ਕਰਕੇ ਕਣਕ ਦੀ ਕਾਸ਼ਤ ਕਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਇਸ ਤੋਂ ਇਲਾਵਾ ਸ਼ਹਿਰੀ ਅਤੇ ਪੇਂਡੂ ਖੇਤਰਾਂ ਵਿੱਚ ਪੀਣ ਵਾਲੇ ਪਾਣੀ ਦੀ ਸਪਲਾਈ ਵੀ ਖਤਰੇ ਵਿੱਚ ਹੈ। ਇਸ ਤੋਂ ਇਲਾਵਾ ਡੈਮ ਤੋਂ ਪਣ-ਬਿਜਲੀ ਦੇ ਉਤਪਾਦਨ ਵਿੱਚ ਵੀ ਕਮੀ ਆਉਣ ਦੀ ਸੰਭਾਵਨਾ ਹੈ, ਜਿਸ ਨਾਲ ਊਰਜਾ ਸੰਕਟ ਪੈਦਾ ਹੋ ਸਕਦਾ ਹੈ।

# ਹਾਈਕੋਰਟ ਦੀ ਸਖ਼ਤੀ ਤੋਂ ਬਾਅਦ ਝੋਨੇ ਦੀ ਲਿਫਟਿੰਗ ਨੂੰ ਲੈ ਕੇ ਹਰਕਤ 'ਚ ਸੂਬਾ ਸਰਕਾਰ



ਪੰਜਾਬ ਦੀਆਂ ਅਨਾਜ ਮੰਡੀਆਂ ਵਿੱਚ ਝੋਨੇ ਦੀ ਲਿਫਟਿੰਗ ਨੂੰ ਲੈ ਕੇ ਪੰਜਾਬ ਅਤੇ ਹਰਿਆਣਾ ਹਾਈਕੋਰਟ ਦੀ ਸਖ਼ਤੀ ਤੋਂ ਬਾਅਦ ਸੂਬਾ ਸਰਕਾਰ ਵੀ ਹਰਕਤ ਵਿੱਚ ਆ ਗਈ ਹੈ। ਹੁਣ ਲਿਫਟਿੰਗ ਸਬੰਧੀ ਖੁਰਾਕ ਤੇ ਸਿਵਲ ਸਪਲਾਈ ਵਿਭਾਗ ਵੱਲੋਂ ਖਰੀਦ ਏਜੰਸੀਆਂ ਨੂੰ ਪੱਤਰ ਭੇਜ ਦਿੱਤਾ ਗਿਆ ਹੈ।

ਪੱਤਰ ਵਿੱਚ ਹਾਈ ਕੋਰਟ ਦੇ ਹੁਕਮਾਂ ਦਾ ਹਵਾਲਾ ਦਿੱਤਾ ਗਿਆ ਹੈ। ਨਾਲ ਹੀ ਏਜੰਸੀਆਂ ਨੂੰ ਸਪੱਸ਼ਟ ਤੌਰ 'ਤੇ ਕਿਹਾ ਗਿਆ ਹੈ ਕਿ 26 ਨਵੰਬਰ ਤੱਕ ਮੰਡੀਆਂ 'ਚੋਂ ਫਸਲ ਦੀ ਚੁਕਾਈ ਹਰ ਹਾਲਤ 'ਚ ਕੀਤੀ ਜਾਵੇ। ਫਸਲ ਦੀ ਖਰੀਦ ਦੇ 72 ਘੰਟਿਆਂ ਦੇ ਅੰਦਰ ਲਿਫਟਿੰਗ ਯਕੀਨੀ ਬਣਾਈ ਜਾਵੇ। ਤਾਂ ਜੋ ਕਿਸਾਨਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

ਸੂਬੇ ਦੀਆਂ ਮੰਡੀਆਂ ਵਿੱਚ ਹੁਣ ਤੱਕ 165.77 ਲੱਖ ਟਨ ਝੋਨਾ ਪੁੱਜ ਚੁੱਕਾ ਹੈ। ਇਸ ਵਿੱਚ 163.36 ਲੱਖ ਟਨ ਝੋਨੇ ਦੀ ਖਰੀਦ ਕੀਤੀ ਗਈ ਹੈ। ਜਦੋਂਕਿ ਖਰੀਦੀ ਗਈ ਫਸਲ ਵਿੱਚੋਂ 141.92 ਲੱਖ ਟਨ ਦੀ ਲਿਫਟਿੰਗ ਹੋ ਚੁੱਕੀ ਹੈ। ਕਰੀਬ 22 ਲੱਖ ਟਨ ਫਸਲ ਮੰਡੀਆਂ ਵਿੱਚੋਂ ਚੁੱਕਣੀ ਬਾਕੀ ਹੈ। ਉਂਜ ਵੀ ਖਰੀਦ ਏਜੰਸੀਆਂ ਮੰਡੀਆਂ ਵਿੱਚ ਕੰਮ ਕਰ ਰਹੀਆਂ ਹਨ।









# ਜ਼ਿਮਨੀ ਚੋਣਾਂ: ਪੰਜਾਬ 'ਚ ਚਾਰ ਸੀਟਾਂ 'ਤੇ 63 ਫ਼ੀਸਦ ਵੋਟਿੰਗ



ਪੋਲਿੰਗ ਦਰ ਦੇ ਰੁਝਾਨ 'ਤੇ ਇੱਕ ਝਾਤ (ਫ਼ੀਸਦੀ)

| ਹਲਕਾ | ਨਵੰਬਰ 2024 | 2022 | 2017 | 2012 |
|---|---|---|---|---|
| ਚੱਬੇਵਾਲ | 53.0 | 71.19 | 74.20 | 76.36 |
| ਗਿੱਦੜਬਾਹਾ | 81.0 | 84.93 | 88.79 | 88.73 |
| ਬਰਨਾਲਾ | 54.0 | 71.45 | 78.17 | 79.96 |
| ਡੇਰਾ ਬਾਬਾ ਨਾਨਕ | 63.0 | 73.70 | 78.29 | 81.59 |

ਚੰਡੀਗੜ੍ਹ : ਪੰਜਾਬ 'ਚ ਜ਼ਿਮਨੀ ਚੋਣਾਂ ਵਾਲੇ ਚਾਰ ਵਿਧਾਨ ਸਭਾ ਹਲਕਿਆਂ 'ਚ ਅੱਜ ਵੋਟਾਂ ਪੈਣ ਦਾ ਅਮਲ ਸ਼ਾਂਤੀ ਪੂਰਵਕ ਨੇਪਰੇ ਚੜ੍ਹ ਗਿਆ। ਸ਼ਾਮ ਦੇ ਛੇ ਵਜੇ ਤੱਕ ਚਾਰ ਸੀਟਾਂ 'ਤੇ 63 ਫ਼ੀਸਦੀ ਪੋਲਿੰਗ ਦਰਜ ਕੀਤੀ ਗਈ। ਗਿੱਦੜਬਾਹਾ ਹਲਕੇ ਵਿੱਚ ਸਭ ਤੋਂ ਵੱਧ 81 ਫ਼ੀਸਦੀ ਵੋਟਾਂ ਪਈਆਂ ਹਨ। ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਪਈਆਂ ਵੋਟਾਂ ਦੌਰਾਨ ਕੋਈ ਅਣਸੁਖਾਵੀਂ ਘਟਨਾ ਨਹੀਂ ਵਾਪਰੀ ਪਰ ਹਲਕਾ ਡੇਰਾ ਬਾਬਾ ਨਾਨਕ ਵਿਚ ਆਗੂਆਂ ਵਿਚਾਲੇ ਬਹਿਸਬਾਜ਼ੀ ਹੋਈ ਹੈ। ਵੋਟਾਂ ਦੀ ਗਿਣਤੀ 23 ਨਵੰਬਰ ਨੂੰ ਹੋਵੇਗੀ। ਵੋਟਾਂ ਦਾ ਅਮਲ ਮੁਕੰਮਲ ਹੋਣ ਨਾਲ 45 ਉਮੀਦਵਾਰਾਂ ਦੀ ਕਿਸਮਤ ਈਵੀਐੱਮਜ਼ 'ਚ ਬੰਦ ਹੋ ਗਈ ਹੈ। ਹਲਕਾ ਡੇਰਾ ਬਾਬਾ ਨਾਨਕ ਵਿਚ ਸ਼ਾਮ ਛੇ ਵਜੇ ਤੱਕ 63 ਫ਼ੀਸਦੀ, ਬਰਨਾਲਾ ਹਲਕੇ 'ਚ 54 ਅਤੇ ਚੱਬੇਵਾਲ ਹਲਕੇ ਵਿਚ 53 ਫ਼ੀਸਦੀ ਵੋਟਾਂ ਪਈਆਂ। ਚੋਣ ਕਮਿਸ਼ਨ ਨੇ ਸਮੁੱਚੇ ਅਮਲੇ ਦੀ ਭੂਮਿਕਾ ਦੀ ਸ਼ਲਾਘਾ ਕੀਤੀ ਹੈ। ਵੋਟਾਂ ਪੈਣ ਦਾ ਅਮਲ ਸਵੇਰ ਸੱਤ ਵਜੇ ਸ਼ੁਰੂ ਹੋਇਆ ਅਤੇ ਦੁਪਹਿਰ ਵਕਤ ਰਫ਼ਤਾਰ ਫੜ ਗਿਆ। ਹਲਕਾ ਗਿੱਦੜਬਾਹਾ ਤੋਂ 'ਆਪ' ਉਮੀਦਵਾਰ ਹਰਦੀਪ ਸਿੰਘ ਡਿੰਪੀ ਢਿੱਲੋਂ ਨੇ ਆਪਣੇ ਪਰਿਵਾਰ ਸਮੇਤ ਵੋਟ ਪਾਈ ਜਦਕਿ ਕਾਂਗਰਸੀ ਉਮੀਦਵਾਰ ਅੰਮ੍ਰਿਤਾ ਵੜਿੰਗ ਅਤੇ ਭਾਜਪਾ ਉਮੀਦਵਾਰ ਮਨਪ੍ਰੀਤ ਸਿੰਘ ਬਾਦਲ ਹਲਕੇ ਤੋਂ ਬਾਹਰ ਹੋਣ ਕਰਕੇ ਆਪਣੀ ਵੋਟ ਨਾ ਪਾ ਸਕੇ। ਹਲਕਾ ਬਰਨਾਲਾ ਤੋਂ 'ਆਪ' ਉਮੀਦਵਾਰ ਹਰਿੰਦਰ ਸਿੰਘ ਧਾਲੀਵਾਲ, ਕਾਂਗਰਸੀ ਉਮੀਦਵਾਰ ਕੁਲਦੀਪ ਢਿੱਲੋਂ, ਭਾਜਪਾ ਉਮੀਦਵਾਰ ਕੇਵਲ ਸਿੰਘ ਢਿੱਲੋਂ ਤੋਂ ਇਲਾਵਾ ਆਜ਼ਾਦ ਉਮੀਦਵਾਰ ਗੁਰਦੀਪ ਸਿੰਘ ਬਾਠ ਨੇ ਆਪਣੇ ਵੋਟ ਦੇ ਹੱਕ ਦਾ ਇਸਤੇਮਾਲ ਕੀਤਾ। ਹਲਕਾ ਡੇਰਾ ਬਾਬਾ ਨਾਨਕ ਅਤੇ ਚੱਬੇਵਾਲ ਤੋਂ ਉਮੀਦਵਾਰਾਂ ਨੇ ਵੀ ਸਵੇਰ ਵਕਤ ਹੀ ਵੋਟ ਦਾ ਭੁਗਤਾਨ ਕੀਤਾ। ਚਾਰੇ ਸੀਟਾਂ 'ਤੇ ਆਮ ਆਦਮੀ ਪਾਰਟੀ ਅਤੇ ਕਾਂਗਰਸ ਵਿਚਾਲੇ ਸਿੱਧੀ ਟੱਕਰ ਨਜ਼ਰ ਆ ਰਹੀ ਹੈ। 'ਆਪ' ਦੀ ਹਾਈਕਮਾਨ ਨੇ ਜਿੱਤ ਲਈ ਪੂਰਾ ਤਾਣ ਲਾਇਆ ਹੈ ਕਿਉਂਕਿ ਪੰਜਾਬ 'ਚ 'ਆਪ' ਦੇ ਜਿੱਤਣ ਦੀ ਸੂਰਤ 'ਚ ਪਾਰਟੀ ਇਸ ਦਾ ਲਾਹਾ ਦਿੱਲੀ ਚੋਣਾਂ ਵਿਚ ਲੈਣਾ ਚਾਹੁੰਦੀ ਹੈ। ਭਾਜਪਾ ਦੀ ਟੇਕ ਇਨ੍ਹਾਂ ਚੋਣਾਂ ਵਿੱਚ ਦਲਿਤ ਵੋਟ ਬੈਂਕ ਅਤੇ ਡੇਰਾ ਸਿਰਸਾ ਦੇ ਪੈਰੋਕਾਰਾਂ 'ਤੇ ਹੈ। ਗਿੱਦੜਬਾਹਾ ਹਲਕੇ ਨੇ ਐਤਕੀਂ ਪੋਸਟਰ ਲਾਉਣ ਵਿੱਚ ਵੀ ਝੰਡੀ ਲੈ ਲਈ ਹੈ। ਇਸ ਹਲਕੇ ਤੋਂ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਦਾ ਉਮੀਦਵਾਰ ਸੁਖਰਾਜ ਸਿੰਘ ਨਿਆਮੀਵਾਲਾ ਸੀ ਜੋ ਕਿ ਬਹਿਬਲ ਕਲਾਂ ਗੋਲੀ ਕਾਂਡ ਦੇ ਸ਼ਹੀਦ ਕ੍ਰਿਸ਼ਨ ਭਗਵਾਨ ਸਿੰਘ ਦਾ ਲੜਕਾ ਹੈ।

### ਅਕਾਲੀ ਵੋਟ ਬੈਂਕ ਦੀ ਅਹਿਮ ਭੂਮਿਕਾ

ਸ਼੍ਰੋਮਣੀ ਅਕਾਲੀ ਦਲ ਦਾ ਵੋਟ ਬੈਂਕ ਇਨ੍ਹਾਂ ਚੋਣਾਂ 'ਚ ਅਹਿਮ ਭੂਮਿਕਾ ਨਿਭਾਏਗਾ। ਅਕਾਲੀ ਦਲ ਨੇ ਭਾਵੇਂ ਇਨ੍ਹਾਂ ਚੋਣਾਂ ਤੋਂ ਕਿਨਾਰਾ ਕਰ ਲਿਆ ਹੈ ਪਰ ਉਸ ਦਾ ਕਾਡਰ ਦੂਜੇ ਉਮੀਦਵਾਰਾਂ ਦੇ ਪੱਖ ਵਿਚ ਭੁਗਤਿਆ ਹੈ। ਡੇਰਾ ਬਾਬਾ ਨਾਨਕ ਵਿੱਚ ਸਾਬਕਾ ਮੰਤਰੀ ਸੁੱਚਾ ਸਿੰਘ ਲੰਗਾਹ ਦੇ ਧੜੇ ਨੇ 'ਆਪ' ਦੀ ਮਦਦ ਦਾ ਐਲਾਨ ਕਰ ਦਿੱਤਾ ਸੀ, ਜਦਕਿ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਨੇ ਬਰਨਾਲਾ ਤੋਂ ਸਿਮਰਨਜੀਤ ਸਿੰਘ ਮਾਨ ਦੇ ਦੋਹਤੇ ਗੋਵਿੰਦ ਸਿੰਘ ਦੀ ਹਮਾਇਤ ਦਾ ਐਲਾਨ ਕੀਤਾ। ਗਿੱਦੜਬਾਹਾ ਤੋਂ ਅਕਾਲੀ ਨੇਤਾ ਰਘਬੀਰ ਪ੍ਰਧਾਨ ਨੇ 'ਆਪ' ਦੇ ਪੱਖ ਵਿਚ ਉੱਤਰਨ ਦਾ ਫ਼ੈਸਲਾ ਲਿਆ।

### ਪੋਲਿੰਗ ਦਰ 'ਚ ਗਿੱਦੜਬਾਹਾ ਦੀ ਝੰਡੀ ਕਾਇਮ

ਪੋਲਿੰਗ ਦਰ 'ਚ ਹਲਕਾ ਗਿੱਦੜਬਾਹਾ ਨੇ ਝੰਡੀ ਲੈ ਕੇ ਆਪਣੀ ਪੁਰਾਣੀ ਰਵਾਇਤ ਕਾਇਮ ਰੱਖੀ ਹੈ ਜਦਕਿ ਬਾਕੀ ਤਿੰਨ ਹਲਕਿਆਂ ਵਿਚ ਪਿਛਲੀਆਂ ਅਸੈਂਬਲੀ ਚੋਣਾਂ ਮੁਕਾਬਲੇ ਪੋਲਿੰਗ ਘਟੀ ਹੈ। ਗਿੱਦੜਬਾਹਾ 'ਚ ਪੋਲਿੰਗ 81 ਫ਼ੀਸਦ ਰਹੀ ਜਦਕਿ ਸਾਲ 2022 ਵਿਚ ਇਹ 84.93 ਫ਼ੀਸਦੀ, 2017 ਵਿਚ 88.79 ਫ਼ੀਸਦੀ ਸੀ। ਬਰਨਾਲਾ ਦੀ ਪੋਲਿੰਗ ਦਰ ਸਾਲ 2022 ਵਿੱਚ 71.45 ਫ਼ੀਸਦੀ ਤੇ ਸਾਲ 2017 ਵਿੱਚ 78.17 ਫ਼ੀਸਦੀ ਸੀ ਅਤੇ ਅੱਜ ਇਹ ਦਰ 54 ਫ਼ੀਸਦੀ ਰਹਿ ਗਈ ਹੈ। ਡੇਰਾ ਬਾਬਾ ਨਾਨਕ ਦੀ 63 ਫ਼ੀਸਦੀ ਪੋਲਿੰਗ ਦਰ ਰਹੀ ਜੋ ਕਿ ਸਾਲ 2022 ਵਿਚ 73.70 ਫ਼ੀਸਦੀ ਸੀ। ਚੱਬੇਵਾਲ ਦੀ ਸਾਲ 2022 ਵਿਚ ਪੋਲਿੰਗ ਦਰ 71.19 ਫ਼ੀਸਦੀ ਤੇ ਸਾਲ 2017 ਵਿਚ 74.20 ਫ਼ੀਸਦੀ ਰਹੀ ਹੈ ਅਤੇ ਅੱਜ ਇਹ ਦਰ 53 ਫ਼ੀਸਦੀ ਰਹਿ ਗਈ ਹੈ।

# ਸੰਗਤ ਪੰਥ ਦੋਖੀ ਤਾਕਤਾਂ ਤੋਂ ਸੁਚੇਤ ਰਹੇ: ਰਾਜੋਆਣਾ

## 'ਸੋਨੇ-ਚਾਂਦੀ ਨਾਲ ਤੋਲਣ ਦੇ ਐਲਾਨ ਕਰਨ ਵਾਲਿਆਂ ਨੇ ਹੀ ਰੋੜੇ-ਪੱਥਰ ਮਰਵਾਏ'



ਗੁਰੂਸਰ ਸੁਧਾਰ: ਪਿੰਡ ਰਾਜੋਆਣਾ ਕਲਾਂ ਦੇ ਗੁਰਦੁਆਰਾ ਮੰਜੀ ਸਾਹਿਬ ਵਿੱਚ ਆਪਣੇ ਭਰਾ ਕੁਲਵੰਤ ਸਿੰਘ ਦੀ ਅੰਤਿਮ ਅਰਦਾਸ ਮੌਕੇ ਸ਼ਰਧਾਂਜਲੀ ਭੇਟ ਕਰਦਿਆਂ ਭਾਈ ਬਲਵੰਤ ਸਿੰਘ ਰਾਜੋਆਣਾ ਨੇ ਸੰਗਤ ਨੂੰ ਪੰਥ ਦੋਖੀ ਤਾਕਤਾਂ ਤੋਂ ਸੁਚੇਤ ਕੀਤਾ। ਉਨ੍ਹਾਂ ਅਕਾਲ ਤਖ਼ਤ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਣੇ ਹੋਰ ਸਿੱਖ ਸੰਸਥਾਵਾਂ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ। ਭਾਈ ਰਾਜੋਆਣਾ ਨੇ ਕਿਹਾ ਕਿ ਅਜੋਕੇ ਸਮੇਂ ਵਿੱਚ ਸਿੱਖ ਪੰਥ ਨੂੰ ਕੁਝ ਅਦ੍ਰਿਸ਼ ਤਾਕਤਾਂ ਤੋਂ ਗੰਭੀਰ ਖ਼ਤਰਾ ਹੈ। ਉਨ੍ਹਾਂ ਸਿੱਖ ਸੰਗਤ ਅਤੇ ਪੰਥ ਨੂੰ ਇਕਜੁੱਟ ਹੋ ਕੇ ਇਸ ਦਾ ਮੁਕਾਬਲਾ ਕਰਨ ਦਾ ਸੱਦਾ ਦਿੱਤਾ। ਉਨ੍ਹਾਂ ਕਿਹਾ ਕਿ ਪੰਥ ਵੱਲੋਂ ਲੱਗੀ ਸੇਵਾ ਨਿਭਾਉਣ ਸਮੇਂ ਜਿਹੜੇ ਆਗੂਆਂ ਨੇ ਸੋਨੇ-ਚਾਂਦੀ ਨਾਲ ਤੋਲਣ ਦੇ ਐਲਾਨ ਕੀਤੇ ਸੀ, ਬਾਅਦ ਵਿੱਚ ਉਨ੍ਹਾਂ ਨੇ ਹੀ ਰੋੜੇ-ਪੱਥਰ ਵੀ ਮਰਵਾਏ ਸਨ। ਪੰਜਾਬ ਦੇ ਸਾਬਕਾ ਮੁੱਖ ਮੰਤਰੀ ਮਰਹੂਮ ਬੇਅੰਤ ਸਿੰਘ ਦੀ ਹੱਤਿਆ ਦੇ ਕੇਸ ਵਿੱਚ ਬਲਵੰਤ ਸਿੰਘ ਰਾਜੋਆਣਾ ਨੂੰ ਅਦਾਲਤ ਤੋਂ ਮੌਤ ਦੀ ਸਜ਼ਾ ਸੁਣਾਈ ਜਾ ਚੁੱਕੀ ਹੈ। ਉਨ੍ਹਾਂ ਨੂੰ ਆਪਣੇ ਭਰਾ ਕੁਲਵੰਤ ਸਿੰਘ ਦੀ ਅੰਤਿਮ ਅਰਦਾਸ ਵਿੱਚ ਸ਼ਾਮਲ ਹੋਣ ਲਈ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਸਿਰਫ਼ ਤਿੰਨ ਘੰਟੇ ਦੀ ਪੈਰੋਲ ਦਿੱਤੀ ਗਈ ਸੀ। ਤਿੰਨ ਦਹਾਕਿਆਂ ਤੋਂ ਜੇਲ੍ਹ ਵਿੱਚ ਬੰਦ ਬਲਵੰਤ ਸਿੰਘ ਰਾਜੋਆਣਾ ਨੇ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਯਤਨ ਸਦਕਾ ਉਨ੍ਹਾਂ ਦੀ ਇਹ ਪੈਰੋਲ ਸੰਭਵ ਹੋਈ। ਉਨ੍ਹਾਂ ਅਕਾਲੀ ਦਲ ਦੇ ਵੱਖ-ਵੱਖ ਧੜਿਆਂ ਨੂੰ ਸਿਰ ਜੋੜ ਕੇ ਪੰਥਕ ਮਸਲਿਆਂ ਦੇ ਹੱਲ ਲੱਭਣ ਦੀ ਅਪੀਲ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਸਿੱਖਾਂ ਅਤੇ ਪੰਥ ਨੂੰ ਗਿਣੀ-ਮਿੱਥੀ ਸਾਜ਼ਿਸ਼ ਤਹਿਤ ਨਿਸ਼ਾਨਾ ਬਣਾਇਆ ਗਿਆ ਸੀ ਅਤੇ ਇਹ ਹਮਲੇ ਅੱਜ ਵੀ ਜਾਰੀ ਹਨ। ਉਨ੍ਹਾਂ ਪਿਛਲੇ ਤਿੰਨ ਦਹਾਕਿਆਂ ਤੋਂ ਉਨ੍ਹਾਂ ਦੇ ਕੇਸ ਦੀ ਅਣਥੱਕ ਪੈਰਵੀ ਕਰਨ ਵਾਲੀ ਭੈਣ ਕਮਲਦੀਪ ਕੌਰ ਦੀ ਸਿਫ਼ਤ ਕਰਦਿਆਂ ਸ਼੍ਰੋਮਣੀ ਕਮੇਟੀ ਦਾ ਧੰਨਵਾਦ ਕੀਤਾ। ਇਸ ਮੌਕੇ ਗੁਰਦੁਆਰਾ ਮੰਜੀ ਸਾਹਿਬ ਦੇ ਬਾਹਰ ਲੁਧਿਆਣਾ (ਦਿਹਾਤੀ) ਜ਼ਿਲ੍ਹਾ ਪੁਲੀਸ ਨੇ ਸੀਨੀਅਰ ਪੁਲੀਸ ਅਧਿਕਾਰੀਆਂ ਦੀ ਨਿਗਰਾਨੀ ਹੇਠ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ।

## ਰਾਜੋਆਣਾ 29 ਸਾਲਾਂ 'ਚ ਪਹਿਲੀ ਵਾਰ ਅੱਠ ਘੰਟੇ ਜੇਲ੍ਹ 'ਚੋਂ ਬਾਹਰ ਰਹੇ

ਪਟਿਆਲਾ : ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੀ ਹੱਤਿਆ ਮਾਮਲੇ ਵਿੱਚ ਪਟਿਆਲਾ ਜੇਲ੍ਹ 'ਚ ਬੰਦ ਭਾਈ ਬਲਵੰਤ ਸਿੰਘ ਰਾਜੋਆਣਾ ਨੂੰ ਭਰਾ ਦੇ ਭੋਗ ਸਮਾਗਮ 'ਚ ਸ਼ਾਮਲ ਹੋਣ ਲਈ ਹਾਈ ਕੋਰਟ ਤੋਂ ਮਿਲੀ ਤਿੰਨ ਘੰਟਿਆਂ ਦੀ ਪੈਰੋਲ ਤਹਿਤ ਅੱਜ ਪੁਲੀਸ ਦੀ 20 ਮੈਂਬਰੀ ਟੀਮ ਉਨ੍ਹਾਂ ਨੂੰ ਸਵੇਰੇ 8.35 ਵਜੇ ਪਟਿਆਲਾ ਜੇਲ੍ਹ 'ਚੋਂ ਲੈ ਕੇ ਰਵਾਨਾ ਹੋਈ ਅਤੇ ਇਸੇ ਟੀਮ ਨੇ ਉਨ੍ਹਾਂ ਨੂੰ ਸ਼ਾਮ 4.25 ਵਜੇ ਵਾਪਸ ਜੇਲ੍ਹ 'ਚ ਛੱਡਿਆ। ਰਾਜੋਆਣਾ 29 ਸਾਲਾਂ 'ਚ ਪਹਿਲੀ ਵਾਰ ਅੱਠ ਘੰਟੇ ਜੇਲ੍ਹ 'ਚੋਂ ਬਾਹਰ ਰਹੇ ਹਨ। ਅਦਾਲਤ ਤੋਂ ਮਿਲੀ ਤਿੰਨ ਘੰਟਿਆਂ ਦੀ ਪੈਰੋਲ ਸਮਾਗਮ 'ਚ ਸ਼ਾਮਲ ਰਹਿਣ ਲਈ ਸੀ। ਉਨ੍ਹਾਂ ਨੂੰ ਲਿਜਾਣ ਅਤੇ ਵਾਪਸ ਲਿਆਉਣ 'ਤੇ ਲੱਗੇ ਪੰਜ ਘੰਟੇ ਇਸ 'ਚ ਸ਼ਾਮਲ ਨਹੀਂ ਸਨ।

## ਗਿਆਨੀ ਰਘਬੀਰ ਸਿੰਘ ਤੇ ਧਾਮੀ ਸਣੇ ਵੱਡੀ ਗਿਣਤੀ ਆਗੂਆਂ ਨੇ ਭਰੀ ਹਾਜ਼ਰੀ

ਸਮਾਗਮ ਦੌਰਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਅਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਭਾਈ ਬਲਵੰਤ ਸਿੰਘ ਨੂੰ ਸਿਰੋਪਾ ਅਤੇ ਕਿਰਪਾਨ ਭੇਟ ਕੀਤੀ। ਉਨ੍ਹਾਂ ਭਾਈ ਬਲਵੰਤ ਸਿੰਘ ਰਾਜੋਆਣਾ ਅਤੇ ਉਨ੍ਹਾਂ ਦੇ ਪਰਿਵਾਰ ਦੀਆਂ ਪੰਥ ਪ੍ਰਤੀ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਭਾਈ ਕੁਲਵੰਤ ਸਿੰਘ ਰਾਜੋਆਣਾ ਨੂੰ ਸ਼ਰਧਾਂਜਲੀ ਭੇਟ ਕੀਤੀ। ਅਕਾਲੀ ਦਲ ਦੇ ਸੀਨੀਅਰ ਆਗੂ ਬਿਕਰਮ ਸਿੰਘ ਮਜੀਠਾ, ਸ਼੍ਰੋਮਣੀ ਕਮੇਟੀ ਮੈਂਬਰ ਜਥੇਦਾਰ ਜਗਜੀਤ ਸਿੰਘ ਤਲਵੰਡੀ, ਭਾਈ ਗੁਰਚਰਨ ਸਿੰਘ ਗਰੇਵਾਲ ਸਣੇ ਹੋਰ ਬੁਲਾਰਿਆਂ ਨੇ ਵੀ ਭਾਈ ਰਾਜੋਆਣਾ ਦੀਆਂ ਪੰਥ ਪ੍ਰਤੀ ਸੇਵਾਵਾਂ ਦੀ ਸ਼ਲਾਘਾ ਕੀਤੀ। ਸ਼ਰਧਾਂਜਲੀ ਸਮਾਰੋਹ ਵਿੱਚ ਅਕਾਲੀ ਦਲ ਦੇ ਮੁੱਖ ਬੁਲਾਰੇ ਦਲਜੀਤ ਸਿੰਘ ਚੀਮਾ, ਅਕਾਲ ਤਖ਼ਤ ਦੇ ਸਾਬਕਾ ਜਥੇਦਾਰ ਭਾਈ ਜਸਵੀਰ ਸਿੰਘ ਰੋਡੇ, ਮਹੇਸ਼ਇੰਦਰ ਸਿੰਘ ਗਰੇਵਾਲ, ਬਿਕਰਮਜੀਤ ਸਿੰਘ ਖ਼ਾਲਸਾ, ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ, ਕਈ ਬੰਦੀ ਸਿੰਘਾਂ ਦੇ ਪਰਿਵਾਰਕ ਮੈਂਬਰ ਅਤੇ ਜੇਲ੍ਹ ਤੋਂ ਬਾਹਰ ਆ ਚੁੱਕੇ ਕਈ ਬੰਦੀ ਸਿੰਘ ਵੀ ਹਾਜ਼ਰ ਸਨ।

# ਅਨਿਲ ਜੋਸ਼ੀ ਵੱਲੋਂ ਅਕਾਲੀ ਦਲ ਦੇ ਸਾਰੇ ਅਹੁਦਿਆਂ ਤੋਂ ਅਸਤੀਫ਼ਾ



ਅੰਮ੍ਰਿਤਸਰ : ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ ਤੋਂ ਬਾਅਦ ਸਾਬਕਾ ਮੰਤਰੀ ਰਹੇ ਅਨਿਲ ਜੋਸ਼ੀ ਨੇ ਪਾਰਟੀ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਹੈ। ਉਨ੍ਹਾਂ ਆਪਣਾ ਅਸਤੀਫ਼ਾ ਸ਼੍ਰੋਮਣੀ ਅਕਾਲੀ ਦਲ ਦੇ ਕਾਰਜਕਾਰੀ ਪ੍ਰਧਾਨ ਬਲਵਿੰਦਰ ਸਿੰਘ ਭੂੰਦੜ ਨੂੰ ਭੇਜਿਆ ਹੈ। ਕੱਲ੍ਹ ਤਰਨ ਤਾਰਨ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਵਿਧਾਇਕ ਹਰਮੀਤ ਸਿੰਘ ਸੰਧੂ ਨੇ ਪਾਰਟੀ ਦੇ ਸਮੂਹ ਅਹੁਦਿਆਂ ਤੋਂ ਅਸਤੀਫ਼ਾ ਦੇ ਦਿੱਤਾ ਸੀ। ਸ੍ਰੀ ਜੋਸ਼ੀ ਨੇ ਆਪਣੇ ਅਸਤੀਫ਼ੇ 'ਚ ਲਿਖਿਆ ਕਿ ਉਹ ਮਹਿਸੂਸ ਕਰ ਰਹੇ ਹਨ ਕਿ ਪਾਰਟੀ, ਪੰਜਾਬ ਦੇ ਅਸਲ ਮੁੱਦਿਆਂ ਦੀ ਕੋਈ ਗੱਲ ਨਹੀਂ ਕਰ ਰਹੀ ਅਤੇ ਨਾ ਹੀ ਭਾਈਚਾਰਕ ਸਾਂਝ ਨੂੰ ਮਜ਼ਬੂਤ ਕਰਨ ਲਈ ਕੁਝ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇੰਝ ਲੱਗਦਾ ਹੈ ਕਿ ਜਿਵੇਂ ਅਕਾਲੀ ਦਲ ਸਿਰਫ਼ ਧਰਮ ਅਤੇ ਪੰਥਕ ਏਜੰਡੇ 'ਚ ਹੀ ਉਲਝ ਕੇ ਰਹਿ ਗਿਆ ਅਤੇ ਇਸ ਪੰਥਕ ਰਾਜਨੀਤੀ ਵਿੱਚ ਉਨ੍ਹਾਂ ਨੂੰ ਆਪਣੀ ਕੋਈ ਥਾਂ ਨਜ਼ਰ ਨਹੀਂ ਆ ਰਹੀ ਕਿਉਂਕਿ ਉਹ ਹਮੇਸ਼ਾ ਧਰਮ ਨਿਰਪੱਖਤਾ ਅਤੇ ਸਰਬਪੱਖੀ ਵਿਕਾਸ ਦੇ ਹਾਮੀ ਰਹੇ ਹਨ। ਸ੍ਰੀ ਜੋਸ਼ੀ ਨੇ ਜ਼ਿਕਰ ਕੀਤਾ ਕਿ ਉਹ ਪੰਜਾਬ ਦੇ ਲੋਕਾਂ, ਕਿਸਾਨਾਂ ਅਤੇ ਉਨ੍ਹਾਂ ਦੇ ਹੱਕਾਂ ਲਈ ਖੜ੍ਹੇ ਹੋਣ ਵਾਸਤੇ ਸ਼੍ਰੋਮਣੀ ਅਕਾਲੀ ਦਲ 'ਚ ਸ਼ਾਮਲ ਹੋਏ ਸਨ, ਜਿਸ ਕਾਰਨ ਉਨ੍ਹਾਂ ਨੂੰ ਭਾਜਪਾ ਨੇ ਛੇ ਸਾਲਾਂ ਲਈ ਪਾਰਟੀ 'ਚੋਂ ਕੱਢ ਦਿੱਤਾ ਸੀ। ਉਨ੍ਹਾਂ ਕਿਹਾ ਕਿ ਉਹ ਭਰੇ ਮਨ ਨਾਲ ਪਾਰਟੀ ਦੇ ਸਾਰੇ ਅਹੁਦਿਆਂ ਅਤੇ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਰਹੇ ਹਨ ਅਤੇ ਇਸ ਨੂੰ ਤੁਰੰਤ ਸਵੀਕਾਰ ਕੀਤਾ ਜਾਵੇ।

# ਨੌਜਵਾਨ ਨੇ 11ਵੀਂ ਵਾਰ ਗਿਨੀਜ਼ ਵਰਲਡ ਰਿਕਾਰਡ 'ਚ ਦਰਜ ਕਰਵਾਇਆ ਅਪਣਾ ਨਾਂ



ਮੋਗਾ : ਪੂਰੀ ਦੁਨੀਆ ਭਰ ਵਿਚ ਪੰਜਾਬੀ ਜਿੱਥੇ ਵੀ ਗਏ ਆਪਣੀਆਂ ਰਿਵਾਇਤੀ ਖੇਡਾਂ ਤੇ ਸ਼ੌਕ ਨਾਲ ਹੀ ਲੈ ਗਏ ਅਤੇ ਅਜਿਹੇ ਵਿਸ਼ਵ ਰਿਕਾਰਡ ਪੈਦਾ ਕੀਤੇ ਜਿਸਨੇ ਪੂਰੀ ਦੁਨੀਆ ਦਾ ਧਿਆਨ ਪੰਜਾਬ ਤੇ ਪੰਜਾਬੀਆ ਦੁਆਰਾ ਪੈਦਾ ਕੀਤੇ ਹੋਏ ਵਿਸ਼ਵ ਰਿਕਾਰਡਾਂ ਵੱਲ ਖਿੱਚਿਆ। ਆਓ ਅੱਜ ਗੱਲ ਕਰਦੇ ਹਾਂ ਅਜਿਹੇ ਹੀ 11 ਵੱਖ-ਵੱਖ ਵਿਸ਼ਵ ਰਿਕਾਰਡ ਬਣਾਉਣ ਵਾਲੇ ਸੰਦੀਪ ਸਿੰਘ ਕੈਲਾ ਦੀ ਜੋ ਕਿ ਵਿਧਾਨ ਸਭਾ ਹਲਕਾ ਧਰਮਕੋਟ ਦੇ ਪਿੰਡ ਕੈਲਾ ਦਾ ਨਿਵਾਸੀ ਹੈ। ਸੰਦੀਪ ਨੇ ਪਿੰਡ ਬੱਡੂਵਾਲ (ਮੋਗਾ) ਤੋਂ ਲੈ ਕੇ ਕੈਨੇਡਾ ਦੀ ਧਰਤੀ ਤੱਕ 11 ਵਿਸ਼ਵ ਰਿਕਾਰਡ ਬਣਾਏ ਹਨ। ਸੰਦੀਪ ਨੇ 11ਵਾਂ ਗਿਨੀਜ਼ ਵਰਲਡ ਰਿਕਾਰਡ 4 ਜੁਲਾਈ 2024 ਨੂੰ ਕੈਨੇਡਾ ਦੇ ਐਬਟਸਫੋਰਡ ਬੀਸੀ ਵਿਚ ਅਮਰੀਕਾ ਦੇ ਆਜ਼ਾਦੀ ਦਿਵਸ ਦੇ ਮੌਕੇ ਬਣਾਇਆ ਤੇ 3 ਮਹੀਨੇ ਦੇ ਪ੍ਰੋਸੈਸਿੰਗ ਸਮੇਂ ਤੋਂ ਬਾਅਦ 18 ਨਵੰਬਰ 2024 ਨੂੰ ਉਸਦਾ ਇਹ ਰਿਕਾਰਡ ਗਿਨੀਜ਼ ਬੁੱਕ ਵਿਚ ਦਰਜ ਹੋ ਗਿਆ।

# ਸਰੀ ਪੁਲੀਸ ਨੇ ਨਸ਼ਿਆਂ ਦੀ ਰਿਕਾਰਡ ਖੇਪ, ਮਾਰੂ ਅਸਲਾ ਤੇ ਵਾਹਨਾਂ ਸਮੇਤ ਤਿੰਨ ਫੜੇ



ਵੈਨਕੂਵਰ : ਸਰੀ 'ਚ ਤਾਇਨਾਤ ਪੁਲੀਸ ਨੇ ਕਈ ਮਹੀਨਿਆਂ ਦੀ ਜਾਂਚ ਤੋਂ ਬਾਅਦ ਨਸ਼ਿਆਂ ਦੀ ਰਿਕਾਰਡ ਖੇਪ, ਮਾਰੂ ਅਸਲਾ ਤੇ ਚੋਰੀ ਦੇ ਤਿੰਨ ਵਾਹਨਾਂ ਸਮੇਤ ਤਿੰਨ ਮੁਲਜ਼ਮਾਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲੀਸ ਅਨੁਸਾਰ ਐਨੀ ਵੱਡੀ ਮਾਤਰਾ ਵਿੱਚ ਨਸ਼ਾ ਫੜਿਆ ਜਾਣਾ ਹੁਣ ਤੱਕ ਦਾ ਰਿਕਾਰਡ ਹੈ। ਪੁਲੀਸ ਦੀ ਤਰਜਮਾਨ ਸਰਬਜੀਤ ਸੰਘਾ ਨੇ ਫੜੇ ਗਏ ਸਾਮਾਨ ਬਾਰੇ ਦੱਸਿਆ ਕਿ ਨਸ਼ੇ ਵਜੋਂ 36 ਕਿਲੋ ਫੈਂਟਾਨਿਲ, 23 ਕਿਲੋ ਐਮਡੀਐਮਏ, 23 ਕਿਲੋ ਮੈਥਾਫੈਟਮਾਈਨ, 24 ਕਿਲੋ ਕੋਕੀਨ, 16 ਕਿਲੋ ਬੈਂਜੋਡਾਇਪਾਈਨ, 1900 ਰਸਾਇਣ ਗੋਲੀਆਂ ਸਮੇਤ 11 ਕਿਲੋ ਹੋਰ ਤੇਜ਼ ਰਸਾਇਣ ਸ਼ਾਮਲ ਹਨ, ਜਿਨ੍ਹਾਂ ਤੋਂ ਕਈ ਗੁਣਾ ਹੋਰ ਨਸ਼ਾ ਬਣਾਇਆ ਜਾਣਾ ਸੀ। ਤਿੰਨਾਂ ਤੋਂ 1 ਲੱਖ 19 ਹਜ਼ਾਰ ਡਾਲਰ ਨਕਦੀ, ਕਈ ਕਾਰਤੂਸਾਂ ਸਮੇਤ 6 ਮਾਰੂ ਹਥਿਆਰ ਅਤੇ ਚੋਰੀ ਦੀਆਂ ਤਿੰਨ ਕਾਰਾਂ ਵੀ ਮਿਲੀਆਂ ਹਨ। ਬੀਬੀ ਸੰਘਾ ਨੇ ਕਿਹਾ ਕਿ ਫੜੇ ਗਏ ਸਾਮਾਨ ਦੀ ਬਾਜ਼ਾਰੀ ਕੀਮਤ ਸਾਢੇ 6 ਕਰੋੜ ਡਾਲਰ (ਕਰੀਬ 400 ਕਰੋੜ ਰੁਪਏ) ਬਣਦੀ ਹੈ। ਪੁਲੀਸ ਤਰਜਮਾਨ ਨੇ ਦੱਸਿਆ ਕਿ ਪੁਲੀਸ ਟੀਮ ਨੇ ਕਈ ਮਹੀਨਿਆਂ ਤੋਂ ਇਨ੍ਹਾਂ ਨਸ਼ਾ ਤਸਕਰਾਂ ਦੀਆਂ ਗਤੀਵਿਧੀਆਂ ਉੱਤੇ ਨਜ਼ਰ ਰੱਖੀ ਹੋਈ ਸੀ ਤੇ ਸਾਰੇ ਸਬੂਤ ਇਕੱਤਰ ਕਰ ਕੇ ਸਾਮਾਨ ਦੀ ਰਿਕਾਰਡ ਖੇਪ ਸਮੇਤ ਫੜਿਆ ਗਿਆ। ਪੁਲੀਸ ਨੇ ਫੜੇ ਤਿੰਨਾਂ ਲੋਕਾਂ ਦੀ ਪਛਾਣ ਤਾਂ ਜਾਰੀ ਨਹੀਂ ਕੀਤੀ, ਪਰ ਇਹ ਦੱਸਿਆ ਕਿ ਤਿੰਨੇ 24 ਤੋਂ 47 ਸਾਲ ਉਮਰ ਵਾਲੇ ਹਨ। ਉਸ ਨੇ ਕਿਹਾ ਕਿ ਕੇਂਦਰੀ ਪੁਲੀਸ ਵਲੋਂ ਦੇਸ਼ ਭਰ ਵਿੱਚ ਇੱਕੋ ਵੇਲੇ ਫੜੇ ਗਏ ਨਸ਼ਿਆਂ ਦੀ ਇਹ ਸਭ ਤੋਂ ਵੱਡੀ ਖੇਪ ਹੈ, ਜਦ ਕਿ ਅਸਲੇ, ਨਕਦੀ ਅਤੇ ਕਾਰਾਂ ਦੀ ਕੀਮਤ ਇਸ ਤੋਂ ਵੱਖਰੀ ਹੈ। ਉਸ ਨੇ ਦਾਅਵਾ ਕੀਤਾ ਕਿ ਨਸ਼ਿਆਂ ਦੀ ਖੇਪ ਫੜ ਕੇ ਇਸ ਨੂੰ ਲੱਖਾਂ ਨਸ਼ੇੜੀਆਂ ਤੱਕ ਪੁੱਜਣ ਤੋਂ ਰੋਕ ਲਿਆ ਗਿਆ ਹੈ ਤੇ ਇਸ ਦੀ ਓਵਰਡੋਜ਼ ਕਾਰਨ ਮਰਨ ਵਾਲੇ ਸੈਂਕੜੇ ਲੋਕਾਂ ਦੀ ਜਾਨ ਬਚਾ ਲਈ ਗਈ ਹੈ। ਬੀਬੀ ਸੰਘਾ ਨੇ ਮੰਨਿਆ ਕਿ ਇਸ ਗਰੋਹ ਦਾ ਪਿਛਲੇ ਮਹੀਨੇ ਫੜੀ ਗਈ ਨਸ਼ਾ ਲੈਬ ਨਾਲ ਕਿਸੇ ਤਰ੍ਹਾਂ ਦਾ ਸਬੰਧ ਹੋਣ ਦੇ ਸਬੂਤ ਨਹੀਂ ਮਿਲੇ।



# ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਦੇ ਸਮਾਗ਼ਮ ਵਿੱਚ ਸਵ. ਗੁਰਦਾਸ ਮਿਨਹਾਸ ਨੂੰ ਭੇਂਟ ਕੀਤੀ ਗਈ ਭਾਵ-ਭਿੰਨੀ ਸ਼ਰਧਾਂਜ਼ਲੀ

## 'ਪੰਜਾਬ ਦੀ ਕੋਇਲ' ਸੁਰਿੰਦਰ ਕੌਰ ਦੇ ਜਨਮ-ਦਿਨ 'ਤੇ ਉਨ੍ਹਾਂ ਨੂੰ ਬਾਖ਼ੂਬੀ ਯਾਦ ਕੀਤਾ ਗਿਆ ਤੇ ਕਵੀ-ਦਰਬਾਰ ਵੀ ਹੋਇਆ










ਬਰੈਂਪਟਨ, (ਡਾ. ਝੰਡ) -ਲੰਘੇ ਐਤਵਾਰ 17 ਨਵੰਬਰ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ (ਰਜਿ.) ਦੇ ਮਹੀਨਾਵਾਰ ਸਮਾਗ਼ਮ ਵਿੱਚ ਪਿਛਲੇ ਦਿਨੀਂ ਇਸ ਸੰਸਾਰ ਤੋਂ ਅਕਾਲ-ਚਲਾਣਾ ਕਰ ਗਏ ਗੁਰਦਾਸ ਮਿਨਹਾਸ ਜੀ ਨੂੰ ਵੱਖ-ਵੱਖ ਬੁਲਾਰਿਆਂ ਵੱਲੋਂ ਭਾਵ-ਪੂਰਤ ਸ਼ਰਧਾਂਜਲੀ ਭੇਂਟ ਕੀਤੀ ਗਈ। ਇਸ ਮੌਕੇ ਗੁਰਦਾਸ ਮਿਨਹਾਸ ਹੁਰਾਂ ਦੇ ਪਰਿਵਾਰਕ ਮੈਂਬਰ ਵੀ ਇਸ ਸਮਾਗ਼ਮ ਵਿਚ ਸ਼ਾਮਲ ਹੋਏ। ਇਸ ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿਚ ਗੁਰਦਾਸ ਮਿਨਹਾਸ ਹੁਰਾਂ ਦੀ ਧਰਮਪਤਨੀ ਸ਼੍ਰੀਮਤੀ ਅਮਰਜੀਤ ਕੌਰ ਮਿਨਹਾਸ, ਹਰਭਜਨ ਕੌਰ ਗਿੱਲ, ਸ਼ੈਲੇਂਦਰਾ ਚੌਧਰੀ, ਗੁਰਮੇਲ ਸਿੰਘ ਸੰਧੂ, ਐਡਵੋਕੇਟ ਦਰਸ਼ਨ ਸਿੰਘ ਦਰਸ਼ਨ ਸੁਸ਼ੋਭਿਤ ਸਨ। ਸਮਾਗ਼ਮ ਦੇ ਆਰੰਭ ਵਿੱਚ ਸੱਭ ਤੋਂ ਪਹਿਲਾਂ ਗੁਰਦਾਸ ਮਿਨਹਾਸ ਜੀ ਦੇ ਸਦੀਵੀ-ਵਿਛੋੜੇ 'ਤੇ ਖੜੇ ਹੋ ਕੇ ਦੋ-ਮਿੰਟ ਮੋਨ ਰਹਿ ਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਉਪਰੰਤ, ਸਭਾ ਦੇ ਚੇਅਰਪਰਸਨ ਕਰਨ ਅਜਾਇਬ ਸਿੰਘ ਸੰਘਾ ਵੱਲੋਂ ਆਏ ਮਹਿਮਾਨਾਂ ਤੇ ਮੈਂਬਰਾਂ ਦਾ ਸੁਆਗ਼ਤਕਰਦਿਆਂ ਮਿਨਹਾਸ ਹੁਰਾਂ ਬਾਰੇ ਭਾਵਨਾਤਮਿਕ ਸ਼ਬਦਾਂ ਵਿੱਚ ਡੂੰਘੇ ਦੁੱਖ ਤੇ ਅਫ਼ਸੋਸ ਦਾ ਇਜ਼ਹਾਰ ਕੀਤਾ ਗਿਆ। ਮੰਚ-ਸੰਚਾਲਕ ਪ੍ਰੋ. ਤਲਵਿੰਦਰ ਸਿੰਘ ਮੰਡ ਨੇ ਗੁਰਦਾਸ ਮਿਨਹਾਸ ਹੁਰਾਂ ਦੇ ਜੀਵਨ ਤੇ ਕਲਮੀ-ਸਫ਼ਰ ਬਾਰੇ ਸੰਖੇਪ ਜਾਣਕਾਰੀ ਸਾਂਝੀ ਕਰਦਿਆਂ ਸਭਾ ਦੇ ਸਰਗ਼ਰਮ ਮੈਂਬਰ ਇਕਬਾਲ ਬਰਾੜ ਨੂੰ ਮਿਨਹਾਸ ਸਾਹਿਬ ਨੂੰਸ਼ਰਧਾਂਜਲੀ ਦੇਣ ਲਈ ਮੰਚ 'ਤੇ ਆਉਣ ਸੱਦਾ ਦਿੱਤਾ ਜਿਨ੍ਹਾਂ ਨੇ ਬੜੇ ਭਾਵਪੂਰਤ ਸ਼ਬਦਾਂ ਵਿਚ ਉਨ੍ਹਾਂ ਦੇ ਵਿਚਾਰਾਂ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਆਪਣੀ ਸਾਂਝ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਦੱਸਿਆ ਕਿ ਉਨ੍ਹਾਂ ਨੇ ਗੁਰਦਾਸ ਮਿਨਹਾਸ ਦਾ ਲਿਖਿਆ ਗੀਤ "ਮੁੜ ਆ ਜਾ ਮਾਹੀਆ, ਮੁੜ ਆ ਜਾ" ਸਮਾਗ਼ਮਾਂ ਵਿਚ ਕਈ ਵਾਰ ਗਾਇਆ। ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ 'ਕਲਮਾਂ ਦਾ ਕਾਫ਼ਲਾ' ਵਿਚ ਵਿਚਰਦਿਆਂ ਗੁਰਦਾਸ ਮਿਨਹਾਸ ਨਾਲ ਪਈ ਅਤੇ ਕਈ ਸਾਲ ਚੱਲੀ ਇਸ ਦਿਲੀ ਸਾਂਝ ਬਾਰੇ ਬਾਖ਼ੂਬੀ ਜ਼ਿਕਰ ਕੀਤਾ ਗਿਆ। ਹਰਮੇਸ਼ ਜੀਂਦੋਵਾਲਨੇਇਸ ਸਾਹਿਤਕ ਸੰਸਥਾ ਵਿਚ ਉਨ੍ਹਾਂ ਦੇ ਨਾਲ ਮਿਲ ਕੇ ਕੰਮ ਕਰਦਿਆਂ ਉਨ੍ਹਾਂ ਦੇ ਬੇਹੱਦ ਮਿਲਵਰਤਣ ਵਾਲੇ ਸੁਭਾਅ ਬਾਰੇ ਦੱਸਿਆ। ਡਾ. ਸੁਖਦੇਵ ਸਿੰਘ ਝੰਡ ਨੇ 'ਕਲਮਾਂ ਦਾ ਕਾਫ਼ਲਾ' ਦੀ ਮੀਟਿੰਗ ਵਿਚ ਉਨ੍ਹਾਂ ਨਾਲ ਹੋਈ ਪਹਿਲੀ ਮੁਲਾਕਾਤ ਅਤੇ ਫਿਰ ਉਨ੍ਹਾਂ ਵੱਲੋਂ 'ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ' ਦੀਆਂ ਮੀਟਿੰਗਾਂ ਵਿਚ ਸ਼ਿਰਕਤ ਕਰਦਿਆਂ ਆਪਣੀਆਂ ਦਿਲਚਸਪ ਹਾਸਰਸ ਕਵਿਤਾਵਾਂ ਸੁਣਾਉਣ ਬਾਰੇ ਜ਼ਿਕਰ ਕੀਤਾ। ਮਿਨਹਾਸ ਸਾਹਿਬ ਦੀ ਨੂੰਹ ਸੰਗੀਤਾ ਮਿਨਹਾਸ ਵੱਲੋਂਬੜੇ ਭਾਵਪੂਰਤ ਸ਼ਬਦਾਂ ਵਿਚ ਮਿਨਹਾਸ ਸਾਹਿਬ ਦੀਆਂ ਕਈ ਪਰਿਵਾਰਕ ਯਾਦਾਂ ਸਾਂਝੀਆਂ ਕੀਤੀਆਂ ਗਈਆਂਅਤੇ ਸਭਾ ਵੱਲੋਂ ਉਨ੍ਹਾਂ ਦੀ ਯਾਦ ਵਿਚ ਕੀਤੇ ਗਏ ਇਸ ਸ਼ੋਕ- ਸਮਾਗ਼ਮ ਲਈ ਪ੍ਰਬੰਧਕਾਂ ਦਾ ਧੰਨਵਾਦ ਕੀਤਾ ਗਿਆ।

ਇਸ ਸੈਸ਼ਨ ਦੇ ਦੂਸਰੇ ਭਾਗ ਵਿਚ ਡਾ. ਜਗਮੋਹਨ ਸਿੰਘ ਸੰਘਾ ਨੇ 'ਪੰਜਾਬ ਦੀ ਕੋਇਲ' ਸੁਰਿੰਦਰ ਕੌਰ ਨੂੰ ਯਾਦ ਕਰਦਿਆਂ ਦੱਸਿਆ ਕਿ ਉਨ੍ਹਾਂ ਦਾ ਜਨਮ 25 ਨਵੰਬਰ 1929 ਨੂੰ ਲਾਹੌਰ ਵਿੱਚ ਹੋਇਆ ਅਤੇ 14 ਸਾਲ ਦੀ ਛੋਟੀ ਉਮਰ ਵਿਚ ਹੀ ਉਨ੍ਹਾਂ ਨੇ ਗਾਉਣਾ ਸ਼ੁਰੂ ਕਰ ਦਿੱਤਾ। 1947 ਦੀ ਭਾਰਤ-ਪਾਕਿਸਤਾਨ 'ਵੰਡ'ਤੋਂ ਪਹਿਲਾਂ 'ਆਲ ਇੰਡੀਆ ਰੇਡੀਓ ਲਾਹੌਰ' ਤੋਂ ਉਨ੍ਹਾਂ ਦੇ ਗਾਏ ਗੀਤ ਅਕਸਰ ਸੁਣਾਈ ਦਿੰਦੇ ਸਨ। ਉਨ੍ਹਾਂ ਨੇ ਆਪਣੀ ਵੱਡੀ ਭੈਣ ਪ੍ਰਕਾਸ਼ ਕੌਰ ਨਾਲ ਮਿਲ਼ ਕੇ ਕਈ ਗੀਤ ਗਾਏ ਜੋ ਹੌਲ਼ੀ-ਹੌਲ਼ੀ 'ਲੋਕ-ਗੀਤਾਂ' ਦਾ ਰੂਪ ਧਾਰ ਗਏ। ਇਨ੍ਹਾਂ ਵਿਚੋਂ 'ਸੜਕੇ ਸੜਕੇ ਜਾਂਦੀਏ ਮੁਟਿਆਰੇ ਨੀ', 'ਮਾਵਾਂ ਤੇ ਧੀਆਂ ਮਿਲ਼ ਬੈਠੀਆਂ ਨੀ ਮਾਏ ਕੋਈ ਕਰਦੀਆਂ ਗੱਲੋੜੀਆਂ', 'ਸੂਹੇ ਵੇ ਚੀਰੇ ਵਾਲਿਆ ਮੈਂ ਕਹਿਨੀ ਆਂ', 'ਸੂਈ ਵੇ,ਸੂਈ ਜ਼ਾਲਮਾ ਸੂਈ ਵੇ' ਆਦਿ ਬਹੁਤ ਮਸ਼ਹੂਰ ਹੋਏ। ਉਨ੍ਹਾਂ ਨੇ ਕਈ ਸੋਲੋ ਗੀਤ, ਜਿਵੇਂ 'ਮਧਾਣੀਆਂ', 'ਇੱਕ ਮੇਰੀ ਅੱਖ ਕਾਸ਼ਨੀ', 'ਮੈਨੂੰ ਹੀਰੇ ਹੀਰੇ ਆਖੇ, ਹਾਏ ਨੀ ਮੁੰਡਾ ਲੰਬੜਾਂ ਦਾ' ਅਤੇ ਆਸਾ ਸਿੰਘ ਮਸਤਾਨਾ, ਹਰਚਰਨ ਗਰੇਵਾਲ ਤੇ ਹੋਰਨਾਂ ਨਾਲ ਕਈ ਦੋਗਾਣੇ ਵੀ ਗਏ। ਉਨ੍ਹਾਂ ਹਿੰਦੀ ਫ਼ਿਲਮਾਂ'ਸ਼ਹੀਦ', 'ਸਿੰਗਾਰ', 'ਆਵਾਰਾ', 'ਸੁਨਹਿਰੇ ਦਿਨ' ਵਿਚ ਵੀ ਕਈ ਗੀਤ ਗਾਏ। ਡਾ. ਸੰਘਾ ਨੇ ਦੱਸਿਆ ਕਿ ਸੁਰਿੰਦਰ ਕੌਰ ਦਾ ਵਿਆਹ ਖਾਲਸਾ ਕਾਲਜ ਦਿੱਲੀ ਦੇ ਪ੍ਰੋ. ਜੋਗਿੰਦਰ ਸਿੰਘ ਸੋਢੀ ਨਾਲ ਹੋਇਆ ਅਤੇ ਬਲਵੰਤ ਗਾਰਗੀ ਹੁਰਾਂ ਦੇ ਨਾਲ ਗੂੜ੍ਹੀ ਪਰਿਵਾਰਿਕ ਨੇੜਤਾ ਹੋਣ ਕਰਕੇ ਉਨ੍ਹਾਂ ਦੀ ਡੋਲ਼ੀ ਪਹਿਲਾਂ ਗਾਰਗੀ ਹੁਰਾਂ ਦੇ ਘਰ ਹੀ ਗਈ।

ਪੰਜਾਬੀ ਗਾਇਕੀ ਵਿਚ ਪਾਏ ਗਏ ਮਹਾਨ ਯੋਗਦਾਨ ਕਰਕੇ ਸੁਰਿੰਦਰ ਕੌਰ ਨੂੰ ਭਾਰਤ ਦੇ ਸਰਵੋਤਮ ਪੁਰਸਕਾਰ 'ਪਦਮ ਸ਼੍ਰੀ' ਨਾਲ ਸਨਮਾਨਿਤ ਕੀਤਾ ਗਿਆ ਅਤੇ 'ਲੋਕ-ਗਾਇਕੀ ਦੇ ਖ਼ੇਤਰ ਵਿਚ ਮਿਲੀ ਪ੍ਰਸਿੱਧੀ ਕਾਰਨ ਉਨ੍ਹਾਂ ਨੂੰ 'ਪੰਜਾਬ ਦੀ ਕੋਇਲ' ਦਾ ਖ਼ਿਤਾਬ ਹਾਸਲ ਹੋਇਆ। ਉਨ੍ਹਾਂ ਦੀ ਧੀ ਡੌਲੀ ਗੁਲੇਰੀਆਂ ਉਨ੍ਹਾਂ ਦੀ ਸੰਗੀਤਕ ਵਿਰਾਸਤ ਨੂੰ ਬਾਖ਼ੂਬੀ ਅੱਗੇ ਤੋਰ ਰਹੀ ਹੈ। ਸਰੋਤਿਆਂ ਵਿੱਚੋਂਤਲਵਿੰਦਰ ਸਿੰਘ ਮੰਡ, ਸੁਖਦੇਵ ਸਿੰਘ ਝੰਡ, ਇਕਬਾਲ ਬਰਾੜ ਤੇ ਕਰਨ ਅਜਾਇਬ ਸੰਘਾ ਵੱਲੋਂਸੁਰਿੰਦਰ ਕੌਰ ਹੁਰਾਂ ਦੇ ਜੀਵਨ ਨਾਲ ਜੁੜੀਆਂ ਯਾਦਾਂ ਤਾਜ਼ਾ ਕੀਤੀਆਂ ਗਈਆਂ। ਸਮਾਗ਼ਮ ਦੇ ਦੂਸਰੇ ਸੈਸ਼ਨ ਕਵੀ-ਦਰਬਾਰ ਦਾ ਸੰਚਾਲਨ ਡਾ. ਜਗਮੋਹਨ ਸੰਘਾ ਵੱਲੋਂ ਕੀਤਾ ਗਿਆ ਅਤੇ ਇਸ ਸੈਸ਼ਨ ਦੇ ਪ੍ਰਧਾਨਗੀ-ਮੰਡਲ ਵਿਚ ਸ਼ਾਮ ਸਿੰਘ ਅੰਗਸੰਗ, ਬਲਰਾਜ ਚੀਮਾ, ਕਰਨ ਅਜਾਇਬ ਸਿੰਘ ਸੰਘਾ, ਡਾ. ਇੰਦਰਜੀਤ ਕੌਰ ਅਤੇ ਮੈਡਮ ਗੁਰਦੀਪ ਕੌਰ ਸ਼ਾਮਲ ਸਨ। ਕਵੀ-ਦਰਬਾਰ ਨੂੰ ਤਰਤੀਬ ਦਿੰਦਿਆਂ ਡਾ. ਸੰਘਾ ਨੇ ਸੱਭ ਤੋਂ ਪਹਿਲਾਂ ਰਿੰਟੂ ਭਾਟੀਆ ਨੂੰ ਮੰਚ 'ਤੇ ਆਉਣ ਦਾ ਸੱਦਾ ਦਿੱਤਾ ਜਿਨ੍ਹਾਂ ਨੇ ਸੁਰਿੰਦਰ ਕੌਰ ਦਾ ਗਾਇਆ ਹੋਇਆ ਗੀਤ "ਨੀ ਅੜੀਓ ਕਾਗ ਬਨੇਰੇ 'ਤੇ ਬੋਲਿਆ' ਆਪਣੀ ਸੁਰੀਲੀ ਆਵਾਜ਼ ਵਿਚ ਪੇਸ਼ ਕੀਤਾ। ਫਿਰ ਆਈ ਵਾਰੀ ਇਕਬਾਲ ਬਰਾੜ ਦੀ ਜਿਨ੍ਹਾਂ ਨੇ ਗੁਰਦਾਸ ਮਿਨਹਾਸ ਦਾ ਲਿਖਿਆ ਗੀਤ "ਆ ਜਾ ਮਾਹੀਆ, ਮੁੜ ਆ ਜਾ" ਸੁਣਾ ਕੇ ਸਰੋਤਿਆਂ ਨੂੰ ਸਰਸ਼ਾਰ ਕੀਤਾ। ਉਪਰੰਤ, ਕੰਵਲਜੀਤ ਗਿੱਲ, ਰਾਜ ਕੁਮਾਰ ਓਸ਼ੋਰਾਜ, ਗੁਰਮੇਲ ਸਿੰਘ ਸੰਧੂ, ਹਰਭਜਨ ਕੌਰ ਗਿੱਲ, ਸੁਖਚਰਨਜੀਤ ਕੌਰ ਗਿੱਲ, ਸੁਰਿੰਦਰਜੀਤਕੌਰ, ਰਮਿੰਦਰ ਵਾਲਿਆ, ਹਰਨੂਰ ਨਿਥਾਵਾਂ, ਹਰਮੇਸ਼ ਜੀਂਦੋਵਾਲ, ਜੱਸੀ ਭੁੱਲਰ, ਸੁਖਦੇਵ ਝੰਡ, ਤਲਵਿੰਦਰ ਮੰਡ, ਕਰਨ ਅਜਾਇਬ ਸੰਘਾ, ਗੁਰਜੀਤ ਕੌਰ, ਡਾ. ਇੰਦਰਜੀਤ ਕੌਰ ਅਤੇ ਸ਼ਾਮ ਸਿੰਘ ਅੰਗਸੰਗ ਵੱਲੋਂ ਆਪਣੀਆਂ ਕਵਿਤਾਵਾਂ ਤੇ ਗੀਤ ਪੇਸ਼ ਕੀਤੇ ਗਏ।

ਕਵੀ-ਦਰਬਾਰ ਅਤੇ ਸਮਾਗ਼ਮ ਦੀ ਸਮੁੱਚੀ ਕਾਰਵਾਈ ਨੂੰ ਸਮੇਟਦਿਆਂ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਨੇ ਜਿੱਥੇ ਪਹਿਲੇ ਸੈਸ਼ਨ ਵਿੱਚ ਗੁਰਦਾਸ ਮਿਨਹਾਸ ਨੂੰ ਭੇਂਟ ਕੀਤੀ ਗਈ ਸ਼ਰਧਾਂਜਲੀ ਦੇ ਵੱਖ-ਵੱਖ ਬੁਲਾਰਿਆਂ ਅਤੇ ਕਵੀ-ਦਰਬਾਰ ਦੇ ਕਵੀਆਂ-ਕਵਿੱਤਰੀਆਂ ਦਾ ਹਾਰਦਿਕ ਧੰਨਵਾਦ ਕੀਤਾ, ਉੱਥੇ ਕਵਿਤਾ ਬਾਰੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਜ਼ਰੂਰੀ ਨਹੀਂ ਹੈ ਕਿ ਕਵਿਤਾ ਭਾਰੇ-ਭਰਕਮ ਸ਼ਬਦਾਂ ਵਿੱਚ ਹੀ ਲਿਖੀ ਤੇ ਪੇਸ਼ ਕੀਤੀ ਜਾਵੇ, ਬਲਕਿ ਸਰਲ ਸ਼ਬਦਾਂ ਵਿਚ ਵੀ ਕਵੀਆਂ ਵੱਲੋਂ ਆਪਣੀਆਂ ਭਾਵਨਾਵਾਂ ਪ੍ਰਗਟ ਕੀਤੀਆਂ ਜਾ ਸਕਦੀਆਂ ਹਨ। ਉਨ੍ਹਾਂ ਕਿਹਾ ਕਿ ਕਵਿਤਾ 'ਨਿਰਸ਼ਬਦ' ਵੀ ਹੈ, ਕਿਉਂਕਿ ਚੁੱਪ ਦੀ ਵੀ ਆਪਣੀ ਭਾਸ਼ਾ ਹੁੰਦੀ ਹੈ। ਸਮਾਗ਼ਮ ਵਿੱਚ ਪ੍ਰੋ. ਸਿਕੰਦਰ ਸਿੰਘ ਗਿੱਲ,ਬਿਕਰਮਜੀਤ ਸਿੰਘ ਗਿੱਲ, ਸੁਰਿੰਦਰਪਾਲ ਸਿੰਘ, ਸ਼ਮਸ਼ੇਰ ਸਿੰਘ, ਪਰੇਮ ਕੁਨਾਹ, ਪਰਮਿੰਦਰ ਸਿੰਘ ਮਿਨਹਾਸ, ਕਮਲ ਗਿੱਲ, ਹਰਬਿੰਦਰ ਕੌਰ ਝੱਜ, ਗੁਰੰਜਲ ਕੌਰ, ਭੁਪਿੰਦਰ ਕੌਰ ਅਤੇ ਕਈ ਹੋਰ ਸ਼ਾਮਲ ਸਨ।

# ਪੀ.ਸੀ.ਐੱਚ.ਐੱਸ. ਦੇ ਸ਼ੁੱਕਰਵਾਰ ਵਾਲੇ ਗਰੁੱਪ ਨੇ ਮਨਾਇਆ ਗੁਰੂ ਨਾਨਕ ਦੇਵ ਜੀ ਦਾ 556'ਵਾਂ ਆਗਮਨ-ਪੁਰਬ




ਬਰੈਂਪਟਨ, (ਡਾ. ਝੰਡ) -ਲੰਘੇ ਸ਼ੁੱਕਰਵਾਰ ਪੰਜਾਬੀ ਕਮਿਊਨਿਟੀ ਹੈੱਲਥ ਸਰਵਿਸਿਜ਼ ਦੇ ਸ਼ੁੱਕਰਵਾਰ ਵਾਲੇ ਸੀਨੀਅਰਜ਼ ਗਰੁੱਪ ਨੇ ਗਰੁੱਪ-ਕੋਆਰਡੀਨੇਟਰ ਆਸ਼ਾ ਅਸ਼ਵਾਲ ਨਾਲ ਮਿਲਕੇ ਗੁਰੂ ਨਾਨਕ ਦੇਵ ਜੀ ਦਾ ਗੁਰਪੁਰਬ ਬੜੇ ਉਤਸ਼ਾਹ ਨਾਲ ਮਨਾਇਆ। ਗਰੁੱਪ ਦੀ ਇਕੱਤਰਤਾ ਦੇ ਸਵੇਰੇ 10.00 ਵਜੇ ਤੋਂ ਪਹਿਲਾਂ ਹੀ ਆਸ਼ਾ ਅਸ਼ਵਾਲ ਨੇ ਕਮਰਾ ਨੰਬਰ 109 ਦੀ ਇੱਕ ਨੁੱਕਰ ਵਿਚ ਲਗਾਏ ਹੋਏ ਸਾਈਨ-ਬੋਰਡ ਉੱਪਰ ਖ਼ੂਬਸੂਰਤ ਰੰਗਦਾਰ ਅੰਗਰੇਜ਼ੀ ਅੱਖਰਾਂ ਵਿਚ "ਹੈਪੀ ਗੁਰਪੁਰਬ ਆਫ਼ ਗੁਰੂ ਨਾਨਕ ਦੇਵ ਜੀ" ਲਿਖ ਕੇ (ਕਿਉਂਕਿ ਉਨ੍ਹਾਂ ਨੂੰ ਪੰਜਾਬੀ ਲਿਖਣੀ ਨਹੀਂ ਆਉਂਦੀ) ਇਸ ਦੇ ਦੋਵੇਂ ਪਾਸੇ ਅਤੀ ਸੁੰਦਰ ਰੰਗਦਾਰ ਫੁੱਲ ਬਣਾਏ ਹੋਏ ਸਨ ਅਤੇ ਗਰੁੱਪ ਦੇ ਮੈਂਬਰਾਂ ਦੇ ਆਉਣ 'ਤੇ ਉਨ੍ਹਾਂ ਵੱਲੋਂ ਸਾਰਿਆਂ ਨੂੰ 'ਹੈਪੀ ਗੁਰਪੁਰਬ' ਕਿਹਾ ਗਿਆ।

ਪ੍ਰੋਗਰਾਮ ਦੀ ਸ਼ੁਰੂਆਤ ਕਰਦਿਆਂ ਪ੍ਰੋ. ਜਗੀਰ ਸਿੰਘ ਕਾਹਲੋਂ ਵੱਲੋਂ ਸਾਰੇ ਮੈਂਬਰਾਂ ਨੂੰ ਗੁਰਪੁਰਬ ਦੀ ਮੁਬਾਰਕਬਾਦ ਦੇਣ ਤੋਂ ਬਾਅਦ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਬਾਰੇ ਸੰਖੇਪ ਵਿੱਚ ਜਾਣਕਾਰੀ ਸਾਂਝੀ ਕੀਤੀ ਗਈ। ਉਨ੍ਹਾਂ ਕਿਹਾ ਕਿ ਗਰੁੱਪ ਵਿਚ ਹਾਜ਼ਰ ਮੈਂਬਰ ਗੁਰੂ ਨਾਨਕ ਦੇਵ ਜੀ ਦੇ ਜੀਵਨ ਅਤੇ ਇਸ ਨਾਲ ਸਬੰਧਿਤ ਮੁੱਖ ਘਟਨਾਵਾਂ ਤੋਂ ਭਲੀ-ਭਾਂਤ ਜਾਣੂੰ ਹਨ, ਇਸ ਲਈ ਇਸ ਸੱਭ ਦੇ ਵਿਸਥਾਰ ਵਿੱਚ ਜਾਣ ਦੀ ਲੋੜ ਨਹੀਂ ਹੈ। ਉਨ੍ਹਾਂ ਗੁਰੂ ਨਾਨਕ ਦੇਵ ਜੀ ਵੱਲੋਂ 20 ਰੁਪਇਆਂ ਨਾਲ ਭੁੱਖੇ ਸਾਧੂਆਂ ਦੇ ਰੂਪ ਵਿਚ ਬੈਠੇ 'ਲੋੜਵੰਦ ਮਨੁੱਖਾਂ' ਨੂੰ ਭੋਜਨ ਛਕਾਉਣ ਨੂੰ ਉਨ੍ਹਾਂ ਦੇ ਵੱਲੋਂ ਕੀਤੇ ਗਏ 'ਸੱਚ ਦੇ ਵਿਓਪਾਰ' ਦੀ ਉਨ੍ਹਾਂ ਦੇ ਸਮਕਾਲੀ 1460 ਵਿੱਚ ਜਨਮੇਂ ਪੁਰਤਗਾਲ-ਵਾਸੀ 'ਵਾਸਕੋਡੇ ਗਾਮਾ' ਜੋ ਭਾਰਤ ਵਿਚ ਵਿਓਪਾਰ ਕਰਨ ਦੇ ਨਿਸ਼ਾਨੇ ਨਾਲ ਆਇਆ ਸੀ ਅਤੇ ਜਿਸ ਨੇ 'ਕਾਰੋਬਾਰੀ ਵਰਗ' (ਕਾਰਪੋਰੇਟ ਜਗਤ) ਨੂੰ ਜਨਮ ਦਿੱਤਾ, ਵੱਲੋਂ ਕੀਤੇ ਗਏ ਦੁਨਿਆਵੀ ਵਿਓਪਾਰ ਨਾਲ ਬਾਖ਼ੂਬੀ ਤੁਲਨਾ ਕੀਤੀ। ਉਨ੍ਹਾਂ ਕਿਹਾ ਕਿ ਦੋਹਾਂ ਵੱਲੋਂ ਕੀਤੇ ਗਏ ਵਿਓਪਾਰ ਦਾ ਨਿਸ਼ਾਨਾ ਅਤੇ ਮੰਤਵ ਬਿਲਕੁਲਵੱਖਰਾ ਸੀ। ਇੱਕ ਦਾ 'ਦੁਨਿਆਵੀ ਵਿਓਪਾਰ'ਸੀ ਤੇ ਦੂਸਰੇ ਦਾ ਲੋਕਾਈ ਵਿਚ 'ਸੱਚ ਦਾ ਪ੍ਰਚਾਰ'ਸੀ। ਡਾ. ਸੁਖਦੇਵ ਸਿੰਘ ਝੰਡ ਨੇ ਆਪਣੇ ਸੰਬੋਧਨ ਵਿੱਚ ਕਿਹਾ ਕਿ ਗੁਰੂ ਨਾਨਕ ਦੇਵ ਜੀ ਵੱਲੋਂ ਸੁਲਤਾਪੁਰ ਲੋਧੀ ਵਿੱਖੇ 'ਗਿਆਨ ਦੀ ਚੁੱਭੀ' ਲਗਾਉਣ ਤੋਂ ਬਾਅਦ ਉੱਤਰ, ਦੱਖਣ, ਪੂਰਬ ਤੇ ਪੱਛਮ ਚਾਰੇ ਹੀ ਦਿਸ਼ਾਵਾਂ ਵਿੱਚ ਭਾਰਤ ਸਮੇਤ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਜਾ ਕੇ 36,000 ਮੀਲ ਦਾ ਲੰਮਾ ਪੈਂਡਾ ਤੈਅ ਕਰਕੇ ਤਰਕ ਅਤੇ ਸੰਵਾਦ ਦੀ ਵਰਤੋਂ ਕਰਕੇ ਪ੍ਰਾਪਤ ਗਿਆਨ ਅਤੇ ਆਪਣੇ ਤਿੰਨਾਂ ਸਿਧਾਂਤਾਂ "ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਕੇ ਛਕਣਾ" ਨੂੰ ਲੋਕਾਈ ਵਿੱਚ ਬਾਖ਼ੂਬੀ ਪ੍ਰਚਾਰਿਆ ਗਿਆ। ਇੱਥੇ ਹੀ ਬੱਸ ਨਹੀਂ, ਉਨ੍ਹਾਂ ਅਮਲੀ ਤੌਰ 'ਤੇ 'ਸੱਚ ਦਾ ਵਿਓਪਾਰ' ਕੀਤਾ- ਸੁਲਤਾਨਪੁਰ ਲੋਧੀ ਵਿਖੇ ਮੋਦੀਖ਼ਾਨੇ ਵਿਚ ਹੁੰਦੀ ਧਾਂਦਲੀ ਨੂੰ ਠੀਕ ਕਰਕੇ ਆਮ ਲੋਕਾਂ ਤੇ ਗ਼ਰੀਬ-ਗੁਰਬਿਆਂ ਨੂੰ ਰਾਸ਼ਨ ਦੀ ਸਹੀ ਵੰਡ ਕੀਤੀ, ਉਦਾਸੀਆਂ ਦੌਰਾਨ ਭਾਈ ਲਾਲੋ ਵਰਗੇ ਕਿਰਤੀਆਂ ਦੇ ਘਰ ਠਹਿਰੇ ਤੇ ਉਸ ਦੀ ਮਿਹਨਤ ਨਾਲ ਕਮਾਈ ਹੋਈ 'ਕੋਧਰੇ ਦੀ ਰੋਟੀ' ਨੂੰ ਉੱਤਮਮੰਨਦਿਆਂ ਮਲਿਕ ਭਾਗੋ ਦੇ 'ਖੀਰਾਂ-ਪੂੜਿਆਂ' ਨੂੰ ਨਕਾਰਿਆ ਅਤੇ ਚੌਹਾਂ ਉਦਾਸੀਆਂ ਤੋਂ ਬਾਅਦ ਕਰਤਾਰਪੁਰ ਵਿਖੇ ਆਪਣੇ ਹੱਥੀਂ ਖੇਤੀਬਾੜੀ ਦਾ ਮੁਸ਼ਕਲ ਕੰਮ ਵੀ ਕੀਤਾ। ਉਨ੍ਹਾਂ ਗੁਰੂ ਨਾਨਕ ਦੇਵ ਜੀ ਅਤੇ ਇਸ ਕਲਯੁਗੀ ਸੰਸਾਰ ਦੇ ਅਜੋਕੇ ਹਾਲਾਤ ਬਾਰੇ ਆਪਣੀ ਇੱਕ ਕਵਿਤਾ ਵੀ ਸੁਣਾਈ। ਹਰੀਸ਼ ਚੌਹਾਨ ਅਤੇਸਾਧੂ ਰਾਮ ਕਾਲੀਆ ਨੇ ਗੁਰੂ ਸਾਹਿਬ ਦੇ ਜੀਵਨ ਦੀਆਂ ਕੁਝ ਮਹੱਤਵਪੂਰਨ ਘਟਨਾਵਾਂ ਦਾ ਵਰਨਣ ਕਰਦਿਆਂ ਉਨ੍ਹਾਂ ਦੀਆਂ ਸਿੱਖਿਆਵਾਂ 'ਤੇ ਚੱਲਣ ਦੀ ਗੱਲ ਕੀਤੀ। ਪ੍ਰਿਤਪਾਲ ਸਿੰਘ ਘੁੰਮਣ ਨੇ ਕਰਨਾਟਕਾ ਸੂਬੇ ਵਿੱਚ ਬਿਦਰ ਇਲਾਕੇ ਦਾ ਹੇਠਲਾ ਪਾਣੀ ਕੌੜਾ ਹੋਣ ਕਰਕੇ ਉੱਥੋਂ ਦੇ ਲੋਕਾਂ ਦੀ ਭਾਰੀ ਮੰਗ 'ਤੇ ਗੁਰੂ ਸਾਹਿਬ ਵੱਲੋਂ ਉਸ ਸਥਾਨ 'ਤੇ ਗੁਰੂ ਜੀ ਵੱਲੋਂਮਿੱਠੇ ਪਾਣੀ ਦਾ ਚਸ਼ਮਾ ਚਲਾਉਣ ਬਾਰੇ ਦੱਸਿਆ ਜੋ ਅੱਜ ਵੀ ਓਸੇ ਤਰ੍ਹਾਂ ਚੱਲ ਰਿਹਾ ਹੈ। ਸਮਾਗ਼ਮ ਵਿਚ ਬਲਦੇਵ ਸਿੰਘ ਧਾਲੀਵਾਲ, ਕੁਲਦੀਪ ਸਿੰਘ ਛਾਬੜਾ ਅਤੇ ਹਰਜੀਤਸਿੰਘ ਗਰੇਵਾਲ, ਹਰਭਜਨ ਕੌਰ ਗੁਲਾਟੀ, ਜਗਦੀਸ਼ ਕੌਰ ਝੰਡ ਅਤੇ ਸਰਬਜੀਤ ਕੌਰ ਕਾਹਲੋਂਵੱਲੋਂ ਵੀ ਗੁਰੂ ਸਾਹਿਬ ਦੇ ਜੀਵਨ ਤੇ ਸਿੱਖਿਆਵਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ ਗਏ। ਇਸ ਦੌਰਾਨ ਕੰਵਲ ਪੁਰੀ, ਹਰਭਜਨ ਗੁਲਾਟੀ ਤੇ ਕਈ ਹੋਰਨਾਂ ਵੱਲੋਂ ਸ਼ਬਦ ਅਤੇ ਗੁਰੂ ਸਾਹਿਬ ਨਾਲ ਸਬੰਧਿਤ ਧਾਰਮਿਕ ਗੀਤ ਵੀ ਸੁਣਾਏ ਗਏ। ਸਮਾਗ਼ਮ ਦੇ ਅਖ਼ੀਰ ਵੱਲ ਵੱਧਦਿਆਂ ਇਕ ਰੈਸਟੋਰੈਂਟ ਤੋਂ ਲਿਆਂਦਾ ਗਿਆ ਭੋਜਨ ਲੰਗਰ ਦੇ ਰੂਪ ਵਿੱਚ ਸਾਰੇ ਮੈਂਬਰਾਂ ਨੇ ਮਿਲ ਕੇ ਛਕਿਆ। ਗਰੁੱਪ-ਕੋਆਰਡੀਨੇਟਰ ਆਸ਼ਾ ਅਸ਼ਵਾਲ, ਕੰਵਲ ਪੁਰੀ ਅਤੇ ਜਗੀਰ ਸਿੰਘ ਕਾਹਲੋਂ ਵੱਲੋਂ ਗੁਰਪੁਰਬ ਨਾਲ ਸਬੰਧਿਤਇਸ ਸਮਾਗ਼ਮ ਦੀ ਸਫ਼ਲਤਾ ਲਈ ਸਾਰੇ ਮੈਂਬਰਾਂ ਦਾ ਧੰਨਵਾਦ ਕੀਤਾ ਗਿਆ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS


100% NATURAL PRODUCT
PRODUCT OF CANADA
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿੱਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿੱਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈਅ ਸਕਦੇ ਹੋ
Bestway Food Market
20 Red Maple Dr.
Brampton
Indian Food Land
45 Dusk Drive,
Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜਮਾਓ।

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
Disability Income Insurance
No Income Proof for up to $2000/month benefit (injury or sickness)
$10,000-$20,000 of Accidental death included NEW!!
Up tp $18,000 of rehabilitation benefit included
$100/day cash of hospitalization for upto one full year
You can also qualify for up to $2000/month on top from any other providers
Get all or partial of your paid premium refunded on death and at maturity even if you make a claim
Life Insurance
Disability Insurance
Visitor Insurance
Save Tax R.R.S.P.
Mortgage Insurance
Income Tax Planning
Drug & Dental Plan
R.E.S.P.

Guaranteed issued Critical Illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action
Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ


Salvage Inspection Station
Government Approved Licensed Body Shop
We Welcome ALL INSURANCE CLAIMS

Jessie Srai
Specializes In Collision Custom Paint
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜ਼ਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਈਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED
& SHOP WITH CONFIDENCE
Save Money ...with one application you get access to many lenders, from major banks to private lenders, so we can find you the mortgage with the best rate and terms that fit your needs.
Get Pre-Approved ...find out how much you qualify for and get pre-approved so you can choose your dream home with peace of mind.
Expert Advice ...with many years of experience in the financial industry, you'll get the Right counsel.
No Cost ...all my services are at no cost to you. OAC. Some restrictions apply.
PURCHASES
REFINANCES
RENEWALS
DEBT CONSOLIDATION
SELF-EMPLOYED
NEW TO CANADA
HOME RENOVATIONS
PRIVATE MORTGAGE
INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™
THE RIGHT MORTGAGE®

CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the claims are those of the advertisers. Please consult your lawyer before buying through the advertisements published in Punjab Star.

# ਹਰ ਬੱਚੇ ਲਈ ਸੰਗੀਤ ਸਿੱਖਣਾ ਕਿਉਂ ਜ਼ਰੂਰੀ ਹੈ!



ਬਹੁਤ ਸਾਰੀਆਂ ਕਲਾਵਾਂ ਵਿੱਚੋ ਉੱਤਮ ਮੰਨੀ ਜਾਣ ਵਾਲ਼ੀ ਸੰਗੀਤ ਕਲਾ ਦਾ, ਬੱਚੇ ਦੇ ਸਰਵਪੱਖੀ ਵਿਕਾਸ ਵਿੱਚ ਇੱਕ ਵੱਡਾ ਯੋਗਦਾਨ ਹੁੰਦਾ ਹੈ ਜਿਸਨੂੰ ਅਧਿਆਪਕਾਂ ਤੇ ਮਾਪਿਆਂ ਵੱਲੋ ਅਕਸਰ ਅਣਗੌਲ਼ਿਆ ਕਰ ਦਿੱਤਾ ਜਾਂਦਾ ਹੈ। ਇਥੋਂ ਤੱਕ ਕਿ ਸੰਗੀਤ ਸਿੱਖਣ ਵਿੱਚ ਸਮਾਂ ਲਾਉਣ ਨੂੰ ਆਮ ਤੌਰ 'ਤੇ ਸਮੇਂ ਦੀ ਬਰਬਾਦੀ ਆਦਿ ਸ਼ਬਦਾਂ ਨਾਲ਼ ਸੰਬੋਧਿਤ ਕੀਤਾ ਜਾਂਦਾ ਹੈ। ਜੇਕਰ ਕੋਈ ਬੱਚਾ ਸੰਗੀਤ ਵੱਲ ਧਿਆਨ ਲਾਉਣ ਦੀ ਕੋਸ਼ਿਸ਼ ਕਰਦਾ ਵੀ ਹੈ ਤਾਂ ਮਾਪੇ ਤੇ ਅਧਿਆਪਕ ਅਕਸਰ ਉਸ ਨੂੰ ਇਹ ਕਹਿੰਦੇ ਸੁਣੇ ਜਾ ਸਕਦੇ ਹਨ "ਜਾਹ, ਜਾ ਕੇ ਪੜ੍ਹ ਲੈ ਤੂੰ ਕੀ ਲੈਣਾ ਆਹ ਸਿੱਖ ਕੇ ਆਪਣਾ ਸਕੂਲ ਦਾ ਕੰਮ ਕਰ, ਸਮਾਂ ਬਰਬਾਦ ਨਾ ਕਰ। " ਸਕੂਲ ਵਿੱਚ ਵੀ ਸੰਗੀਤ ਨੂੰ ਇੱਕ ਵਿਸ਼ੇ ਦੇ ਤੌਰ 'ਤੇ ਕੋਈ ਮਾਨਤਾ ਨਹੀਂ ਦਿੱਤੀ ਜਾਂਦੀ, ਸਿਰਫ ਮਨੋਰੰਜਨ ਦੇ ਇੱਕ ਸਾਧਨ ਦੇ ਰੂਪ ਵਿੱਚ ਹੀ ਲਿਆ ਜਾਂਦਾ ਹੈ।

ਅਸਲ ਵਿੱਚ ਸਾਡੇ ਦੇਸ਼ ਵਿੱਚ ਸੰਗੀਤ ਦੀ ਮਹੱਤਤਾ ਬਾਰੇ ਜਿਆਦਾ ਅਧਿਐਨ ਕੀਤਾ ਹੀ ਨਹੀਂ ਗਿਆ ਅਤੇ ਇੱਕ ਬੱਚੇ ਦਾ ਸਰਵਪੱਖੀ ਵਿਕਾਸ ਵਿੱਚ ਸੰਗੀਤ ਜੋ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ, ਉਸ ਬਾਰੇ ਨਾ ਤਾਂ ਅਧਿਆਪਕ ਜਾਣੂ ਹਨ ਤੇ ਨਾ ਹੀ ਮਾਪੇ। ਉਂਝ ਵੀ ਅੱਜ ਦੇ ਇਸ ਸਰਮਾਏਦਾਰਾ ਸਮਾਜ ਵਿੱਚ, ਅਧਿਆਪਕਾਂ ਤੇ ਮਾਪਿਆਂ ਦੀ ਇੱਕੋ ਕੋਸ਼ਿਸ਼ ਰਹਿੰਦੀ ਹੈ ਕਿ ਬੱਚੇ ਨੂੰ ਪੈਸੇ ਕਮਾਉਣ ਵਾਲ਼ੀ ਮਸ਼ੀਨ ਕਿਵੇਂ ਬਣਾਇਆ ਜਾਵੇ। ਪਰ ਉਸ ਨੂੰ ਚੰਗੀ ਸਿੱਖਿਆ ਦੇ ਕੇ ਇੱਕ ਬੇਹਤਰ ਇਨਸਾਨ ਕਿਵੇਂ ਬਣਾਇਆ ਜਾਵੇ ਇਸ ਦੀ ਕਿਸੇ ਨੂੰ ਵੀ ਪ੍ਰਵਾਹ ਨਹੀਂ। ਬੱਚੇ ਦਾ ਦਿਮਾਗੀ ਵਿਕਾਸ ਉਸ ਦੀ ਕਾਰਜਕੁਸ਼ਲਤਾ, ਉਸ ਦੀ ਸਿੱਖਣ ਦੀ ਕਾਬਲੀਅਤ, ਉਸਦੀ ਸੋਚ ਅਤੇ ਉਸਦੇ ਸਰਵਪੱਖੀ ਵਿਕਾਸ ਵਿੱਚ ਸੰਗੀਤ ਜੋ ਸਰਵਪੱਖੀ ਭੂਮਿਕਾ ਨਿਭਾ ਸਕਦਾ ਹੈ ਉਸਦੀ ਇਸ ਲੇਖ ਵਿੱਚ ਸੰਖੇਪ ਚਰਚਾ ਕੀਤੀ ਗਈ ਹੈ। ਅਪਣੇ ਪੱਖ ਨੂੰ ਮਜਬੂਤ ਕਰਨ ਲਈ ਦੁਨੀਆਂ ਭਰ ਵਿੱਚ ਸੰਗੀਤ ਅਤੇ ਬੱਚੇ ਦਾ ਵਿਕਾਸ ਉੱਤੇ ਹੋ ਰਹੇ ਵੱਖ-ਵੱਖ ਅਧਿਐਨਾਂ ਦਾ ਹਵਾਲਾ ਦਿੱਤਾ ਗਿਆ ਹੈ ਤੇ ਉਮੀਦ ਕਰਦੇ ਹਾਂ ਕਿ ਇਹ ਲੇਖ ਪੜਨ ਤੋ ਬਾਅਦ ਸਮਾਜ ਵਿੱਚ ਸੰਗੀਤ ਸਿਖਿੱਆ ਨੂੰ ਇੱਕ ਜਰੂਰੀ ਵਿਸ਼ੇ ਵਾਂਗ ਲਿਆ ਜਾਵੇਗਾ।

ਵਿਸ਼ਵ ਭਰ ਵਿੱਚ ਹੋਏ ਅਤੇ ਹੋ ਰਹੇ ਤਜ਼ਰਬੇ ਅਤੇ ਅਧਿਐਨ ਇਹ ਸਿੱਧ ਕਰਦੇ ਹਨ ਕਿ ਸੰਗੀਤ ਕਲਾ ਬੱਚੇ ਦੇ ਸਰਵਪੱਖੀ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਇਸ ਕਰਕੇ ਛੋਟੀ ਉਮਰ ਤੋਂ ਹੀ ਬੱਚੇ ਨੂੰ ਸੰਗੀਤ ਨਾਲ਼ ਰੂ-ਬ-ਰੂ ਕਰਵਾਉਣਾ ਚਾਹੀਦਾ ਹੈ। ਅਧਿਐਨ ਇਹ ਸਾਬਤ ਕਰਦੇ ਹਨ ਕਿ ਸੰਗੀਤ ਬੱਚੇ ਦੀ ਯਾਦ ਸ਼ਕਤੀ, ਸਿਰਜਣਸ਼ੀਲਤਾ, ਤਰਕ, ਆਤਮ-ਵਿਸ਼ਵਾਸ਼, ਮੇਲ-ਜੋਲ਼, ਦ੍ਰਿੜ ਨਿਸ਼ਚੇ ਅਤੇ ਲਗਨ 'ਤੇ ਉਸਾਰੂ ਪ੍ਰਭਾਵ ਪਾਉਂਦਾ ਹੈ। ਇੱਕ ਗੱਲ ਹੋਰ, ਵਿਦਿਆਰਥੀਆਂ ਲਈ ਮਹੱਤਵਪੂਰਨ ਇਹ ਹੈ ਕਿ ਅਧਿਐਨ ਇਹ ਸਾਬਤ ਕਰਦੇ ਹਨ ਕਿ ਸੰਗੀਤ ਸਿੱਖਣ ਵਾਲ਼ੇ ਵਿਦਿਆਰਥੀ ਬਾਕੀ ਵਿਸ਼ਿਆਂ ਵਿੱਚ ਵੀ ਬਿਹਤਰ ਕਾਰਗੁਜ਼ਾਰੀ ਕਰਦੇ ਹਨ।

**1.) ਸੰਗੀਤ ਅਤੇ ਦਿਮਾਗੀ ਵਿਕਾਸ**

ਸੰਗੀਤ ਦਿਮਾਗ ਦੇ ਵੱਖੋ-ਵੱਖਰੇ ਹਿੱਸਿਆਂ ਵਿੱਚ ਜਾਂਦਾ ਹੈ ਅਤੇ ਉਹਨਾਂ ਹਿੱਸਿਆਂ ਨੂੰ ਪ੍ਰਭਾਵਿਤ ਕਰਦਾ ਹੈ, ਜਿਵੇਂ ਕਿ Corpus Callosum, Sensory cortex, Motor cortex, Hippocampus Cerebellum ਉੱਤੇ ਸੰਗੀਤ ਦਾ ਪ੍ਰਭਾਵ ਦੇਖਿਆ ਗਿਆ ਹੈ। A Neuro Scientists ਨੇ ਇਹ ਸਿੱਧ ਕੀਤਾ ਹੈ ਕਿ ਸੰਗੀਤ ਨਾਲ਼ ਜੁੜੇ ਲੋਕਾਂ ਵਿੱਚ ਨਿਊਰਲ ਐਕਟੀਵਿਟੀ ਦੂਜੇ ਲੋਕਾਂ ਨਾਲ਼ੋਂ ਜ਼ਿਆਦਾ ਹੁੰਦੀ ਹੈ। ਇਸਦਾ ਕਾਰਨ ਇਹ ਹੈ ਕਿ ਸੰਗੀਤਕ ਸਰਗਰਮੀ ਦੌਰਾਨ ਸੰਗੀਤਕਾਰ ਨੂੰ ਇੱਕੋ ਸਮੇਂ ਕਾਫੀ ਚੀਜ਼ਾਂ ਦਿਮਾਗ਼ 'ਚ ਰੱਖਣੀਆਂ ਪੈਂਦੀਆਂ ਹਨ ਅਤੇ ਕਈ ਚੀਜ਼ਾਂ ਉੱਤੇ ਧਿਆਨ ਕੇਂਦਰਤ ਕਰਨਾ ਪੈਂਦਾ ਹੈ, ਜਿਵੇਂ ਕਿ ਇੱਕ ਗੀਤ ਦੀ ਪੇਸ਼ਕਾਰੀ ਦੌਰਾਨ ਗਾਇਕ ਨੂੰ ਧੁਨ, ਤਾਲ, ਗੀਤ ਦੇ ਬੋਲ, ਆਪਣੀ ਪੇਸ਼ਕਾਰੀ, ਸਾਥੀ ਕਲਾਕਾਰਾਂ ਨਾਲ਼ ਤਾਲਮੇਲ ਆਦਿ ਸਭ ਗੱਲਾਂ ਧਿਆਨ ਵਿੱਚ ਰੱਖਣੀਆਂ ਪੈਂਦੀਆਂ ਹਨ। ਜਿਸ ਕਰਕੇ ਸੰਗੀਤ ਵਿੱਚ ਰੁਚੀ ਲੈਣ ਵਾਲ਼ੇ ਵਿਦਿਆਰਥੀ ਦਾ ਦਿਮਾਗੀ ਵਿਕਾਸ ਦੂਸਰੇ ਵਿਦਿਆਰਥੀਆਂ ਦੇ ਮੁਕਾਬਲੇ ਬਿਹਤਰ ਹੁੰਦਾ ਹੈ। ਦਿਮਾਗੀ ਸਮਰੱਥਾ ਨੂੰ ਆਈਕਿਊ ਲੈਵਲ ਰਾਹੀਂ ਨਾਪਿਆ ਜਾਂਦਾ ਹੈ। ਜਿਨ੍ਹਾਂ ਕਿਸੇ ਵਿਅਕਤੀ ਦਾ ਆਈਕਿਊ ਲੈਵਲ ਹੋਵੇਗਾ ਉਸਦਾ ਦਿਮਾਗ ਉਨ੍ਹਾਂ ਤੇਜ਼ ਤੇ ਬਿਹਤਰ ਮੰਨਿਆ ਜਾਂਦਾ ਹੈ। ਵਿਸਕੌਨਿਨ ਅਤੇ ਕੈਲੇਫੋਰਨੀਆ ਯੂਨੀਵਰਸਿਟੀਆਂ ਵਿੱਚ 3-4 ਸਾਲ ਦੇ ਬੱਚਿਆਂ ਉੱਤੇ ਹੋਏ ਅਧਿਐਨ ਤੋਂ ਇਹ ਸਿੱਧ ਹੋਇਆ ਹੈ ਕਿ 6 ਮਹੀਨੇ ਦੀ ਸੰਗੀਤ ਸਿੱਖਿਆ ਤੋਂ ਬਾਅਦ ਇਹਨਾਂ ਬੱਚਿਆਂ ਦੇ ਆਈਕਿਊ ਲੈਵਲ ਵਿੱਚ 34 ਫੀਸਦੀ ਵਾਧਾ ਹੋਇਆ।

**2) ਸੰਗੀਤ ਅਤੇ ਤਾਰਕਿਕ ਗੁਣ**

ਇੱਕ ਅਧਿਐਨ ਮੁਤਾਬਕ 3 ਜਾਂ ਉਸ ਤੋਂ ਵੱਧ ਸਮੇਂ ਦੀ ਸੰਗੀਤ ਸਿੱਖਿਆ ਪ੍ਰਾਪਤ ਵਿਦਿਆਰਥੀ ਤਾਰਕਿਕ ਗੁਣ ਦੇ ਸਵਾਲ ਬਿਹਤਰ ਢੰਗ ਨਾਲ਼ ਹੱਲ ਕਰਦੇ ਹਨ।

ਓਸਕੋਸ਼ ਦੀ ਿਸਚੋਨਸਿਨ ਅਤੇ ਇਰਵਾਇਨ ਦੀ ਕੈਲੀਫੋਰਨੀਆ ਯੂਨੀਵਰਸਿਟੀ ਦੇ ਅਧਿਐਨਕਰਤਾਵਾਂ ਨੇ ਆਪਣੇ ਅਧਿਐਨ ਤੋਂ ਬਾਅਦ ਇਹ ਜਾਣਕਾਰੀ ਦਿੱਤੀ ਹੈ ਕਿ ਛੋਟੇ ਬੱਚੇ, ਜਿਹਨਾਂ ਨੂੰ ਬਹੁਤ ਛੋਟੀ ਉਮਰ ਵਿੱਚ ਹੀ ਸੰਗੀਤ ਦੀ ਸਿੱਖਿਆ ਦਿੱਤੀ ਗਈ, ਉਹਨਾਂ ਨੇ ਤਾਰਕਿਕ ਗੁਣ ਦੇ ਇਮਤਿਹਾਨ ਵਿੱਚ ਬਿਹਤਰ ਕਾਰਗੁਜ਼ਾਰੀ ਕੀਤੀ। ਇਹੀ ਤਾਰਕਿਕ ਗੁਣ ਅੱਗੇ ਚੱਲ ਕੇ ਵਿਦਿਆਰਥੀ ਨੂੰ ਬਾਕੀ ਵਿਸ਼ੇ ਜਿਵੇਂ ਹਿਸਾਬ, ਵਿਗਿਆਨ ਆਦਿ ਨੂੰ ਸਮਝਣ ਵਿੱਚ ਬਹੁਤ ਮਦਦਗਾਰ ਸਿੱਧ ਹੁੰਦੇ ਹਨ।

**3) ਸੰਗੀਤ ਅਤੇ ਯਾਦ-ਸ਼ਕਤੀ**

ਦੁਨੀਆ ਭਰ ਵਿੱਚ ਹੋਏ ਵੱਖ-ਵੱਖ ਅਧਿਐਨ ਇਹ ਸਿੱਧ ਕਰਦੇ ਹਨ ਕਿ ਸੰਗੀਤ, ਮਨੁੱਖ ਦੀ ਯਾਦ-ਸ਼ਕਤੀ ਵਧਾਉਣ ਵਿੱਚ ਮਦਦਗਾਰ ਹੈ। ਵਿਗਿਆਨਕ ਤੱਥ ਹੈ ਕਿ ਯਾਦ-ਸ਼ਕਤੀ ਵਧਾਉਣ ਦੇ ਲਈ ਜ਼ਿਆਦਾ ਤੋਂ ਜ਼ਿਆਦਾ ਚੀਜ਼ਾਂ ਨੂੰ ਯਾਦ ਕਰਨ ਲਈ ਦਿਮਾਗੀ ਕਸਰਤਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ। ਸੰਗੀਤ ਸਿੱਖਣ ਵਾਲ਼ੇ ਵਿਦਿਆਰਥੀਆਂ ਨੂੰ ਬਹੁਤ ਕੁਝ ਯਾਦ ਰੱਖਣਾ ਪੈਂਦਾ ਹੈ, ਜਿਸ ਤਰ੍ਹਾਂ ਕਿ ਕਈ ਧੁਨਾਂ, ਕਈ ਤਾਲਾਂ, ਗੀਤਾਂ ਦੇ ਬੋਲ, ਕਈ ਹੋਰ ਸੰਗੀਤਕ ਤੱਥ, ਇਸ ਦੌਰਾਨ ਉਨ੍ਹਾਂ ਦਾ ਦਿਮਾਗ ਇਨ੍ਹਾਂ ਸਭ ਚੀਜ਼ਾਂ ਨੂੰ ਅਤੇ ਹੋਰ ਨਵੀਨ ਚੀਜ਼ਾਂ ਨੂੰ ਯਾਦ ਕਰਨ ਦਾ ਆਦੀ ਹੋ ਜਾਂਦਾ ਹੈ। 6 ਤੋਂ 15 ਸਾਲ ਦੀ ਉਮਰ ਦੇ 90 ਲੜਕਿਆਂ 'ਤੇ ਕੀਤੇ ਇੱਕ ਦੁਨੀਆ ਭਰ ਵਿੱਚ ਹੋਏ ਵੱਖ-ਵੱਖ ਅਧਿਐਨ ਇਹ ਸਿੱਧ ਕਰਦੇ ਹਨ ਕਿ ਸੰਗੀਤ, ਮਨੁੱਖ ਦੀ ਯਾਦ-ਸ਼ਕਤੀ ਵਧਾਉਣ ਵਿੱਚ ਮਦਦਗਾਰ ਹੈ। ਵਿਗਿਆਨਕ ਤੱਥ ਹੈ ਕਿ ਯਾਦ-ਸ਼ਕਤੀ ਵਧਾਉਣ ਦੇ ਲਈ ਜ਼ਿਆਦਾ ਤੋਂ ਜ਼ਿਆਦਾ ਚੀਜ਼ਾਂ ਨੂੰ ਯਾਦ ਕਰਨ ਲਈ ਦਿਮਾਗੀ ਕਸਰਤਾਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।ਸੰਗੀਤ ਸਿੱਖਣ ਵਾਲ਼ੇ ਵਿਦਿਆਰਥੀਆਂ ਨੂੰ ਬਹੁਤ ਕੁਝ ਯਾਦ ਰੱਖਣਾ ਪੈਂਦਾ ਹੈ, ਜਿਸ ਤਰ੍ਹਾਂ ਕਿ ਕਈ ਧੁਨਾਂ, ਕਈ ਤਾਲਾਂ, ਗੀਤਾਂ ਦੇ ਬੋਲ, ਕਈ ਹੋਰ ਸੰਗੀਤਕ ਤੱਥ, ਇਸ ਦੌਰਾਨ ਉਨ੍ਹਾਂ ਦਾ ਦਿਮਾਗ ਇਨ੍ਹਾਂ ਸਭ ਚੀਜ਼ਾਂ ਨੂੰ ਅਤੇ ਹੋਰ ਨਵੀਨ ਚੀਜ਼ਾਂ ਨੂੰ ਯਾਦ ਕਰਨ ਦਾ ਆਦੀ ਹੋ ਜਾਂਦਾ ਹੈ। 6 ਤੋਂ 15 ਸਾਲ ਦੀ ਉਮਰ ਦੇ 90 ਲੜਕਿਆਂ 'ਤੇ ਕੀਤੇ ਇੱਕ ਅਧਿਐਨ ਵਿੱਚ ਇਹ ਦੇਖਿਆ ਗਿਆ ਕਿ ਜਦੋਂ ਉਨ੍ਹਾਂ ਵਿੱਚੋਂ 45 ਲੜਕਿਆਂ ਨੂੰ 5 ਸਾਲ ਲਈ ਸੰਗੀਤ ਦੀ ਸਿੱਖਿਆ ਦਿੱਤੀ ਗਈ ਤਾਂ ਉਨ੍ਹਾਂ ਦੀ ਯਾਦ-ਸ਼ਕਤੀ ਦੂਸਰੇ ਲੜਕਿਆਂ ਨਾਲ਼ੋਂ ਕਿਤੇ ਜ਼ਿਆਦਾ ਦੇਖੀ ਗਈ। ਇੱਕ ਹੋਰ ਖਾਸ ਗੱਲ, ਉਹਨਾਂ ਦੀ ਯਾਦ-ਸ਼ਕਤੀ ਜਿਆਦਾ ਦੇਰ ਤੱਕ ਕਾਇਮ ਰਹੀ। ਇਸ ਪ੍ਰਕਾਰ ਸੰਗੀਤ, ਮਨੁੱਖ ਦੀ ਯਾਦ-ਸ਼ਕਤੀ ਲੰਬੇ ਸਮੇਂ ਤੱਕ ਬਣਾਈ ਰੱਖਣ ਵਿੱਚ ਸਹਾਈ ਹੈ। ਇਸ ਪ੍ਰਕਾਰ ਅਸੀਂ ਦੇਖਦੇ ਹਾਂ ਕਿ ਸੰਗੀਤ ਸੁਣਨਾ, ਸੰਗੀਤ ਵਿੱਚ ਰੁਚੀ ਲੈਣ ਵਾਲ਼ਾ ਵਿਦਿਆਰਥੀ ਆਪਣੇ ਬਾਕੀ ਵਿਸ਼ਿਆਂ ਨੂੰ ਵੀ ਬੇਹਤਰ ਢੰਗ ਨਾਲ਼ ਅਤੇ ਲੰਬੇ ਸਮੇਂ ਤੱਕ ਯਾਦ ਰੱਖ ਸਕਦਾ ਹੈ।

**4) ਸੰਗੀਤ ਅਤੇ ਸਿਰਜਣਾਤਮਕ-ਸ਼ਕਤੀ**

ਇੱਕ ਸੰਗੀਤਕਾਰ ਹਮੇਸ਼ਾ ਨਵੀਨ ਕੰਮ ਕਰਨ ਬਾਰੇ ਸੋਚਦਾ ਹੈ। ਉਸਦੇ ਦਿਮਾਗ ਵਿੱਚ ਹਰ ਸਮੇਂ ਕੋਈ ਨਵੀਂ ਧੁਨ, ਨਵੇਂ ਰਾਗ, ਨਵੇਂ ਗੀਤ ਆਉਂਦੇ ਰਹਿੰਦੇ ਹਨ। ਉਹ ਗੀਤ ਸੁਣਕੇ ਉਸ ਵਿੱਚ ਨਵੇਂ ਪ੍ਰਯੋਗ ਕਰਨ ਬਾਰੇ ਸੋਚਦਾ ਹੈ। ਉਸ ਦਾ ਨਜ਼ਰੀਆ ਅਗਾਂਹਵਧੂ ਅਤੇ ਸਿਰਜਣਾਤਮਕ ਬਣ ਜਾਂਦਾ ਹੈ। ਉਹ ਹਰ ਕੰਮ ਨੂੰ ਨਵੇਂ ਰਾਹ ਲੱਭਣ ਦੀ ਕੋਸ਼ਸ਼ ਕਰਦਾ ਹੈ। ਸੰਗੀਤ ਸਿੱਖਣ ਵਾਲ਼ੇ ਵਿਦਿਆਰਥੀ ਲਕੀਰ ਦੇ ਫਕੀਰ ਨਾ ਹੋ ਕੇ ਚੀਜ਼ਾਂ ਨੂੰ ਨਵੀਂ ਤਰ੍ਹਾਂ ਨਾਲ਼ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਬਾਕੀਆਂ ਵਿਦਿਆਰਥੀਆਂ ਦੇ ਮੁਕਾਬਲੇ ਵਧੇਰੇ ਸਿਰਜਾਣਤਮਕ ਹੁੰਦੇ ਹਨ।

**5) ਸੰਗੀਤ ਅਤੇ ਬਾਕੀ ਵਿਸ਼ਿਆਂ ਦਾ ਆਪਸੀ ਸਬੰਧ**

ਇਹ ਗੱਲ ਖੋਜ ਦੌਰਾਨ ਸਾਹਮਣੇ ਆਈ ਹੈ ਕਿ ਸੰਗੀਤ ਸਿੱਖਣ ਵਿਦਿਆਰਥੀ ਨੂੰ ਬਾਕੀ ਦੇ ਵਿਸ਼ੇ ਸਹੀ ਤਰ੍ਹਾਂ ਸਮਝਣ ਵਿੱਚ ਮਦਦ ਕਰਦਾ ਹੈ। ਭਾਸ਼ਾਵਾਂ, ਗਣਿਤ ਅਤੇ ਬਾਕੀ ਵਿਸ਼ੇ ਸਭ ਸੰਗੀਤ ਦੀ ਮਦਦ ਨਾਲ਼ ਬਿਹਤਰ ਤਰੀਕੇ ਨਾਲ਼ ਅਤੇ ਛੇਤੀ ਸਿੱਖੇ ਜਾ ਸਕਦੇ ਹਨ।

ਸੰਗੀਤ ਬੱਚੇ ਦੇ ਦਿਮਾਗ ਅਤੇ ਨਵੇਂ ਸ਼ਬਦਾਂ ਦੇ ਵਿੱਚ ਧੁਨੀ ਅਤੇ ਤਾਲ ਦੁਆਰਾ ਇੱਕ ਲਿੰਕ ਜਾਂ ਕਨੈਕਸ਼ਨ ਸਥਾਪਤ ਕਰਦਾ ਹੈ। ਜਿਹੜਾ ਕਿ ਬੱਚੇ ਨੂੰ ਭਾਸ਼ਾ ਦੇ ਨਵੇਂ ਸ਼ਬਦ ਯਾਦ ਕਰਵਾਉਣ ਵਿੱਚ ਮਦਦਗਾਰ ਹੁੰਦਾ ਹੈ। ਇਸੇ ਕਰਕੇ ਛੋਟੇ ਬੱਚਿਆਂ ਨੂੰ ਸੰਗੀਤਕ ਵਿਧੀਆਂ ਨਾਲ਼ ਜੜਾਉਣ ਉੱਤੇ ਜ਼ੋਰ ਦਿੱਤਾ ਜਾਂਦਾ ਹੈ। ਇੱਕ ਬੱਚੇ ਦੇ ਜੀਵਨ ਵਿੱਚ ਜਿੰਨਾ ਜ਼ਿਆਦਾ ਸੰਗੀਤ ਦਾ ਪ੍ਰਭਾਵ ਹੋਵੇਗਾ ਉਹ ਓਨਾ ਹੀ ਛੇਤੀ ਅਤੇ ਅਸਾਨੀ ਨਾਲ਼ ਬੋਲਣਾ ਸਿੱਖੇਗਾ। ਇਹ ਗੱਲ 4-5 ਸਾਲ ਦੇ ਬੱਚਿਆਂ ਉੱਤੇ ਕੀਤੇ ਅਧਿਐਨ ਤੋਂ ਵੀ ਸਿੱਧ ਹੋਈ ਹੈ ਜਿਸ ਵਿੱਚ ਇਹ ਦੇਖਿਆ ਗਿਆ ਕਿ ਜਿੰਨਾ ਜ਼ਿਆਦਾ ਉਨ੍ਹਾਂ ਨੂੰ ਸੰਗੀਤਕ ਮਹੌਲ ਦਿੱਤਾ ਗਿਆ। ਉਨ੍ਹਾਂ ਵਿੱਚ ਪੜ੍ਹਨ ਦੀ ਕਲਾ ਦਾ ਉਨਾ ਹੀ ਜ਼ਿਆਦਾ ਵਿਕਾਸ ਹੋਇਆ। ਇਸੇ ਤਰ੍ਹਾਂ ਗਣਿਤ ਵਿਸ਼ੇ ਨੂੰ ਸਿੱਖਣ ਅਤੇ ਸਮਝਣ ਵਿੱਚ ਵੀ ਸੰਗੀਤ ਮਹੱਤਵਪੂਰਨ ਭੂਮਿਕਾ ਯੂਨੀਵਰਸਿਟੀ ਆਫ਼ ਕਾਨਸਾਸ ਦੇ ਪ੍ਰੋਫੈਸਰ ਜੇ. ਕਰਿਸਟੋਫਰ ਦੁਆਰਾ ਐਲੀਮੈਂਟਰੀ ਸਕੂਲ ਦੇ ਵਿਦਿਆਰਥੀਆਂ ਉੱਤੇ ਕੀਤੇ ਅਧਿਐਨ ਵਿੱਚ ਇਹ ਦੇਖਿਆ ਗਿਆ ਹੈ ਕਿ ਜਿਨ੍ਹਾਂ ਵਿਦਿਆਰਥੀਆਂ ਨੂੰ ਸੰਗੀਤ ਦੀ ਸਿੱਖਿਆ ਦਿੱਤੀ ਗਈ ਉਨ੍ਹਾਂ ਨੇ ਦੂਜੇ ਵਿਦਿਆਰਥੀਆਂ ਦੀ ਮੁਤਾਬਕ ਗਣਿਤ ਵਿੱਚ 20 ਫੀਸਦੀ ਜ਼ਿਆਦਾ ਅੰਕ ਹਾਸਲ ਕੀਤਾ। ਇਸੇ ਤਰ੍ਹਾਂ ਸੰਗੀਤ ਬਾਕੀ ਵਿਸ਼ਿਆਂ ਨੂੰ ਸਮਝਣ ਵਿੱਚ ਵੀ ਵਿਦਿਆਰਥੀ ਲਈ ਸਹਾਇਕ ਹੈ।

**6) ਸੰਗੀਤ ਵਿਦਿਆਰਥੀ ਦੇ ਬਹੁਪੱਖੀ ਵਿਕਾਸ ਦੀ ਕੁੰਜੀ**

ਸੰਗੀਤ ਵਿਦਿਆਰਥੀ ਦੇ ਬਹੁਪੱਖੀ ਵਿਕਾਸ ਦੀ ਕੁੰਜੀ ਸੰਗੀਤ ਇੱਕ ਅਜਿਹੀ ਕਲਾ ਹੈ ਜੋ ਵਿਦਿਆਰਥੀ ਦੀ ਸ਼ਖਸ਼ੀਅਤ ਨੂੰ ਪੂਰੀ ਤਰ੍ਹਾਂ ਨਿਖਾਰਨ ਵਿੱਚ ਸਹਾਇਕ ਹੈ, ਕਈ ਜ਼ਰੂਰੀ ਗੁਣ ਜੋ ਕਿ ਅੱਗੇ ਚੱਲ ਕੇ ਮਨੁੱਖ ਦੇ ਜੀਵਨ ਵਿੱਚ ਬੇਹੱਦ ਜ਼ਰੂਰੀ ਸਿੱਧ ਹੁੰਦੇ ਹਨ ਜਿਨ੍ਹਾਂ ਬਾਰੇ ਸੰਖੇਪ ਵਿੱਚ ਚਰਚਾ ਕਰਨੀ ਜ਼ਰੂਰੀ ਹੈ।

ਇਕਾਗਰਤਾ ਇੱਕ ਅਜਿਹਾ ਗੁਣ ਹੈ ਜੋ ਹਰ ਕੰਮ ਨੂੰ ਬੇਹਤਰ ਤਰੀਕੇ ਨਾਲ਼ ਕਰਨ ਦੀ ਮੁੱਢਲੀ ਲੋੜ ਹੈ। ਸੰਗੀਤ ਸੁਣਨਾ ਅਤੇ ਸੰਗੀਤ ਦਾ ਅਭਿਆਸ ਕਰਨਾ, ਦੋਵੇਂ ਵਿਦਿਆਰਥੀ ਨੂੰ ਇਕਾਗਰ ਬਣਾਉਣ ਵਿੱਚ ਮਦਦ ਕਰਦੇ ਹਨ। ਅੱਜ ਕੱਲ੍ਹ ਤਾਂ ਜਪਾਨ ਦੇ ਕਈ ਸਕੂਲਾਂ ਵਿੱਚ ਮੌਜ਼ਾਰਤ ਦਾ ਸੰਗੀਤ, ਹਿਸਾਬ ਦੇ ਪੀਰੀਅਡ ਵਿੱਚ ਵਿਦਿਆਰਥੀਆਂ ਨੂੰ ਸੁਣਾਇਆ ਜਾ ਰਿਹਾ ਹੈ ਤਾਂ ਜੋ ਉਹ ਬਿਹਤਰ ਕਾਰਗੁਜ਼ਾਰੀ ਕਰ ਸਕਣ। ਭਾਰਤ ਵਿੱਚ ਰਾਗਾਂ ਦੇ ਪ੍ਰਭਾਵ ਉੱਤੇ ਅਧਿਐਨ ਕੀਤਾ ਜਾ ਰਿਹਾ ਹੈ।

ਮਨੁੱਖ ਦਾ ਵੱਡਾ ਗੁਣ ਹੈ ਮਿਲ਼ਵਰਤਨ। ਸੰਗੀਤ ਸਿੱਖਣ ਵੇਲ਼ੇ ਅਤੇ ਸਮੂਹ ਵਿੱਚ ਪੇਸ਼ਕਾਰੀ ਕਰਨ ਵੇਲ਼ੇ ਵਿਦਿਆਰਥੀ, ਕਈ ਹੋਰ ਵਿਦਿਆਰਥੀਆਂ ਦੇ ਸੰਪਰਕ ਵਿੱਚ ਆਉਂਦਾ ਹੈ ਅਤੇ ਆਪਸੀ ਤਾਲਮੇਲ ਬਣਾਉਣ ਦੀ ਕੋਸ਼ਿਸ਼ ਕਰਦਾ ਹੈ ਇਸ ਤਰ੍ਹਾਂ ਉਸਦੇ ਸੁਭਾਅ ਵਿੱਚ ਮਿਲ਼ਵਰਤਨ ਵਰਗੇ ਵਧੀਆ ਗੁਣ ਆ ਜਾਂਦੇ ਹਨ।

ਠਰੰਮਾ ਅਤੇ ਦ੍ਰਿੜ ਇਰਾਦਾ ਸੰਗੀਤ ਸਿੱਖਣ ਵੇਲ਼ੇ ਕਰਵਾਏ ਅਭਿਆਸ ਨਾਲ਼, ਵਾਰ-ਵਾਰ ਗਲਤੀ ਕਰ-ਕਰ ਕੇ ਸਿੱਖਣ ਦਾ ਤਜ਼ਰਬਾ ਵਿਦਿਆਰਥੀ ਵਿੱਚ ਸਬਰ ਅਤੇ ਦ੍ਰਿੜ ਇਰਾਦੇ ਵਰਗੇ ਮਹੱਤਵਪੂਰਨ ਗੁਣ ਪੈਦਾ ਹੋ ਜਾਂਦੇ ਹਨ। ਸਖ਼ਤ ਮਿਹਨਤ ਵਿਦਿਆਰਥੀ ਨੂੰ ਜੀਵਨ ਪ੍ਰਤੀ ਸਕਾਰਾਤਮਕ ਸੋਚ ਪੈਦਾ ਕਰਨ ਵਿੱਚ ਮਦਦ ਕਰਦੀ ਹੈ।

ਆਤਮ-ਵਿਸ਼ਵਾਸ਼ ,ਸੰਗੀਤ ਮਨੁੱਖ ਨੂੰ ਆਤਮ-ਵਿਸ਼ਵਾਸ਼ ਪ੍ਰਦਾਨ ਕਰਦਾ ਹੈ। ਸੰਗੀਤ ਸਿੱਖ ਕੇ ਜਦੋਂ ਵਿਦਿਆਰਥੀ ਮੰਚ 'ਤੇ ਸੰਗੀਤ ਪੇਸ਼ ਕਰਦਾ ਹੈ ਤਾਂ ਉਸਦਾ ਆਤਮ-ਵਿਸ਼ਵਾਸ਼ ਵਧਦਾ ਹੈ ਅਤੇ ਉਸਦਾ ਅੰਦਰੂਨੀ ਡਰ ਨਿੱਕਲਦਾ ਹੈ।

ਇਸ ਪ੍ਰਕਾਰ ਸੰਗੀਤ ਇੱਕ ਵਿਦਿਆਰਥੀ ਦੇ ਜੀਵਨ ਵਿੱਚ, ਉਸਦੇ ਸਰਵਪੱਖੀ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਸਕਦਾ ਹੈ। ਅੱਜ ਜ਼ਰੂਰਤ ਹੈ ਇੱਕ-ਜੁਟ ਹੋ ਕੇ ਬੱਚਿਆਂ ਤੱਕ, ਵਿਦਿਆਰਥੀਆਂ ਤੱਕ ਉਸਾਰੂ ਅਤੇ ਵਧੀਆ ਸੰਗੀਤ ਲੈ ਕੇ ਜਾਇਆ ਜਾਏ, ਉਹਨਾਂ ਨੂੰ ਸੰਗੀਤਕ ਮਹੌਲ ਪ੍ਰਦਾਨ ਕੀਤਾ ਜਾਵੇ ਤਾਂ ਜੋ ਉਹ ਸੂਝਵਾਨ ਅਤੇ ਸੁਹਿਰਦ ਨਾਗਰਿਕ ਬਣ ਕੇ ਸਮਾਜ ਦੇ ਵਿੱਚ ਆਪਣੀ ਜ਼ਿੰਮੇਵਾਰੀਆਂ ਨੂੰ ਸਹੀ ਢੰਗ ਨਾਲ਼ ਨਿਭਾ ਸਕਣ।



ਦਵਿੰਦਰ ਕੌਰ ਖੁਸ਼ ਧਾਲੀਵਾਲ,
ਖੋਜ ਕਰਤਾ, ਧੂਰਕੋਟ ਮੋਗਾ
8847227740

## ਬੁੱਧ ਬਾਣ

# ਮੁੱਦਿਆਂ ਵਿਹੂਣੀ ਸਿਆਸੀ ਸਰਕਸ!



ਇਸ ਸਮੇਂ ਪੰਜਾਬ ਵਿੱਚ ਮੁੱਦਿਆਂ ਤੋਂ ਵਿਹੂਣੀ ਸਿਆਸੀ ਸਰਕਸ ਲੋਕਾਂ ਨੂੰ ਦਿਖਾਈ ਜਾ ਰਹੀ ਹੈ। ਇਸ ਸਰਕਸ ਦਾ ਕੌਣ ਸੂਤਰਧਾਰ ਹੈ, ਪੰਜਾਬ ਦੇ ਲੋਕਾਂ ਨੂੰ ਸਮਝ ਨਹੀਂ ਆਉਂਦੀ ਪਰ ਸਿਆਸੀ ਪੰਡਿਤ ਦੱਸਦੇ ਹਨ ਕਿ ਇਸ ਦੀਆਂ ਸਾਰੀਆਂ ਤੰਦਾਂ ਦਿੱਲੀ ਦਰਬਾਰ ਨਾਲ ਜੁੜਦੀਆਂ ਹਨ। ਦਿੱਲੀ ਦਾ ਦਰਬਾਰ ਨਹੀਂ ਚਾਹੁੰਦਾ ਕਿ ਪੰਜਾਬ ਵਿੱਚ ਅਮਨ ਸ਼ਾਂਤੀ ਹੋਵੇ ਤੇ ਪੰਜਾਬ ਦੇ ਲੋਕ ਸੁਖ ਸਾਂਦ ਦੀ ਜ਼ਿੰਦਗੀ ਜਿਉਣ। ਇਸ ਲਈ ਉਹ ਲਗਾਤਾਰ ਪੰਜਾਬ ਵਿੱਚ ਆਪਣੀਆਂ ਕਠਪੁਤਲੀਆਂ ਨੂੰ ਨਾਚ ਨਚਾ ਰਿਹਾ ਹੈ। ਪੰਜਾਬ ਦੀਆਂ ਬੁਨਿਆਦੀ ਸਮੱਸਿਆਵਾਂ ਨੂੰ ਅੱਖੋਂ ਪਰੋਖੇ ਕਰਨ ਲਈ ਇਸ ਤਰ੍ਹਾਂ ਦੀਆਂ ਖੇਡਾਂ ਖੇਡੀਆਂ ਜਾ ਰਹੀਆਂ ਹਨ ਜਿਸ ਦੀ ਆਮ ਲੋਕਾਂ ਨੂੰ ਸਮਝ ਨਹੀਂ ਪੈਂਦੀ। ਭਾਜਪਾ ਸਰਕਾਰ ਪੰਜਾਬ ਦੇ ਹਰ ਮਹੀਨੇ ਟੀਕਾ ਲਾ ਕੇ ਟੋਹਦੀ ਹੈ। ਉਸ ਨੇ ਪੰਜਾਬ ਨੂੰ ਪ੍ਰਯੋਗਸ਼ਾਲਾ ਬਣਾ ਕੇ ਰੱਖਿਆ ਹੋਇਆ ਹੈ, ਜਿੱਥੇ ਉਹ ਹਰ ਤਰ੍ਹਾਂ ਦੇ ਤਜਰਬੇ ਕਰਦੀ ਹੈ। ਸਿਆਸੀ ਵਿਸ਼ਲੇਸ਼ਣ ਕਾਰਾਂ ਨੇ ਕਦੇ ਆਖਿਆ ਸੀ ਕਿ ਕੇਂਦਰ ਸਰਕਾਰ ਨੇ ਜੰਮੂ ਕਸ਼ਮੀਰ ਨੂੰ ਤਾਂ ਡਾਂਗ ਦੇ ਜੋਰ ਨਾਲ ਕਾਬੂ ਕਰ ਲਿਆ ਹੈ ਤੇ ਹੁਣ ਪੰਜਾਬ ਦੀ ਵਾਰੀ ਹੈ। ਇਸ ਲਈ ਉਹ ਪੰਜਾਬ ਵਿੱਚ ਲਗਾਤਾਰ ਇਹੋ ਜਿਹੇ ਮੁੱਦਿਆਂ ਨੂੰ ਉਭਾਰ ਰਹੀ ਹੈ ਜਿਨਾਂ ਦਾ ਪੰਜਾਬ ਦੇ ਸਮਾਜਿਕ,ਰਾਜਨੀਤਿਕ, ਸੱਭਿਆਚਾਰਕ, ਧਾਰਮਿਕ, ਸਿਹਤ ਤੇ ਸਿੱਖਿਆ ਨਾਲ ਕੋਈ ਸਬੰਧ ਨਹੀਂ ਹੈ, ਜਦੋਂ ਕਿ ਪੰਜਾਬ ਦੇ ਇਹ ਬੁਨਿਆਦੀ ਮੁੱਦੇ ਹਨ ।ਪੰਜਾਬ ਵਿੱਚ ਬੇਰੁਜ਼ਗਾਰੀ, ਨਸ਼ੇ, ਰੇਤ ਮਾਫੀਆ, ਗੈਂਗਸਟਰ ਅਤੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਲਗਾਤਾਰ ਵੱਧ ਰਹੀਆਂ ਹਨ। ਇਹਨਾਂ ਮੁੱਦਿਆਂ ਤੋਂ ਲੋਕਾਂ ਦਾ ਧਿਆਨ ਭਟਕਾਉਣ ਲਈ ਪੰਜਾਬ ਵਿੱਚ ਆਪਣੀਆਂ ਕਠਪੁਤਲੀਆਂ ਪਾਰਟੀਆਂ ਰਾਹੀਂ ਰੌਲ ਘਚੋਲੇ ਦਾ ਬਿਰਤਾਂਤ ਸਿਰਜਿਆ ਜਾ ਰਿਹਾ ਹੈ। ਹੁਣ ਪੰਜਾਬ ਵਿੱਚ ਨਵਾਂ ਮੁੱਦਾ ਭਈਆਂ ਨੂੰ ਭਜਾਉਣ ਦਾ ਖੜਾ ਕਰ ਦਿੱਤਾ ਹੈ। ਪੰਜਾਬ ਵਿੱਚ ਪੰਜਾਬੀਆਂ ਨੇ ਹਰ ਤਰ੍ਹਾਂ ਦੇ ਕਿੱਤੇ ਤੋਂ ਮੁੱਖ ਮੋੜ ਲਿਆ ਹੈ, ਇਸ ਕਰਕੇ ਭਈਆਂ ਨੇ ਉਹਨਾਂ ਕਿੱਤਿਆਂ ਉੱਤੇ ਕਬਜ਼ਾ ਕਰਕੇ ਪੰਜਾਬੀਆਂ ਨੂੰ ਕੇਵਲ ਲੜਨ ਤੇ ਝਗੜਨ ਲਈ ਵਿਹਲੇ ਕਰ ਦਿੱਤਾ ਹੈ। ਚਾਹੀਦਾ ਤਾਂ ਇਹ ਹੈ ਕਿ ਪੰਜਾਬ ਦੇ ਲੋਕ ਆਪਣੇ ਬੱਚਿਆਂ ਨੂੰ ਛੋਟੇ ਛੋਟੇ ਕਿੱਤਿਆਂ ਵੱਲ ਤੋਰਨ ਪਰ ਉਹ ਬੱਚਿਆਂ ਨੂੰ ਲੱਖਾਂ ਰੁਪਏ ਖਰਚ ਕੇ ਵਿਦੇਸ਼ਾਂ ਵਿੱਚ ਘੱਲ ਰਹੇ ਹਨ, ਜਿੱਥੇ ਉਨਾਂ ਦਾ ਭਵਿੱਖ ਵੀ ਦਾਅ ਉੱਤੇ ਲੱਗਿਆ ਹੋਇਆ ਹੈ। ਕੈਨੇਡਾ ਦੇ ਨਾਲ ਭਾਰਤ ਦੇ ਸਬੰਧ ਲਗਾਤਾਰ ਵਿਗੜਨ ਕਾਰਨ ਉਹਨਾਂ ਦਾ ਭਵਿੱਖ ਖਤਰੇ ਵਿੱਚ ਆ ਗਿਆ ਹੈ। ਪੰਜਾਬ ਦੀਆਂ ਸਿਆਸੀ ਪਾਰਟੀਆਂ ਨੇ ਮੁਫਤ ਦੀਆਂ ਸਕੀਮਾਂ ਚਲਾ ਕੇ ਪੰਜਾਬ ਦੇ ਲੋਕਾਂ ਨੂੰ ਵਿਹਲੜ ਤੇ ਨਸ਼ੇੜੀ ਬਣਾ ਦਿੱਤਾ ਹੈ। ਇਸ ਸਮੇਂ ਪੰਜਾਬ ਵਿੱਚ ਹਰ ਤਰ੍ਹਾਂ ਦਾ ਮਾਫੀਆ ਪੂਰੀ ਤਰ੍ਹਾਂ ਸਰਗਰਮ ਹੈ ਤੇ ਪੰਜਾਬ ਸਰਕਾਰ ਹੱਥ ਤੇ ਹੱਥ ਧਰੀ ਬੈਠੀ ਹੈ ਤੇ ਆਮ ਲੋਕ ਉਹਨਾਂ ਮਾਫੀਆਂ ਦਾ ਸ਼ਿਕਾਰ ਹੋ ਰਹੇ ਹਨ। ਪੰਜਾਬ ਵਿੱਚ ਲਗਾਤਾਰ ਹੋ ਰਹੇ ਕਤਲ ਅਤੇ ਲੁੱਟਾਂ ਖੋਹਾਂ ਦੀਆਂ ਵਾਰਦਾਤਾਂ ਤੋਂ ਲੋਕ ਬਹੁਤ ਦੁਖੀ ਹਨ ਪਰ ਉਹਨਾਂ ਦਾ ਦੁੱਖ ਸੁਣਨ ਵਾਲਾ ਕੋਈ ਨਹੀਂ ਹੈ। ਪੰਜਾਬ ਦੀ ਆਰਥਿਕ ਰੀੜ੍ਹ ਦੀ ਹੱਡੀ ਨੂੰ ਤੋੜਨ ਲਈ ਇਸ ਵਾਰ ਕਿਸਾਨਾਂ ਨੂੰ ਮੰਡੀਆਂ ਦੇ ਵਿੱਚ ਰੋਲਿਆ ਹੈ। ਇਹ ਸਾਰਾ ਕੁੱਝ ਕੇਂਦਰ ਸਰਕਾਰ ਨੇ ਪੰਜਾਬ ਸਰਕਾਰ ਦੇ ਨਾਲ ਰਲ ਕੇ ਕੀਤਾ ਹੈ। ਪੰਜਾਬ ਸਰਕਾਰ ਜਿਹੜੀ ਲੋਕਾਂ ਨੂੰ ਨਵਾਂ ਬਦਲਾਅ ਲਿਆਉਣ ਦੇ ਨਾਅਰੇ ਨਾਲ ਬਣੀ ਸੀ, ਉਹ ਪੰਜਾਬ ਦੇ ਲੋਕਾਂ ਤੋਂ ਬਦਲੇ ਲੈ ਰਹੀ ਹੈ। ਪੰਜਾਬ ਦੇ ਸੈਕਟਰੀਏਟ ਵਿੱਚ ਦਿੱਲੀ ਤੋਂ ਬਿਠਾਏ ਅਰਵਿੰਦ ਕੇਜਰੀਵਾਲ ਦੇ ਨੁਮਾਇੰਦੇ ਪੰਜਾਬ ਲਈ ਨੀਤੀਆਂ ਘੜਦੇ ਹਨ। ਉਨਾਂ ਨੂੰ ਨਾ ਤਾਂ ਪੰਜਾਬ ਦੇ ਸੱਭਿਆਚਾਰ ਦਾ ਪਤਾ ਹੈ ਤੇ ਨਾ ਹੀ ਉਹਨਾਂ ਨੂੰ ਇਥੋਂ ਦੇ ਲੋਕਾਂ ਦੀਆਂ ਮੁਸ਼ਕਲਾਂ ਦਾ ਗਿਆਨ ਹੈ। ਪੰਜਾਬ ਇਸ ਸਮੇਂ ਕਰਜ਼ੇ ਦੀ ਮਾਰ ਹੇਠ ਬੁਰੀ ਤਰਾਂ ਆ ਗਿਆ ਹੈ, ਪੰਜਾਬ ਸਰਕਾਰ ਲਗਾਤਾਰ ਕਰਜ਼ਾ ਲੈ ਕੇ ਲੋਕਾਂ ਸਿਰ ਬੋਝ ਵਧਾ ਰਹੀ ਹੈ। ਪੰਜਾਬ ਦੀਆਂ ਬੁਨਿਆਦੀ ਸਮੱਸਿਆਵਾਂ ਤੋਂ ਧਿਆਨ ਹਟਾਉਣ ਲਈ ਕਦੇ ਧਾਰਮਿਕ ਮੁੱਦਾ, ਕਦੇ ਸਿਆਸੀ ਮੁੱਦਾ ਤੇ ਕਦੇ ਭਈਆਂ ਨੂੰ ਭਜਾਉਣ ਦਾ ਮੁੱਦਾ ਉਭਾਰਿਆ ਜਾਂਦਾ ਹੈ। ਇਸ ਸਮੇਂ ਪੰਜਾਬ ਦੇ ਲੋਕਾਂ ਨੂੰ ਸਮਝ ਨਹੀਂ ਲੱਗਦੀ ਕਿ ਉਹਨਾਂ ਦਾ ਹਮਦਰਦ ਕੌਣ ਹੈ ਤੇ ਦੁਸ਼ਮਣ ਕੌਣ ਹੈ ।ਪੰਜਾਬ ਵਿੱਚ ਭਰਾ ਮਾਰੂ ਜੰਗ ਸ਼ੁਰੂ ਹੋ ਗਈ ਹੈ, ਪੰਜਾਬੀ ਫਿਰ ਇੱਕ ਦੂਜੇ ਨੂੰ ਮਾਰਨ ਲਈ ਸਰਗਰਮ ਹੋ ਗਏ ਹਨ। ਇਸ ਸੱਚ ਤੋਂ ਮੁਨਕਰ ਨਹੀਂ ਹੋਇਆ ਜਾ ਸਕਦਾ ਕਿ ਕੇਂਦਰ ਦੀ ਭਾਜਪਾ ਸਰਕਾਰ ਪੰਜਾਬ ਨੂੰ ਬਲਦੀ ਦੇ ਬੂਥੇ ਵਿੱਚ ਧੱਕਣ ਲਈ ਪੱਬਾਂ ਭਾਰ ਹੋਈ ਪਈ ਹੈ। ਪੰਜਾਬ ਵਿੱਚ ਸ਼੍ਰੋਮਣੀ ਅਕਾਲੀ ਦਲ ਬਾਦਲ ਵਿੱਚ ਚੱਲ ਰਿਹਾ ਮਹਾਂਭਾਰਤ ਲਗਾਤਾਰ ਜਾਰੀ ਹੈ। ਇਹ ਸਭ ਕੁਝ ਵੀ ਪੰਜਾਬ ਦੇ ਬੁਨਿਆਦੀ ਮਸਲਿਆਂ ਨੂੰ ਅੱਖੋਂ ਪਰੋਖੇ ਕਰਨ ਦਾ ਨਵਾਂ ਡਰਾਮਾ ਹੈ। ਇਸ ਡਰਾਮੇ ਦੇ ਕਿਰਦਾਰ ਪਹਿਲਾਂ ਤੋਂ ਹੀ ਬਣਾਈ ਕਹਾਣੀ ਨੂੰ ਉਭਾਰਦੇ ਹਨ ਤੇ ਨਵਾਂ ਬਿਰਤਾਂਤ ਸਿਰਜ ਕੇ ਲੋਕਾਂ ਵਿੱਚ ਭੰਬਲਭੂਸਾ ਪੈਦਾ ਕਰਦੇ ਹਨ। ਪੰਜਾਬ ਦੀਆਂ ਸਿਆਸੀ ਪਾਰਟੀਆਂ ਅਤੇ ਪੰਜਾਬ ਸਰਕਾਰ ਦਾ ਪੰਜਾਬ ਦੇ ਮਸਲਿਆਂ ਵੱਲ ਕੋਈ ਧਿਆਨ ਨਹੀਂ ।ਇਸੇ ਕਰਕੇ ਪੰਜਾਬ ਦੇ ਲੋਕ ਡਰ ਦੀ ਸਥਿਤੀ ਵਿੱਚ ਜਿਉਂਦੇ ਹਨ। ਪੰਜਾਬ ਵਿੱਚ ਪਿਛਲੇ ਸਮਿਆਂ ਤੋਂ ਮੁੱਦਿਆਂ ਵਿਹੂਣੀ ਸਰਕਸ ਦਿਖਾਈ ਜਾ ਰਹੀ ਹੈ। ਇਹ ਸਰਕਸ ਉਦੋਂ ਤੱਕ ਜਾਰੀ ਰਹੇਗੀ ਜਦੋਂ ਤੱਕ ਪੰਜਾਬ ਆਪਣੀ ਹੋਂਦ ਨਹੀਂ ਗਵਾ ਲੈਂਦਾ। ਇਸ ਸਮੇਂ ਪੰਜਾਬ ਦੇ ਲੋਕਾਂ ਨੂੰ ਚਾਹੀਦਾ ਹੈ ਕਿ ਉਹ ਪੰਜਾਬ ਵਿਰੋਧੀ ਤਾਕਤਾਂ ਦੀਆਂ ਕਹਾਣੀਆਂ ਤੋਂ ਪਰੇ ਰਹਿ ਕੇ ਪੰਜਾਬ ਦੇ ਹਿੱਤਾਂ ਲਈ ਇੱਕਜੁੱਟ ਹੋ ਕੇ ਲੜਾਈ ਲੜਨ। ਜੇਕਰ ਪੰਜਾਬ ਨੇ ਹੁਣ ਵੀ ਮੌਕਾ ਨਾ ਸੰਭਾਲਿਆ ਤਾਂ ਆਉਣ ਵਾਲੀਆਂ ਪੀੜੀਆਂ ਪੰਜਾਬੀਆਂ ਨੂੰ ਲਾਹਣਤਾਂ ਪਾਉਣਗੀਆਂ।



ਬੁੱਧ ਸਿੰਘ ਨੀਲੋਂ
94643 70823

# ਤੇਰੀਆਂ ਚਾਰ ਉਦਾਸੀਆਂ

ਤੇਰੀਆਂ ਚਾਰ ਉਦਾਸੀਆਂ
ਤੇਰੀ ਫੋਟੋ ਚੋਂ ਮਿਟਾ ਆਏ ਹਾਂ
ਮਖਮਲੀ ਬਾਣੇ ਵਾਲੀ
ਸੋਭਾ ਸਿੰਘ ਦੀ ਬਣਾਈ ਤਸਵੀਰ ਸਜਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ।

ਹਲ ਤਾਂ ਸਾਥੋਂ ਵਾਹ ਨਹੀ ਹੋਇਆ
ਜਮੀਨ ਠੇਕੇ ਤੇ ਝੜਾ ਆਏ ਹਾਂ
ਖੇਤੀ ਵਿੱਚੋ ਹੁਣ ਕੁੱਝ ਨਹੀ ਬਚਦਾ
ਪਰ ਠੇਕਾ ਹੋਰ ਵਧਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ।

ਕੜਿਆ ਵਾਲੀ ਕਾਰ ਲਈ ਸੀ
ਸੁਕਰਾਨੇ ਵਜੋਂ ਪੱਖਾ ਦਾਨ ਕਰਾ ਆਏ ਹਾਂ
ਲੋਕਾ ਨੂੰ ਵੀ ਥੋੜਾ ਪਤਾ ਤਾਂ ਲੱਗੇ
ਉਪਰ ਨਾਮ ਲਿਖਵਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ।

ਜਾਤਾਂ ਪਾਤਾਂ ਨੂੰ ਭਾਂਵੇ ਤੂੰ ਨਹੀ ਸੀ ਮੰਨਦਾ
ਪਰ ਅਸੀ ਤਾਂ ਵੰਡੀਆਂ ਪਾ ਆਏ ਹਾਂ
ਜੱਟਾਂ ਦਾ, ਰਾਮਗੜ੍ਹੀਆ ਦਾ, ਵਿਹੜੇ ਵਾਲਿਆ ਦਾ
ਵੱਖਰਾ ਗੁਰਦੁਆਰਾ ਬਣਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ।

ਸੱਚਾ ਸੌਦਾ ਤਾਂ ਨਹੀ ਸਾਥੋਂ ਹੋਇਆ
ਪਰ ਡੇਰਾ ਇੱਕ ਬਣਾ ਆਏ ਹਾਂ
ਨਾਨਕ ਸਵੀਟਸ, ਨਾਨਕ ਕਲਾਥ ਹਾਉਸ
ਤੇਰੇ ਨਾਂ ਤੇ ਬਿਜਨਸ ਚਲਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ।

ਭਾਂਵੇ ਇਕ ਨ੍ਹੀ ਮੰਨੀ ਗੱਲ ਤੇਰੀ,
ਤੁਹਾਡੀ ਫੋਟੋ ਨੂੰ ਤਾਂ ਸਿਰ ਝੁਕਾਅ ਆਏ ਹਾਂ
ਠੱਗੀ ਦਾ ਭਾਵੇ ਚੋਰੀ ਦਾ,
ਅਸੀਂ ਆਪਣਾ ਦਸਵੰਧ ਕਢਵਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ।

ਜਿਹੜੇ ਅੰਧਵਿਸ਼ਵਾਸ ਵਿੱਚੋ ਤੂੰ ਸੀ ਕੱਢਿਆ,
ਅਸੀਂ ਓਸੇ ਵਿੱਚ ਲੋਕਾਂ ਨੂੰ ਪਾ ਆਏ ਹਾਂ
ਤੁਹਾਡੇ ਦਿੱਤੇ ਤਰਕਾ ਦੀ,
ਅਸੀ ਕਰਾਮਾਤ ਬਣਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ।

ਹੱਕ ਸੱਚ ਦੀ ਕਮਾਈ ਨਾਲ ਭਲਾਂ ਕੀ ਬਣਦਾ,
ਉੱਪਰਲੀ ਵਾਸਤੇ ਅਰਦਾਸ ਕਰਵਾ ਆਏ ਹਾਂ
ਹਾਂ ਦਸਵੰਧ ਓਹਦੇ ਵਿੱਚੋ ਵੀ ਕੱਢਾਗੇ,
ਇਹ ਵੀ ਗੱਲ ਮੁਕਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ।

ਚਾਹ ਪਕੌੜੇ ਬਰਫੀ ਅਤੇ
ਲੰਗਰ ਰੱਜ ਕੇ ਖਾ ਆਏ ਹਾਂ
ਲਾਲੋ ਦਾ ਸੀ ਜਾਂ ਭਾਗੋ ਦਾ
ਅਸੀਂ ਤਾਂ ਸਭ ਛਕ ਛਕਾ ਆਏ ਹਾਂ
ਬਾਬਾ ਜੀ ਅਸੀਂ ਤੁਹਾਡਾ ਜਨਮ ਦਿਨ ਮਨਾ ਆਏ ਹਾਂ।

ਸਰਵਾਨਾ

CANADIAN TRUCK TRAINING CENTRE




ਹਰਪਾਲ ਸਿੰਘ ਮਾਨ

ਤਸੱਲੀਬਕਸ਼ ਸੇਵਾਵਾਂ ਲਈ
* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL MORTGAGES
CALL MUNISH TEGI
Mortgage Agent Level 1
LIC# M14000011
BROKERAGE LIC# 10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# 30 ਦਿਨ ਰੋਜ਼ਾਨਾ ਪੀਓ Amla ਦਾ ਜੂਸ

## ਹੈਰਾਨ ਕਰ ਦੇਣਗੇ ਸਰੀਰ 'ਚ ਹੋਣ ਵਾਲੇ ਬਦਲਾਅ



ਔਲਾ ਪੌਸ਼ਟਿਕ ਤੱਤਾਂ ਦਾ ਅਦਭੁਤ ਖ਼ਜ਼ਾਨਾ ਹੈ। ਇਸ ਵਿੱਚ ਭਰਪੂਰ ਮਾਤਰਾ ਵਿੱਚ ਵਿਟਾਮਿਨ ਸੀ ਨਾਲ ਐਂਟੀਆਕਸੀਡੈਂਟ, ਫਾਈਬਰ ਤੇ ਹੋਰ ਬਹੁਤ ਸਾਰੇ ਜ਼ਰੂਰੀ ਪੌਸ਼ਟਿਕ ਤੱਤ (**Benefits of Amla Juice**) ਹੁੰਦੇ ਹਨ। ਜੋ ਸਾਡੇ ਸਰੀਰ ਨੂੰ ਅੰਦਰੋਂ ਮਜ਼ਬੂਤ ਬਣਾਉਂਦੇ ਹਨ। ਸਰਦੀਆਂ ਵਿੱਚ ਔਲੇ ਦਾ ਜੂਸ ਨਿਯਮਤ ਤੌਰ 'ਤੇ ਪੀਣ ਨਾਲ ਤੁਹਾਨੂੰ ਕਈ ਸਿਹਤ ਲਾਭ ਮਿਲ ਸਕਦੇ ਹਨ। 30 ਦਿਨਾਂ ਤੱਕ ਲਗਾਤਾਰ ਔਲੇ ਦਾ ਜੂਸ ਪੀਣ ਨਾਲ ਤੁਹਾਡੀ ਇਮਿਊਨਿਟੀ ਮਜ਼ਬੂਤ ਹੋਵੇਗੀ, ਤੁਹਾਡਾ ਪਾਚਨ ਤੰਤਰ ਸਿਹਤਮੰਦ ਰਹੇਗਾ ਤੇ ਤੁਹਾਡੀ ਚਮੜੀ ਤੇ ਵਾਲਾਂ ਨੂੰ ਵੀ ਫਾਇਦਾ ਹੋਵੇਗਾ। ਆਓ ਜਾਣਦੇ ਹਾਂ 30 ਦਿਨਾਂ ਤੱਕ ਰੋਜ਼ਾਨਾ ਔਲੇ ਦਾ ਜੂਸ ਪੀਣ ਨਾਲ ਸਿਹਤ 'ਚ ਕੀ-ਕੀ ਬਦਲਾਅ ਦੇਖਣ ਨੂੰ ਮਿਲ ਸਕਦੇ ਹਨ।

**1) ਬਲੱਡ ਸ਼ੂਗਰ ਕੰਟਰੋਲ**

ਔਲੇ ਦੇ ਜੂਸ ਵਿੱਚ ਮੌਜੂਦ ਐਂਟੀਆਕਸੀਡੈਂਟ ਤੇ ਐਂਟੀ-ਇੰਫਲੇਮੇਟਰੀ ਗੁਣ ਨਾ ਸਿਰਫ਼ ਇਨਸੁਲਿਨ ਸੰਵੇਦਨਸ਼ੀਲਤਾ ਨੂੰ ਵਧਾਉਂਦੇ ਹਨ ਬਲਕਿ ਸਰੀਰ ਵਿੱਚ ਸੋਜ ਨੂੰ ਵੀ ਘੱਟ ਕਰਦੇ ਹਨ। ਇਹ ਸੋਜਸ਼ ਕਈ ਵਾਰ ਟਾਈਪ 2 ਸ਼ੂਗਰ ਦਾ ਕਾਰਨ ਬਣ ਸਕਦੀ ਹੈ। ਇਸ ਤੋਂ ਇਲਾਵਾ ਔਲੇ 'ਚ ਮੌਜੂਦ ਕ੍ਰੋਮੀਅਮ ਸਰੀਰ ਲਈ ਜ਼ਰੂਰੀ ਪੌਸ਼ਕ ਤੱਤ ਹੈ। ਜੋ ਬਲੱਡ ਸ਼ੂਗਰ ਨੂੰ ਕੰਟਰੋਲ ਕਰਨ 'ਚ ਅਹਿਮ ਭੂਮਿਕਾ ਨਿਭਾਉਂਦਾ ਹੈ। ਇਸ ਨੂੰ ਰੋਜ਼ਾਨਾ 30 ਦਿਨਾਂ ਤੱਕ ਪੀਣ ਨਾਲ ਤੁਹਾਡੀ ਸਿਹਤ 'ਚ ਵੀ ਸੁਧਾਰ ਨਜ਼ਰ ਆਵੇਗਾ।

**2) ਭਾਰ ਘਟਾਉਣ 'ਚ ਮਦਦ**

ਲਗਾਤਾਰ 30 ਦਿਨਾਂ ਤੱਕ ਸਵੇਰੇ ਖ਼ਾਲੀ ਪੇਟ ਔਲੇ ਦਾ ਜੂਸ ਪੀਣ ਨਾਲ ਨਾ ਸਿਰਫ਼ ਭਾਰ ਘਟਾਉਣ ਵਿੱਚ ਮਦਦ ਮਿਲ ਸਕਦੀ ਹੈ, ਬਲਕਿ ਇਹ ਤੁਹਾਡੀ ਸਮੁੱਚੀ ਸਿਹਤ ਨੂੰ ਵੀ ਸੁਧਾਰ ਸਕਦਾ ਹੈ। ਔਲੇ 'ਚ ਮੌਜੂਦ ਫਾਈਬਰ ਪਾਚਨ ਤੰਤਰ ਨੂੰ ਸਿਹਤਮੰਦ ਰੱਖਦਾ ਹੈ ਅਤੇ ਤੁਹਾਨੂੰ ਲੰਬੇ ਸਮੇਂ ਤੱਕ ਸਿਹਤਮੰਦ ਰੱਖਦਾ ਹੈ, ਜਿਸ ਨਾਲ ਤੁਹਾਨੂੰ ਭੁੱਖ ਘੱਟ ਹੁੰਦੀ ਹੈ। ਇਸ ਤੋਂ ਇਲਾਵਾ ਔਲੇ 'ਚ ਮੌਜੂਦ ਐਂਟੀਆਕਸੀਡੈਂਟ ਸਰੀਰ ਨੂੰ ਫ੍ਰੀ ਰੈਡੀਕਲ ਡੈਮੇਜ ਤੋਂ ਬਚਾਉਂਦੇ ਹਨ ਅਤੇ ਚਮੜੀ ਨੂੰ ਸਿਹਤਮੰਦ ਰੱਖਦੇ ਹਨ।

**3) ਖਰਾਬ ਕੋਲੈਸਟ੍ਰੋਲ ਤੋਂ ਛੁਟਕਾਰਾ**

ਸਵੇਰੇ ਖ਼ਾਲੀ ਪੇਟ ਔਲੇ ਦਾ ਰਸ ਪੀਣ ਨਾਲ ਦਿਲ ਦੀ ਸਿਹਤ ਠੀਕ ਰਹਿੰਦੀ ਹੈ। ਇਹ ਹਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਨ 'ਚ ਮਦਦ ਕਰਦਾ ਹੈ ਅਤੇ ਸਰੀਰ 'ਚ ਖ਼ਰਾਬ ਕੋਲੈਸਟ੍ਰੋਲ ਦੀ ਮਾਤਰਾ ਨੂੰ ਘੱਟ ਕਰਦਾ ਹੈ। ਔਲੇ ਦਾ ਜੂਸ ਨਿਯਮਤ ਤੌਰ 'ਤੇ ਪੀਣ ਨਾਲ ਹਾਰਟ ਅਟੈਕ ਅਤੇ ਸਟ੍ਰੋਕ ਵਰਗੀਆਂ ਬਿਮਾਰੀਆਂ ਦੇ ਖ਼ਤਰੇ ਨੂੰ ਘੱਟ ਕੀਤਾ ਜਾ ਸਕਦਾ ਹੈ। ਇੰਨਾ ਹੀ ਨਹੀਂ ਔਲੇ 'ਚ ਮੌਜੂਦ ਐਂਟੀਆਕਸੀਡੈਂਟ ਦਿਲ ਦੇ ਦੌਰੇ ਦੇ ਖ਼ਤਰੇ ਨੂੰ ਵੀ ਘੱਟ ਕਰਦੇ ਹਨ। ਇਸ ਲਈ, ਤੁਸੀਂ ਇਸ ਨੂੰ 30 ਦਿਨਾਂ ਤੱਕ ਰੋਜ਼ਾਨਾ ਪੀ ਕੇ ਆਪਣੇ ਕੋਲੈਸਟ੍ਰੋਲ ਦੇ ਪੱਧਰ ਨੂੰ ਵੀ ਕੰਟਰੋਲ ਕਰ ਸਕਦੇ ਹੋ।

**4) ਵਧੇਗੀ ਇਮਿਊਨਿਟੀ**

ਰੋਜ਼ ਸਵੇਰੇ ਖ਼ਾਲੀ ਪੇਟ ਔਲੇ ਦਾ ਜੂਸ ਪੀਣ ਨਾਲ ਤੁਹਾਡੀ ਇਮਿਊਨਿਟੀ ਮਜ਼ਬੂਤ ਹੋ ਸਕਦੀ ਹੈ। ਔਲਾ ਵਿਟਾਮਿਨ ਸੀ ਅਤੇ ਐਂਟੀਆਕਸੀਡੈਂਟ ਨਾਲ ਭਰਪੂਰ ਹੁੰਦਾ ਹੈ ਜੋ ਤੁਹਾਡੇ ਸਰੀਰ ਨੂੰ ਇਨਫੈਕਸ਼ਨ ਨਾਲ ਲੜਨ ਵਿੱਚ ਮਦਦ ਕਰਦਾ ਹੈ। ਇਹ ਪੋਸ਼ਕ ਤੱਤ ਤੁਹਾਡੀ ਇਮਿਊਨ ਸਿਸਟਮ ਨੂੰ ਮਜ਼ਬੂਤ ਕਰਦੇ ਹਨ ਜਿਸ ਨਾਲ ਤੁਸੀਂ ਕਈ ਤਰ੍ਹਾਂ ਦੀਆਂ ਬਿਮਾਰੀਆਂ ਤੋਂ ਸੁਰੱਖਿਅਤ ਰਹਿ ਸਕਦੇ ਹੋ। ਔਲੇ ਦਾ 30 ਦਿਨਾਂ ਤੱਕ ਲਗਾਤਾਰ ਸੇਵਨ ਕਰਨ ਨਾਲ ਤੁਹਾਨੂੰ ਇਸ ਦੇ ਫਾਇਦੇ ਹੋਰ ਸਪੱਸ਼ਟ ਨਜ਼ਰ ਆਉਣਗੇ।

**5) ਬਿਹਤਰ ਹੋਵੇਗੀ ਪਾਚਨ ਕਿਰਿਆ**

ਔਲੇ ਦੇ ਜੂਸ ਵਿੱਚ ਮੌਜੂਦ ਫਾਈਬਰ ਪਾਚਨ ਤੰਤਰ ਨੂੰ ਮਜ਼ਬੂਤ ਬਣਾਉਂਦਾ ਹੈ। ਇਹ ਕਬਜ਼, ਗੈਸ, ਬਦਹਜ਼ਮੀ ਅਤੇ ਐਸੀਡਿਟੀ ਵਰਗੀਆਂ ਸਮੱਸਿਆਵਾਂ ਤੋਂ ਰਾਹਤ ਦਿਵਾਉਣ 'ਚ ਮਦਦਗਾਰ ਹੈ। ਜੇ ਤੁਸੀਂ 30 ਦਿਨਾਂ ਤੱਕ ਰੋਜ਼ਾਨਾ ਖ਼ਾਲੀ ਪੇਟ ਔਲੇ ਦਾ ਜੂਸ ਪੀਂਦੇ ਹੋ ਤਾਂ ਤੁਸੀਂ ਪਾਚਨ ਸਬੰਧੀ ਕਈ ਸਮੱਸਿਆਵਾਂ ਤੋਂ ਛੁਟਕਾਰਾ ਪਾ ਸਕਦੇ ਹੋ ਅਤੇ ਆਪਣੇ ਪਾਚਨ ਨੂੰ ਠੀਕ ਰੱਖ ਸਕਦੇ ਹੋ।

ਇਸ ਤੋਂ ਇਲਾਵਾ 30 ਦਿਨਾਂ ਤੱਕ ਰੋਜ਼ਾਨਾ ਔਲੇ ਦਾ ਜੂਸ ਪੀਣ ਨਾਲ ਵੀ ਤੁਹਾਡੀ ਚਮੜੀ ਸਿਹਤਮੰਦ ਰਹੇਗੀ, ਖ਼ਾਸ ਤੌਰ 'ਤੇ ਜੇ ਤੁਹਾਨੂੰ ਮੁਹਾਸੇ ਦੀ ਸਮੱਸਿਆ ਹੈ ਤਾਂ ਯਕੀਨ ਕਰੋ, ਔਲੇ ਦੇ ਜੂਸ ਦਾ ਨਿਯਮਤ ਸੇਵਨ ਕਰਨ ਨਾਲ ਇਹ ਕਾਫੀ ਹੱਦ ਤੱਕ ਘੱਟ ਹੋ ਜਾਣਗੇ। ਇਸ ਤੋਂ ਇਲਾਵਾ ਵਾਲਾਂ ਦੇ ਝੜਨ ਦੀ ਸਮੱਸਿਆ ਤੋਂ ਪੀੜਤ ਲੋਕਾਂ ਲਈ ਔਲੇ ਦਾ ਜੂਸ ਕਿਸੇ ਵਰਦਾਨ ਤੋਂ ਘੱਟ ਨਹੀਂ ਹੈ। ਇਸ ਨਾਲ ਵਾਲਾਂ ਦਾ ਵਾਧਾ ਹੁੰਦਾ ਹੈ ਅਤੇ ਉਹ ਜੜ੍ਹਾਂ ਤੋਂ ਮਜ਼ਬੂਤ ਹੋ ਜਾਂਦੇ ਹਨ।

# ਕਈ ਸਮੱਸਿਆਵਾਂ ਦਾ ਰਾਮਬਾਣ ਹੈ ਅਦਰਕ ਦੀ ਚਾਹ

ਮੌਸਮ 'ਚ ਹਲਕੀ ਠੰਢਕ ਨਾਲ ਹੁਣ ਸਰਦੀ ਸ਼ੁਰੂ ਹੋ ਗਈ ਹੈ। ਅਜਿਹੇ 'ਚ ਮੌਸਮ 'ਚ ਬਦਲਾਅ ਦੇ ਨਾਲ ਹੀ ਸਿਹਤ ਵੀ ਪ੍ਰਭਾਵਿਤ ਹੋਣ ਲੱਗਦੀ ਹੈ। ਸਰਦੀਆਂ ਵਿੱਚ ਆਪਣੇ ਸਰੀਰ ਨੂੰ ਗਰਮ ਰੱਖਣਾ ਬਹੁਤ ਜ਼ਰੂਰੀ ਹੈ, ਤਾਂ ਜੋ ਤੁਸੀਂ ਆਪਣੇ ਆਪ ਨੂੰ ਬਿਮਾਰੀਆਂ ਅਤੇ ਲਾਗਾਂ ਤੋਂ ਬਚਾ ਸਕੋ। ਅਜਿਹੇ ਮੌਸਮ 'ਚ ਅਦਰਕ ਦੀ ਚਾਹ ਦੇ ਗਰਮ ਕੱਪ ਤੋਂ ਵਧੀਆ ਕੁਝ ਨਹੀਂ ਹੈ। ਬਹੁਤ ਸਵਾਦ ਅਤੇ ਕਈ ਪੌਸ਼ਟਿਕ ਤੱਤਾਂ ਨਾਲ ਭਰਪੂਰ ਇਹ ਚਾਹ ਤੁਹਾਨੂੰ ਸਰਦੀਆਂ ਵਿੱਚ ਠੰਢਾ ਮਹਿਸੂਸ ਕਰਵਾਏਗੀ।

ਵਿਟਾਮਿਨ ਸੀ, ਮੈਗਨੀਸ਼ੀਅਮ ਅਤੇ ਹੋਰ ਪੋਸ਼ਕ ਤੱਤਾਂ ਨਾਲ ਭਰਪੂਰ ਅਦਰਕ ਦੀ ਚਾਹ ਸਿਹਤ ਲਈ ਬਹੁਤ ਫਾਇਦੇਮੰਦ ਹੁੰਦੀ ਹੈ। ਹਾਲਾਂਕਿ ਜੇਕਰ ਇਸ 'ਚ ਦੁੱਧ ਨਾ ਪਾਇਆ ਜਾਵੇ ਤਾਂ ਇਸ ਦੇ ਫਾਇਦੇ ਦੁੱਗਣੇ ਹੋ ਜਾਣਗੇ। ਅਜਿਹੇ 'ਚ ਇਸ ਦਾ ਸਵਾਦ ਵਧਾਉਣ ਲਈ ਚਾਹ ਬਣਾਉਣ ਤੋਂ ਬਾਅਦ ਤੁਸੀਂ ਇਸ 'ਚ ਪੁਦੀਨਾ, ਸ਼ਹਿਦ ਜਾਂ ਨਿੰਬੂ ਮਿਲਾ ਸਕਦੇ ਹੋ। ਆਓ ਤੁਹਾਨੂੰ ਦੱਸਦੇ ਹਾਂ ਅਦਰਕ ਦੀ ਚਾਹ ਪੀਣ ਦੇ ਸ਼ਾਨਦਾਰ ਫਾਇਦੇ-

**ਦਰਦ ਤੋਂ ਰਾਹਤ ਦਿਵਾਏ**

ਮਾਹਵਾਰੀ ਦੌਰਾਨ ਦਰਦ ਬਹੁਤ ਸਾਰੀਆਂ ਔਰਤਾਂ ਲਈ ਅਸਹਿ ਹੁੰਦਾ ਹੈ। ਅਜਿਹੇ 'ਚ ਤੁਸੀਂ ਅਦਰਕ ਦੀ ਚਾਹ ਨੂੰ ਆਪਣੀ ਰੁਟੀਨ 'ਚ ਸ਼ਾਮਲ ਕਰ ਸਕਦੇ ਹੋ। ਅਦਰਕ ਵਿੱਚ ਮੌਜੂਦ ਮਿਸ਼ਰਣ ਤੁਹਾਡੀ ਮਾਹਵਾਰੀ ਦੀ ਸ਼ੁਰੂਆਤ ਵਿੱਚ ਸੋਜ ਨੂੰ ਘਟਾਉਣ ਅਤੇ ਪੀਰੀਅਡ ਕੜਵੱਲ ਨੂੰ ਘਟਾਉਣ ਵਿੱਚ ਮਦਦ ਕਰਦੇ ਹਨ।

**ਬਲੱਡ ਸ਼ੂਗਰ ਦੇ ਪੱਧਰ ਨੂੰ ਕੰਟਰੋਲ**

ਅਦਰਕ ਦੀ ਚਾਹ ਪੀਣ ਨਾਲ ਵਰਤ ਰੱਖਣ ਵਾਲੇ ਇਨਸੁਲਿਨ ਦੇ ਪੱਧਰ, ਹੀਮੋਗਲੋਬਿਨ ਅ1ਛ, ਅਤੇ ਟ੍ਰਾਈਗਲਿਸਰਾਈਡਸ ਨੂੰ ਘਟਾਉਂਦਾ ਹੈ, ਸੰਭਾਵੀ ਤੌਰ 'ਤੇ ਟਾਈਪ 2 ਸ਼ੂਗਰ ਵਾਲੇ ਲੋਕਾਂ ਵਿੱਚ ਬਲੱਡ ਸ਼ੂਗਰ ਦੇ ਪੱਧਰ ਨੂੰ ਘਟਾਉਂਦਾ ਹੈ।

# ਬੁਰਜ ਖਲੀਫਾ ਦੁਬਈ: ਇੱਕ ਅਨੋਖਾ ਅਨੁਭਵ ਦੇ ਗਿਆ

## ਟੋਰਾਂਟੋ ਤੋਂ ਦੁਬਈ ਟੂਰ



ਅੱਜ ਦੀ ਸ਼ਾਮ ਵਿਸ਼ਵ ਦੀ ਸੱਭ ਤੋਂ ਓਚੀ ਇਮਾਰਤ ਬੁਰਜ ਖਲੀਫਾ ਨੂੰ ਦੇਖਿਆ 'ਤੇ ਆਨੰਦ ਲਿਆ। ਜ਼ਿਆਦਾ ਰੱਸ਼ ਕਾਰਨ ਹੋਟਲ ਵਾਲਿਆਂ ਨੇ ਉਥੇ ਜਾਣ ਲਈ ਘੱਟ ਟਾਈਮ 'ਚ ਹੀ ਪ੍ਰਬੰਧ ਕਰ ਦਿੱਤਾ ਸੀ। ਸਹੀ ਕਿਹਾ ਗਿਆ ਹੈ ਕਿ ਦੁਬਈ ਜਾ ਕੇ ਜਿਸਨੇ ਬੁਰਜ ਖਲੀਫਾ ਟਾਵਰ ਨਹੀਂ ਦੇਖਿਆ, ਉਸਨੇ ਕੁੱਝ ਵੀ ਨਹੀਂ ਦੇਖਿਆ। ਦੱਸ ਹਿੱਸਿਆਂ ਦੀ ਯਾਤਰਾ, ਐਟ ਦ ਟਾਪ ਦ ਦੁਬਈ ਮਾਲ ਤੋਂ ਸ਼ੁਰੂ ਹੁੰਦੀ ਹੈ, ਜਿੱਥੇ ਟੂਰਿਸਟ ਬੁਰਜ ਖਲੀਫਾ ਦੇ 3-ਕੋਰ ਡਿਜ਼ਾਈਨ ਪ੍ਰੇਰਨਾ ਨੂੰ ਦਰਸਾਉਂਦੇ ਹੋਏ ਲੇਡ ਡਿਸਪਲੇ ਦੇ ਸਮਾਰਕ ਖੇਤਰਾਂ ਦੀ ਵਿਸ਼ੇਸ਼ਤਾ ਵਾਲੇ ਸ਼ਾਨਦਾਰ ਸਵਾਗਤ ਖੇਤਰ 'ਤੇ ਸਮਾਂਬੱਧ ਟਿਕਟਾਂ ਖਰੀਦ ਸਕਦੇ ਹਨ।

ਦੇਖਣ ਵਾਲਿਆਂ ਦੀ ਭੀੜ ਤੋਂ ਲੱਗ ਰਿਹਾ ਸੀ ਕਿ ਹਰ ਆਦਮੀ ਇਸ ਟਾਵਰ ਨੂੰ ਦੇਖ ਕੇ ਆਨੰਦ ਲੈਣ ਲਈ ਤਿਆਰ ਅਤੇ ਉਤਸਕ ਹੈ। ਇਹ ਇੱਕ ਵੱਖਰੇ ਹੀ ਕਿਸਮ ਦਾ ਅਨੁਭਵ ਹੈ।

ਬੁਰਜ ਖਲੀਫਾ, ਦੁਬਈ, ਸੰਯੁਕਤ ਅਰਬ ਅਮੀਰਾਤ 'ਚ ਮਿਸ਼ਰਤ-ਵਰਤੋਂ ਵਾਲੀ ਸਕਾਈਸਕ੍ਰੈਪਰ ਹੈ, ਜੋ ਕਿ ਦਨਿੀਆ ਦੀ ਸੱਭ ਤੋਂ ਉਚੀ ਇਮਾਰਤ ਹੈ। ਬੁਰਜ ਖਲੀਫਾ ਯਾਨਿ "ਖਲੀਫਾ ਟਾਵਰ", ਜਿਸਨੂੰ ਬੁਰਜ ਦੁਬਈ ਦੇ ਨਾਂ ਨਾਲ ਉਸਾਰੀ ਦੌਰਾਣ ਜਾਣਿਆ ਜਾਂਦਾ ਹੈ। ਇਸਨੂੰ ਅਧਿਕਾਰਤ ਤੌਰ 'ਤੇ ਆਬੂ ਧਾਬੀ ਦੇ ਗੁਆਂਡੀ ਅਮੀਰਾਤ ਦੇ ਨੇਤਾ, ਸ਼ੇਖ ਖਲੀਫਾ ਇਬਨ ਜ਼ਾਇਦ ਅਲ ਨਾਹਯਾਨ ਦੇ ਸਨਮਾਨ ਲਈ ਨਾਮ ਦਿੱਤਾ ਗਿਆ ਸੀ। ਹਾਲਾਂਕਿ ਟਾਵਰ ਨੂੰ ਰਸਮੀ ਤੌਰ 'ਤੇ 4 ਜਨਵਰੀ, 2010 ਵਾਲੇ ਦਿਨ ਖੋਲਿਆ ਗਿਆ ਸੀ, ਪਰ ਉਸ ਸਮੇਂ ਅੰਦਰ ਦਾ ਸਾਰਾ ਹਿੱਸਾ ਪੂਰਾ ਨਹੀਂ ਹੋਇਆ ਸੀ। ਕਈ ਕਿਸਮ ਦੇ ਵਪਾਰਕ, ਰਿਹਾਇਸ਼ੀ ਅਤੇ ਪਰਾਹੁਣਚਾਰੀ ਓਦਮਾਂ ਨੂੰ ਰੱਖਣ ਲਈ ਬਣਾਇਆ ਗਿਆ। ਇਹ ਟਾਵਰ, ਜਿਸਦੀ ਉਚਾਈ ਇਸ ਦੇ ਨਿਰਮਾਣ ਦੌਰਾਣ ਪੂਰੀ ਤਰਾਂ ਸੁਰੱਖਿਅਤ ਰਹੀ, 163 ਮੰਜ਼ਿਲਾਂ ਅਤੇ 2717 ਫੁੱਟ (828) ਮੀਟਰ ਦੀ ਉਚਾਈ 'ਤੇ ਪੂਰਾ ਹੋਇਆ। ਇਸਨੂੰ ਸ਼ਿਕਾਗੋ ਸਥਿਤ ਆਰਕੀਟੈਕਚਰਲ ਫਰਮ ਸਕਿਡਮੋਰ, ਓਵਿੰਗਜ਼ ਐਂਡ ਮੈਰਿਲ ਦੁਆਰਾ ਡਿਜ਼ਾਈਨ ਕੀਤਾ ਗਿਆ ਸੀ। ਐਰਡੀਅਨ ਸਮਿਥ ਨੇ ਆਰਕੀਟੈਕਟ ਵੱਜੋਂ ਸੇਵਾ ਕੀਤੀ, ਅਤੇ ਵਿਲੀਅਮ ਐਫ ਬੇਕਰ ਨੇ ਇਸ ਇਮਾਰਤ ਲਈ ਢਾਂਚਾਗਤ ਇੰਜੀਨੀਅਰ ਵੱਜੋਂ ਸੇਵਾ ਕੀਤੀ। ਬ੍ਰਿਟੇਨਿਕਾ ਜਾਣਕਾਰੀ ਅਨੁਸਾਰ ਇਸ ਟਾਵਰ ਦੇ ਸਟਰੱਕਚਰ ਬਾਰੇ ਚਰਚਾ ਕਰ ਰਹੇ ਹਾਂ।

ਇਮਾਰਤ, ਯੋਜਨਾ 'ਚ ਮਾਡਿਊਲਰ, ਇੱਕ ਤਿੰਨ-ਲੋਬਡ ਪੈਰਾਂ ਦੇ ਨਿਸ਼ਾਨ 'ਤੇ ਰੱਖੀ ਗਈ ਜੋ ਸਥਾਨਕ ਹਾਈਮੇਨੋਕਾਲਿਸ ਫੁੱਲ ਦੀ ਇੱਕ ਸੰਖੇਪ ਪੇਸ਼ਕਾਰੀ ਹੈ। ਵਾਈ-ਆਕਾਰ ਦੀ ਯੋਜਨਾ ਟਾਵਰ 'ਤੇ ਹਵਾ ਦੀਆਂ ਸ਼ਕਤੀਆਂ ਨੂੰ ਘਟਾਉਣ 'ਚ ਕੇਂਦਰੀ ਭੂਮਿਕਾ ਨਿਭਾਉਂਦੀ ਹੈ। ਇੱਕ ਹੈਕਸਾਗੋਨਲ ਕੇਂਦਰੀ ਕੋਰ ਨੂੰ ਖੰਭਾਂ ਦੀ ਇੱਕ ਲੜੀ ਦੁਆਰਾ ਦਬਾਇਆ ਜਾਂਦਾ ਹੈ। ਹਰੇਕ ਦੇ ਆਪਣੇ ਕੰਕਰੀਟ ਕੋਰ ਅਤੇ ਘੇਰੇ ਵਾਲੇ ਕਾਲਮ ਹੁੰਦੇ ਹਨ। ਜਿਵੇਂ ਕਿ ਟਾਵਰ ਦੀ ਉਚਾਈ ਵੱਧਦੀ ਹੈ, ਖੰਭ ਇੱਕ ਚੱਕਰੀ ਸਰੰਚਨਾ 'ਚ ਪਿੱਛੇ ਹਟਦੇ ਹਨ, ਹਰ ਟੀਅਰ 'ਤੇ ਇਮਾਰਤ ਦੀ ਸ਼ਕਲ ਨੂੰ ਬਦਲਦੇ ਹਨ ਅਤੇ ਇਸ ਤਰਾਂ ਇਮਾਰਤ 'ਤੇ ਹਵਾ ਦੇ ਪ੍ਰਭਾਵ ਨੂੰ ਘਟਾਉਂਦੇ ਹਨ। ਕੇਂਦਰੀ ਕੋਰ ਟਾਵਰ ਦੇ ਸ਼ਿਖਰ 'ਤੇ ਉਭਰਦਾ ਹੈ ਅਤੇ ਇੱਕ ਸਪੇਅਰ ਨਾਲ ਖਤਮ ਹੁੰਦਾ ਹੈ, ਜੋ ਕਿ 700 ਫੁੱਟ ਤੋਂ ਵੱਧ ਤੱਕ ਪਹੁੰਚਦਾ ਹੈ। ਟਾਵਰ ਦੇ ਅੰਦਰ ਸਪਾਇਅਰ ਬਣਾਇਆ ਗਿਆ ਸੀ ਅਤੇ ਇੱਕ ਹਾਈਡ੍ਰੋਲਿਕ ਪੰਪ ਦੀ ਵਰਤੋਂ ਕਰਕੇ ਇਸਦੀ ਅੰਤਮ ਸਥਿਤੀ ਤੱਕ ਲਹਿਰਾਇਆ ਗਿਆ ਸੀ। ਬੁਨਿਆਦ ਪੱਧਰ 'ਤੇ ਟਾਵਰ ਨੂੰ ਲਗਭਗ 13 ਫੁੱਟ ਮੋਟੀ ਇੱਕ ਮਜਬੂਤ ਕੰਕਰੀਟ ਮੈਟ ਦੁਆਰਾ ਸਮਰਥਤ ਕੀਤਾ ਗਿਆ, ਜੋ ਆਪਣੇ 'ਚ 5 ਫੁੱਟ ਵਿਆਸ 'ਚ ਕੰਕਰੀਟ ਦੇ ਢੇਰ ਦੁਆਰਾ ਸਮਰਥਤ ਹੈ। ਇੱਕ 3 ਮੰਜਲਾ ਪੋਡੀਅਮ ਟਾਵਰ ਨੂੰ ਜਗਾ ;ਚ ਐਂਕਰ ਕਰਦਾ ਹੈ। ਇੱਕਲੇ ਪੋਡੀਅਮ ਅਤੇ 2 ਮੰਜਿਲਾ ਬੇਸਮੈਂਟ ਆਪਣੇ ਆਪ 'ਚ ਲਗਭਗ 186,00 ਵਰਗ ਮੀਟਰ ਨੂੰ ਮਾਪਦੇ ਹਨ। ਟਾਵਰ ਦੀ ਬਾਹਰੀ ਕਲੈਡਿੰਗ ਐਲੂਮੀਨੀਅਮ ਅਤੇ ਸਟੇਨਲੈੱਸ-ਸਟੀਲ ਪੈਨਲਾਂ, ਵਰਟੀਕਲ ਸਟੇਨਲੈੱਸ-ਸਟੀਲ ਟਿਊਬਲਰ ਫਿਨਸ, ਅਤੇ 28,000 ਤੋਂ ਵੱਧ ਹੱਥਾਂ ਨਾਲ ਕੱਟੇ ਹੋਏ ਕੱਚ ਦੇ ਪੈਨਲਾਂ ਨਾਲ ਬਣੀ ਹੋਈ ਹੈ। ਇੱਕ ਜਨਤਕ ਨਿਰੀਖਣ ਡੇਕ, ਜਿਸਨੂੰ "ਟੌਪ" ਕਿਹਾ ਜਾਂਦਾ ਹੈ, 124ਵੀਂ ਮੰਜ਼ਿਲ 'ਤੇ ਸਥਿਤ ਹੈ। ਬੁਰਜ ਖਲੀਫਾ ਦੇ ਪੱਧਰ 148 'ਤੇ ਸਥਿਤ, ਇਹ ਸੈਲਾਨੀਆਂ ਨੂੰ ਬਾਹਰੀ ਛੱਤ ਤੋਂ ਸ਼ਹਿਰ ਅਤੇ ਇਸ ਅਤੇ ਇਸ ਤੋਂ ਬਾਹਰ ਦੇ ਬੇਮਿਸਾਲ ਦ੍ਰਿਸ਼ਾਂ ਦੀ ਪੇਸ਼ਕਸ਼ ਕਰਦਾ ਹੈ, ਅਤੇ ਇੱਕ ਪ੍ਰੀਮੀਅਮ ਲਾਉਂਜ ਦੀ ਵਿਸ਼ੇਸ਼ਤਾ ਹੈ। ਡੇਕ 'ਚ ਇੱਕ ਸੁੰਦਰ ਬਾਹਰੀ ਛੱਤ ਵੀ ਹੈ ਅਤੇ ਵਿਸ਼ਵ 'ਚ ਸੱਭ ਤੋਂ ਓਚੇ ਨਿਰੀਖਣ ਡੇਕ ਲਈ ਗਿਨੀਜ਼ ਵਿਸ਼ਵ ਰਿਕਾਰਡ ਹੈ।



**Anil Dheer**
Columnist. Alternative Therapist, Social Activist.
Health Educator Award winner;
Certified in:
GNT Diseases 2023 (W.H.O) Air Pollution n Health 2023 (W.H.O)
Monkey-pox Virus: Health Emergencies programme (W.H.O) PHR-UNICEF
Covid Variants-Vaccine-specific resources & IPC (W.H.O)

- ਦਿਵਾਲੀ ਦੇ ਮੌਕੇ 'ਤੇ ਬੁਰਜ ਖਲੀਫਾ ਹੀ ਨਹੀਂ ਪੂਰੇ ਦੁਬਈ ਨੂੰ ਰਾਜੇ-ਮਹਾਰਜਿਆਂ ਦੇ ਵਿਆਹ ਵਾਂਗ ਸਜਾਇਆ ਜਾਂਦਾ ਹੈ। ਰੰਗ-ਬਿਰੰਗੇ ਫਾਇਰ ਵਰਕਸ ਦੌਰਾਣ ਕਦੇ ਨਾ ਭੁੱਲਣ ਵਾਲਾ ਨਜ਼ਾਰਾ ਦੇਖਣ ਯੋਗ ਹੁੰਦਾ ਹੈ।
- ਦੱਸ ਮੀਟਰ ਪ੍ਰਤੀ ਸਕਿੰਟ ਦੀ ਰਫਤਾਰ ਨਾਲ ਸਫਰ ਕਰਦੇ ਹੋਏ, ਲੈਵਲ 124 ਤੱਕ ਦੇ ਸਫਰ ਨੂੰ ਲਗਭਗ 60 ਸਕਿੰਟ ਦਾ ਸਮਾਂ ਹੀ ਲੱਗਿਆ।
- ਵਿਸ਼ਵ ਦੇ ਸੱਭ ਤੋਂ ਉਚੇ ਰੈਸਟੋਰੇਂਟ ਦੀ ਕਲਪਨਾ ਦੁਨੀਆ ਦੇ ਸੱਭ ਤੋਂ ਵਧੀਆ ਲਗਜ਼ਰੀ ਡਾਇਨਿੰਗ ਅਤੇ ਲਾਉਂਜ ਅਨੁਭਵਾਂ ਵਿੱਚੋਂ ਇੱਕ ਹੈ, ਅਤੇ ਟਾਵਰ ਦੇ ਆਬਜ਼ਰਵੇਟਰੀ ਡੇਕ ਬੁਰਜ ਖਲੀਫਾ ਤੋਂ ਸਿਰਫ 2 ਲੈਵਲ ਹੇਠਾਂ ਹੈ। ਵਧੀਆ ਖਾਣੇ ਦੇ ਮਾਹਰਾਂ ਤੋਂ ਲਾਉਂਜ ਪ੍ਰੇਮੀਆਂ ਨੂੰ ਖਾਣਾ, ਜੋ ਸਾਰੇ ਐਪੀਕਿਉਰੀਅਨਾਂ ਨੂੰ ਆਕਰਸ਼ਿਤ ਕਰਦਾ ਹੈ।
- ਨਿਵਾਸੀਆਂ ਅਤੇ ਸੈਲਾਨੀਆਂ ਲਈ ਬੁਰ ਖਲੀਫਾ ਕੋਲ 2 ਬੇਸਮੈਂਟ ਪੱਧਰਾਂ 'ਤੇ 3,000 ਕਾਰਾਂ ਲਈ ਪਾਰਕਿੰਗ ਵੀ ਹੈ।
- ਰਾਤ ਦੇ ਸਮੇਂ ਬੁਰਜ ਖਲੀਫਾ ਸ਼ਾਨਦਾਰ ਲਾਈਟ ਨਾਲ ਜ਼ਿੰਦਾ ਹੁੰਦਾ ਹੈ। ਇਸ ਦੇ ਬਾਹਰਲੇ ਹਿੱਸੇ ਨੂੰ ਰੰਗੀਨ ਲੇਡ ਲਾਈਟਾਂ ਸਜਾਇਆ ਗਿਆ ਹੈ ਜੋ ਮਨਮੋਹਕ ਡਿਸਪਲੇ ਬਣਾਉਂਦੇ ਹਨ। ਲਾਈਟਾਂ ਬਦਲਦੀਆਂ ਹਨ ਅਤੇ ਸੰਗੀਤ 'ਚ ਨੱਚਦੀਆਂ ਹਨ. ਇਮਾਰਤ ਨੂੰ ਕਲਾ ਦੇ ਚਮਕਦਾਰ ਸ਼ੋਅ 'ਚ ਬਦਲ ਦਿੰਦੀਆਂ ਹਨ।
- ਬੁਰਜ ਖਲੀਫਾ ਨੂੰ ਕਈ ਬਲਾਕਬਸਟਰ ਫਿਲਮਾਂ 'ਚ ਇੱਕ ਮਸ਼ਹੂਰ ਸੈਲੀਬ੍ਰਿਟੀ ਦੇ ਤੌਰ 'ਤੇ ਦਿਖਾਇਆ ਗਿਆ ਹੈ। ਤੁਸੀਂ ਇਸਨੂੰ "ਮਿਸ਼ਨ ਅਸੰਭਵ-ਘੋਸਟ ਪ੍ਰੋਟੋਕੋਲ" ਅਤੇ "ਫਾਸਟ ਐਂਡ ਫਿਉਰੀਅਸ 7" ਵਰਗੀਆਂ ਫਿਲਮਾਂ ਤੋਂ ਪਛਾਣ ਸਕਦੇ ਹਾਂ। ਇਹ ਫਿਲਮਾਂ ਬੁਰਜ ਖਲੀਫਾ ਦੀ ਸ਼ਾਨ ਨੂੰ ਅਬਲ ਦਰਸਾਉਂਦੀਆਂ ਹਨ ਜੋ ਵੱਡੀ ਸਕਰੀਨ 'ਤੇ ਹਰ ਆਦਮੀ ਦੇ ਦਿਲ ਨੂੰ ਛੂਹ ਲੈਣ ਨਾਲ ਇੱਕ ਐਕਸਾਈਟਮੈਂਟ ਦਾ ਕੰਮ ਵੀ ਕਰਦੀ ਹੈ। ਬੁਰਜ ਖਲੀਫਾ ਦੁਬਈ 'ਚ ਸਮਾਂ ਬਿਤਾ ਕੇ ਕਦੇ ਨਾ ਭੁੱਲਣ ਵਾਲਾ ਅਨੁਭਵ ਹਮੇਸ਼ਾ ਰਹੇਗਾ।





**TOPLINK**
**TOPLINK LOAN & LEASING INC.**
LOAN & LEASING INC.



Services: Truck Finance, Trailer Finance, Heavy Equipment Finance, Pre-Owned Inventory

LOCATIONS:

#14 - 6965 Davand Drive
Mississauga, ON L5T1Y6
Tel: (905) 565-866,
Email: info@toplinkloanandleasing.com

#205 - 31549
South Fraser Way
Abbotsford, BC V2T 4A3
Tel: (778) 716-8667

2040 Logan Avenue
Winnipeg,
MB R2R 0H9
Tel: (204) 480-9600

**AZ DRIVERS & OWNER OPERATORS NEEDED**
ਅਮਰੀਕਾ ਲਈ ਏ ਜ਼ੈਡ ਡਰਾਈਵਰ ਅਤੇ ਓਨਰ ਔਪਰੇਟਰ ਚਾਹੀਦੇ ਹਨ
Call: Balkar, Harry 905-791-3090

Hunter Express Ltd
1940 Steeles Ave., E.
Brampton, ON
Toll Free: 1-866-659-2300
www.hunterexpress.ca

* Competitive Pay Rates
* Steady Work
* Dedicated Run
* Satellite Dispatch
* Safety Bonus



RESIDENTIAL OR COMMERCIAL
**REAL ESTATE NEEDS**

ਕਿਸੇ ਤਰ੍ਹਾਂ ਦੀ ਵੀ ਪ੍ਰਾਪਰਟੀ
ਖਰੀਦਣ ਜਾਂ ਵੇਚਣ ਲਈ
ਭਾਵੇਂ ਘਰ ਹੋਵੇ, ਵਿਓਪਾਰ ਹੋਵੇ
ਜਾਂ ਇਨਵੈਸਟਮੈਂਟ ਹੋਵੇ,
ਕੁਲਵਿੰਦਰ ਨਿੱਜਰ ਨਾਲ
ਸੰਪਰਕ ਕਰੋ



KULWINDER NIJJAR
Sales Representative
Dir#: 416-508-1340

Homelife Miracle Realty Ltd. Brokerage,
Independently owned & operated
HOMELIFE
HIGHER STANDARDS
Ph: 905-454-4000

**BRAMPTON TV & APPLIANCES**
Ph.: (905) 450-2828



6 Months Financing Available

All collections : Audio Systems and Radios, Beverage Centers, Computer Monitors, Cooktops, Dishwashers, Dryers, Freezers, Home Audio, Home Speakers, Home Theater Projectors, Kitchen, Kitchen Sets, Laundry, Laundry Centers, Laundry Pedestals, LED TV, Microwave Ovens, Wall Ovens, Portable Speakers, Rangehoods, Ranges, Refrigerators, Small Home Appliances, Sound Bars, Warming Drawers, Washers, Wine Storage.

801 BOVAIRD DR W, BRAMPTON, ON L6X 0T9

# ਰਾਸ਼ੀਫਲ

ਮੇਖ : ਦਿਨ ਦੀ ਸ਼ੁਰੂਆਤ ਤੁਸੀ ਯੋਗ ਅਤੇ ਧਿਆਨ ਨਾਲ ਕਰ ਸਕਦੇ ਹੋ ਅਜਿਹਾ ਕਰਨਾ ਤੁਹਾਡੇ ਲਈ ਲਾਭਦਾਇਕ ਰਹੇਗਾ ਅਤੇ ਸਾਰਾ ਦਿਨ ਤੁਹਾਡੇ ਵਿਚ ਤਾਕਤ ਦੀ ਦਰ ਇਕਮਿਕ ਰਹੇਗੀ। ਤੁਹਾਡੇ ਲਈ ਨਿਵੇਸ਼ ਕਰਨਾ ਕਈਂ ਵਾਰ ਬਹੁਤ ਲਾਭਦਾਇਕ ਸਾਬਿਤ ਹੋ ਸਕਦਾ ਹੈ ਅੱਜ ਤੁਹਾਨੂੰ ਇਹ ਗੱਲ ਸਮਝ ਵਿੱਚ ਆ ਜਾਵੇਗੀ ਕਿ ਕਿਸੇ ਪੁਰਾਣੇ ਨਿਵੇਸ਼ ਨਾਲ ਤੁਹਾਨੂੰ ਮੁਨਾਫਾ ਹੋ ਸਕਦਾ ਹੈ। ਉਸ ਰਿਸ਼ਤੇਦਾਰ ਨੂੰ ਮਿਲੋ ਜਿਸ ਦੀ ਸਿਹਤ ਕਾਫੀ ਸਮੇਂ ਤੋਂ ਖ਼ਰਾਬ ਹੈ। ਅੱਜ ਤੁਹਾਡਾ ਪਿਆਰਾ ਤੁਹਾਡਾ ਜੀਵ ਦੇਵਦੂਤ ਬਣਨ ਜਾ ਰਿਹਾ ਹੈ ਪਲਾਂ ਦੀ ਕਦਰ ਕਰੋ। ਅੱਜ ਕੰਮ ਕਾਰ ਸਥਾਨ ਤੇ ਪਿਆਰ ਦਾ ਮਾਹੌਲ ਬਣਿਆ ਰਹੇਗਾ। ਦਿਨ ਬਹੁਤ ਵਧੀਆ ਹੈ ਆਪਣੇ ਆਪ ਲਈ ਵਧੀਆ ਸਮਾਂ ਅਤੇ ਕਮੀਆਂ ਤੇ ਧਿਆਨ ਦੇਵੋ ਇਸ ਨਾਲ ਤੁਹਾਡੇ ਵਿਅਕਤਿਤਵ ਵਿਚ ਸਾਕਾਰਤਮਕ ਪਰਿਵਰਤਨ ਆਵੇਗਾ। ਤੁਸੀਂ ਅਤੇ ਤੁਹਾਡਾ ਜੀਵਨਸਾਥੀ ਕੁਝ ਦਿਨਾਂ ਤੋਂ ਖੁਸ਼ ਮਹਿਸੂਸ ਨਹੀਂ ਕਰ ਰਹੇ, ਤੁਸੀ ਅੱਜ ਬਹੁਤ ਮੌਜ ਮਸਤੀ ਕਰਨ ਵਾਲੇ ਹੋ।

ਬ੍ਰਿਸ਼ਭ : ਆਪਣੇ ਵਿਚਾਰ ਅਤੇ ਉਰਜਾ ਨੂੰ ਉਹਨਾਂ ਕੰਮਾਂ ਵਿਚ ਲਗਾਉ ਜਿਨਾਂ ਤੋਂ ਆਪਣੇ ਹਕੀਕਤ ਦਾ ਰੂਪ ਲੈ ਸਕਦੇ ਹਨ। ਸਿਰਫ ਖਿਆਲੀ ਪੁਲ ਬਣਾਉਣ ਨਾਲ ਕੁਝ ਨਹੀਂ ਹੁੰਦਾ। ਹੁਣ ਤੱਕ ਤੁਹਾਡੇ ਕੋਲ ਸਮੱਸਿਆ ਇਹ ਹੈ ਕਿ ਤੁਸੀ ਕੋਸ਼ਿਸ਼ ਕਰਨ ਦੀ ਬਜਾਏ ਕੇਵਲ ਇੱਛਾ ਕਰਦੇ ਹੋ। ਅੱਜ ਰਾਤ ਦੇ ਸਮੇਂ ਤੁਹਾਨੂੰ ਧੰਨ ਲਾਭ ਹੋਣ ਦੀ ਪੂਰੀ ਸੰਭਾਵਨਾ ਹੈ ਕਿਉ ਕਿ ਤੁਹਾਡੇ ਦੁਆਰਾ ਦਿੱਤਾ ਗਿਆ ਧੰਨ ਅੱਜ ਤੁਹਾਨੂੰ ਵਾਪਸ ਮਿਲ ਸਕਦਾ ਹੈ। ਜਿਸ ਤੇ ਤੁਸੀ ਯਕੀਨ ਕਰਦੇ ਹੋ ਸੰਭਵ ਹੈ ਕਿ ਉਹ ਤੁਹਾਡਾ ਪੂਰਾ ਸੱਚ ਨਾ ਦੱਸ ਰਿਹ ਹੋਵੇ ਤੁਹਾਡੀ ਦੂਜਿਆਂ ਨੂੰ ਸਮਝਾਉਣ ਦੀ ਸਮਰਥਾ ਆਉਣ ਵਾਲੀ ਮੁਸ਼ਕਿਲ ਨੂੰ ਹੱਲ ਕਰਨ ਵਿਚ ਮਦਦਗਾਰ ਸਾਬਿਤ ਹੋਵੇਗੀ। ਤੁਹਾਡੀ ਪਿਆਰ ਭਰੀ ਜ਼ਿੰਦਗੀ ਵਿਚ ਬੇਹਦ ਖਾਸ ਦਿਨ ਰਹਿਣ ਵਾਲਾ ਹੈ। ਕੰਮਕਾਰ ਦੇ ਸਥਾਨ ਤੇ ਤੁਹਾਡੇ ਸਾਹਮਣੇ ਕਈਂ ਚਣੌਤੀਆਂ ਆਉਣਗੀਆਂ ਖਾਸ ਤੌਰ ਤੇ ਜੇਕਰ ਤੁਸੀ ਕੂਟਨੀਤਿਕ ਤਰੀਕੇ ਨਾਲ ਚੀਜਾਂ ਦਾ ਇਸਤੇਮਾਲ ਨਹੀਂ ਕਰੋਂਗੇ। ਜੇਕਰ ਤੁਸੀ ਕਿਸੇ ਪਰਸਥਿਤੀ ਤੋਂ ਘਬਰਾ ਕੇ ਭੱਜੋਂਗੇ ਤਾਂ ਉਹ ਤੁਹਾਡਾ ਪਿੱਛਾ ਹਰ ਤਰੀਕੇ ਨਾਲ ਕਰੇਗੀ। ਅੱਜ ਤੁਹਾਡਾ ਜੀਵਨਸਾਥੀ ਤੁਹਾਨੂੰ ਪਿਆਰ ਅਤੇ ਸੁਖ ਦੇ ਲੋਕ ਦੀ ਸੈਰ ਕਰਾ ਸਕਦਾ ਹੈ।

ਮਿਥੁਨ : ਅਚਾਨਕ ਯਾਤਰਾ ਕਰਨਾ ਥਕਾਵਟ ਭਰਿਆ ਸਾਬਿਤ ਹੋਵੇਗਾ। ਤੁਹਾਡੇ ਦੁਆਰਾ ਪੈਸਿਆਂ ਨੂੰ ਬਚਾਉਣ ਦਾ ਪ੍ਰਯਾਸ ਅੱਜ ਅਸਫਲ ਹੋ ਸਕਦਾ ਹੈ ਹਾਲਾਂ ਕਿ ਤੁਹਾਨੂੰ ਇਸ ਤੋਂ ਘਬਰਾਉਣ ਦੀ ਲੋੜ ਨਹੀਂ ਹੈ ਸਥਿਤੀ ਵਿਚ ਜਲਦ ਹੀ ਸੁਧਾਰ ਆਵੇਗਾ। ਸਮਾਜਿਕ ਸਮਾਰੋਹ ਵਿਚ ਪਰਿਵਾਰ ਦੇ ਨਾਲ ਸ਼ਾਮਿਲ ਹੋਣਾ ਸਭ ਦੇ ਲਈ ਚੰਗਾ ਅਨੁਭਵ ਰਹੇਗਾ। ਅੱਜ ਦੇ ਦਿਨ ਪਿਆਰ ਦਾ ਬੁਖਾਰ ਤੁਹਾਡੇ ਸਿਰ ਤੇ ਚੜਨ ਲਈ ਤਿਆਰ ਹੈ ਇਸ ਦਾ ਅਨੁਭਵ ਕਰੋ ਲੇਖਕ ਅਤੇ ਮੀਡੀਆ ਵਿਅਕਤੀ ਪ੍ਰਮੁੱਖ ਮਾਨਤਾ ਦੀ ਉਮੀਦ ਕਰ ਸਕਦੇ ਹਨ। ਇਸ ਰਾਸ਼ੀ ਦੇ ਲੋਕਾਂ ਨੂੰ ਅੱਜ ਆਪਣੇ ਲਈ ਸਮਾਂ ਕੱਢਣ ਦੀ ਸਖਤ ਲੋੜ ਹੈ ਇਸ ਕੰਮ ਨਾਲ ਉਨਾਂ ਦਾ ਮਾਨਸਿਕ ਤਣਾਅ ਵੱਧ ਸਕਦਾ ਹੈ। ਅੱਜ ਜ਼ਿੰਦਗੀ ਸੱਚਮੁਚ ਸ਼ਾਨਦਾਰ ਹੋਵੇਗੀ ਕਿਉਂ ਕਿ ਤੁਹਾਡੇ ਜੀਵਨਸਾਥੀ ਨੇ ਤੁਹਾਡੇ ਲਈ ਕੁਝ ਖਾਸ ਯੋਜਨਾ ਬਣਾਈ ਹੋਈ ਹੈ।

ਕਰਕ : ਬਜ਼ੁਰਗ ਲੋਕਾਂ ਨੂੰ ਆਪਣੀ ਸਿਹਤ ਦਾ ਖਿਆਲ ਰੱਖਣ ਦੀ ਖਾਸ ਲੋੜ ਹੈ। ਅੱਜ ਤੁਹਾਡੇ ਮਾਤਾ ਪਿਤਾ ਵਿਚੋਂ ਕੋਈ ਤੁਹਾਨੂੰ ਧੰਨ ਦੀ ਬਚਤ ਕਰਨ ਦੇ ਲਈ ਲੈਕਚਰ ਦੇ ਸਕਦਾ ਹੈ ਤੁਹਾਡੀ ਉਨਾਂ ਗੱਲਾਂ ਨੂੰ ਬਹੁਤ ਧਿਆਨ ਸੁਣਨ ਦੀ ਲੋੜ ਹੈ ਨਹੀਂ ਤਾ ਆਉਣ ਵਾਲੇ ਸਮੇਂ ਵਿਚ ਮੁਸ਼ਕਿਲ ਨਾਲ ਤੁਹਾਨੂੰ ਨਜਿੱਠਣਾ ਪੈ ਸਕਦਾ ਹੈ। ਦੋਸਤ ਸ਼ਾਮ ਦੇ ਲਈ ਕੋਈ ਵਧੀਆ ਯੋਜਨਾ ਬਣਾ ਕੇ ਤੁਹਾਡਾ ਦਿਨ ਖੁਸ਼ੀ ਭਰਿਆ ਬਣਾ ਦੇਣਗੇ। ਕਈਂ ਲੋਕਾਂ ਦੇ ਲਈ ਅੱਜ ਸ਼ਾਮ ਰੋਮਾਂਟਿਕ ਅਤੇ ਖੂਬਸੂਰਤ ਤੋਹਫੇ ਅਤੇ ਫੁਲਾਂ ਨਾਲ ਭਰਪੂਰ ਹੋਵੇਗੀ। ਦਿਨੀ ਸੁਪਨਿਆਂ ਵਿਚ ਸਮਾਂ ਖਪਾਨਾ ਨੁਕਸਾਨਦੇਹ ਰਹੇਗਾ ਇਸ ਭੱਬਲਭੁੱਸੇ ਵਿਚ ਨਾ ਰਹੋ ਕਿ ਦੂਜੇ ਤੁਹਾਡਾ ਕੰਮ ਕਰਨਗੇ। ਤੁਸੀ ਨਿੱਜੀ ਜਗ੍ਹਾਂ ਦੀ ਮਹੱਤਤਾ ਤੋਂ ਜਾਣੂ ਹੋ ਤੁਹਾਨੂੰ ਅੱਜ ਬਹੁਤ ਖਾਲੀ ਸਮਾਂ ਮਿਲਣ ਦੀ ਸੰਭਵਨਾ ਹੈ ਇਸ ਸਮੇਂ ਵਿਚ ਤੁਸੀ ਕੋਈ ਗੇਮ ਖੇਡ ਸਕਦੇ ਹੋ ਜਾਂ ਜਿੰਮ ਵਿਚ ਜਾ ਸਕਦੇ ਹੋ। ਵਿਵਾਹਿਕ ਜੀਵਨ ਦੇ ਲਈ ਵਿਸ਼ੇਸ਼ ਦਿਨ ਹੈ ਆਪਣੇ ਜੀਵਨ ਸਾਥੀ ਨੂੰ ਦੱਸੋ ਕਿ ਤੁਸੀ ਉਸ ਨੂੰ ਕਿੰਨਾ ਪਿਆਰ ਕਰਦੇ ਹੋ।



ਸਿੰਘ : ਵਿਸ਼ਵਾਸ਼ ਕਰੋ ਕਿ ਤੇ ਯਕੀਨ ਹੀ ਬਹਾਦਰੀ ਦੀ ਅਸਲੀ ਪਰਖ ਹੈ ਕਿਉਂ ਕਿ ਇਸ ਦੇ ਬਲ ਤੇ ਤੁਸੀ ਲੰਬੇ ਵਕਤ ਤੋਂ ਚਲੀ ਆ ਰਹੀ ਬਿਮਾਰੀ ਤੋਂ ਛੁਟਕਾਰਾ ਪਾ ਸਕਦੇ ਹੋ। ਸੰਭਵ ਹੈ ਕੀ ਧੰਨ ਵਿਚ ਹਾਨੀ ਹੋਵੇਗੀ ਇਸ ਲਈ ਲੈਣ ਦੇਣ ਦੇ ਮਾਮਲੇ ਵਿਚ ਜਿੰਨਾਂ ਸਤਕ ਰਹੋਂਗੇ ਤੁਹਾਡੇ ਲਈ ਉਨਾਂ ਹੀ ਚੰਗਾ ਹੈ। ਦਿਨ ਦੇ ਬਾਅਦ ਅਚਾਨਕ ਆਈ ਕੋਈ ਚੰਗੀ ਖਬਰ ਅਤੇ ਪਰਿਵਾਰ ਨੂੰ ਖੁਸ਼ੀ ਦੇਵੇਗੀ। ਅੱਜ ਕੋਈ ਚੰਗੀ ਖਬਰ ਜਾਂ ਜੀਵਨਸਾਥੀ ਪਿਆਰ ਤੋਂ ਮਿਲਿਆ ਕੋਈ ਸੰਦੇਸ਼ ਤੁਹਾਡੇ ਉਤਸ਼ਾਹ ਨੂੰ ਦੁੱਗਣਾ ਕਰ ਸਕਦਾ ਹੈ। ਤੁਹਾਡੇ ਵਿਰੋਧੀ ਅੱਜ ਕੰਮ ਤੇ ਉਨਾਂ ਦੇ ਮਾੜੇ ਕੰਮਾਂ ਦਾ ਨਤੀਜਾ ਪ੍ਰਾਪਤ ਕਰਨਗੇ। ਦਿਨ ਵਧੀਆ ਹੈ ਦੂਸਰਿਆਂ ਦੇ ਨਾਲ ਨਾਲ ਤੁਸੀ ਆਪਣੇ ਲਈ ਵੀ ਸਮਾਂ ਕੱਢ ਪਾਉਂਗੇ। ਅੱਜ ਤੁਹਾਨੂੰ ਆਪਣੇ ਜੀਵਨਸਾਥੀ ਨਾਲ ਫਿਰ ਦੁਬਾਰਾ ਪਿਆਰ ਹੋ ਜਾਵੇਗਾ

ਕੰਨਿਆ: ਸਿਹਤ ਨੂੰ ਲੈ ਕੇ ਜ਼ਿਆਦਾਂ ਦੇਖਭਾਲ ਦੀ ਜ਼ਰੂਰਤ ਹੈ। ਲੰਬੇ ਨਿਵੇਸ਼ ਤੋਂ ਬਚੋ ਅਤੇ ਕੋਸ਼ਿਸ਼ ਕਰੋ ਦੋਸਤਾਂ ਦੇ ਨਾਲ ਬਾਹਰ ਜਾ ਕੇ ਖੁਸ਼ੀ ਦੇ ਪਲ ਬਤੀਤ ਕਰੋ। ਤੁਸੀ ਦੋਸਤਾਂ ਦੇ ਨਾਲ ਬੇਹਤਰੀਨ ਸਮਾਂ ਬਿਤਾਉਂਗੇ ਪਰੰਤੂ ਗੱਡੀ ਚਲਾਉਂਦੇ ਸਮੇਂ ਜ਼ਿਆਦਾ ਸਾਵਧਾਨੀ ਵਰਤੋ। ਸਿਰਫ ਸਪਸ਼ਟ ਸਮਝਦਾਰੀ ਭਰੋਸੇ ਨਾਲ ਤੁਸੀ ਪਤਨੀ ਨੂੰ ਭਾਵਨਾਤਮਕ ਸਹਾਰਾ ਦੇ ਸਕਦੇ ਹੋ। ਤੁਹਾਨੂੰ ਕੰਮ ਕਾਰ ਵਿਚ ਪੇਸ਼ੇਵਰ ਉਪਲਬਧੀਆਂ ਅਤੇ ਲਾਭ ਮਿਲੇਗਾ। ਸਮਾਜਿਕ ਧਾਰਮਿਕ ਸਮਾਗਮਾਂ ਲਈ ਬੇਹਤਰੀਨ ਦਿਨ ਹੈ। ਤੁਸੀ ਜਾਣਦੇ ਹੋ ਕਿ ਸਿਹਤ ਦੇ ਨਜ਼ਰੀਏ ਨਾਲ ਜੱਫੀ ਪਾਉਣ ਦੇ ਕੀ ਲਾਭ ਹਨ ਤੁਸੀ ਅੱਜ ਆਪਣੇ ਜੀਵਨ ਸਾਥੀ ਨੂੰ ਮਿਲ ਸਕਦੇ ਹੋ।

ਤੁਲਾ : ਤੁਸੀਂ ਆਪਣੇ ਕੰਮ ਵਿਚ ਇਕਾਗਰਤਾ ਬਰਕਰਾਰ ਰੱਖਣ ਵਿਚ ਦਿੱਕਤ ਮਹਿਸੂਸ ਕਰ ਰਹੇ ਹੋ ਕਿਉਂ ਕਿ ਅੱਜ ਤੁਹਾਡੀ ਸਿਹਤ ਪੂਰੀ ਤਰਾਂ ਠੀਕ ਨਹੀਂ ਹੈ। ਅੱਜ ਤੁਸੀ ਪੈਸਾ ਇਕੱਠਾ ਕਰਨ ਅਤੇ ਬਚਾਉਣ ਦਾ ਹੁੱਨਰ ਸਿੱਖ ਸਕਦੇ ਹੋ ਅਤੇ ਇਸ ਦੀ ਸਹੀ ਵਰਤੋਂ ਕਰ ਸਕਦੇ ਹੋ। ਜੇਕਰ ਅੱਜ ਤੁਸੀ ਲੋਕਾਂ ਤੇ ਆਪਣੇ ਫੈਸਲੇ ਥੋਪਣ ਦੀ ਕੋਸ਼ਿਸ਼ ਕਰੋਂਗੇ ਤਾਂ ਤੁਸੀ ਆਪਣੇ ਹਿੱਤਾਂ ਨੂੰ ਹੀ ਨੁਕਸਾਨ ਪਹੁੰਚਾਉਗੇ। ਹਾਲਾਤ ਦਾ ਸਾਹਮਣਾ ਧੀਰਜ ਨਾਲ ਕਰਨਾ ਚੰਗਾ ਪਰਿਣਾਮ ਦੇ ਸਕਦਾ ਹੈ। ਜਿਹੜੇ ਲੋਕ ਹੁਣ ਤੱਕ ਛੜੇ ਹਨ ਉਨਾਂ ਦੀ ਮੁਲਾਕਾਤ ਅੱਜ ਕਿਸੇ ਖਾਸ ਨਾਲ ਹੋਣ ਦੀ ਸੰਭਾਵਨਾ ਹੈ ਪਰੰਤੂ ਗੱਲ ਨੂੰ ਅੱਗੇ ਵਧਾਉਣ ਤੋਂ ਪਹਿਲਾਂ ਇਹ ਜਰੂਰ ਜਾਣ ਲਵੋ ਕਿ ਕਿਤੇ ਉਹ ਸਖਸ਼ ਕਿਸੇ ਦੇ ਨਾਲ ਰਿਸ਼ਤੇ ਵਿਚ ਨਾ ਹੋ। ਦਿਨ ਦੇ ਸ਼ੁਰੂ ਤੋਂ ਲੈ ਕੇ ਅੰਤ ਤੱਕ ਤੁਸੀ ਖੁਦ ਨੂੰ ਤਾਕਤ ਨਾਲ ਲਿਬਰੇਜ਼ ਮਹਿਸੂਸ ਕਰੋਂਗੇ। ਤੁਸੀ ਸਮੇਂ ਦੀ ਕੀਮਤ ਨੂੰ ਸਮਝੋ ਉਨਾਂ ਲੋਕਾਂ ਵਿਚ ਰਹਿਣਾ ਬੇਕਾਰ ਹੈ ਜਿਨਾਂ ਨੂੰ ਸਮਝਣਾ ਮੁਸ਼ਕਿਲ ਹੈ ਅਜਿਹਾ ਕਰਨਾ ਹੋਰ ਮੁਸ਼ਕਿਲਾਂ ਨੂੰ ਜਨਮ ਦੇ ਸਕਦਾ ਹੈ। ਕਾਫੀ ਲੰਬੇ ਸਮੇਂ ਬਾਅਦ ਤੁਸੀ ਅਤੇ ਤੁਹਾਡਾ ਪਾਰਟਨਰ ਬਿਨਾਂ ਲੜਾਈ ਅਤੇ ਬਹਿਸ ਤੋਂ ਚੰਗਾ ਸ਼ਾਤੀ ਵਾਲਾ ਦਿਨ ਬਤੀਤ ਕਰ ਸਕਦੇ ਹੋ। ਜਿਸ ਵਿਚ ਸਿਰਫ ਪਿਆਰ ਹੋਵੇਗਾ।

ਬ੍ਰਿਸ਼ਚਕ : ਮਾਤਾ ਪਿਤਾ ਦੀ ਸਿਹਤ ਚਿੰਤਾ ਦਾ ਕਾਰਨ ਬਣ ਸਕਦੀ ਹੈ। ਅੱਜ ਵਪਾਰ ਵਿਚ ਚੰਗਾ ਖਾਸਾ ਲਾਭ ਹੋਣ ਦੀ ਸੰਭਾਵਨਾ ਹੈ ਅੱਜ ਦੇ ਦਿਨ ਆਪਣੇ ਵਪਾਰ ਨੂੰ ਕੋਈਂ ਉਚਾਈਆਂ ਦੇ ਸਕਦਾ ਹੈ। ਘਰੇਲੂ ਮਾਮਲੇ ਅਤੇ ਕਾਫੀ ਸਮੇਂ ਤੋਂ ਲੰਬਿਤ ਘਰ ਦੇ ਕੰਮ ਕਾਜ ਦੇ ਹਿਸਾਬ ਨਾਲ ਚੰਗਾ ਦਿਨ ਹੈ। ਤੁਹਾਨੂੰ ਜਾਣਨ ਦੀ ਲੋੜ ਹੈ ਕਿ ਤੁਹਾਨੂੰ ਆਪਣੇ ਪਿਆਰ ਦੇ ਨਾਲ ਸਮਾਂ ਬਿਤਾਉਣ ਦੀ ਲੋੜ ਹੈ ਅਤੇ ਤੁਸੀ ਦੂਜਿਆਂ ਨੂੰ ਚੰਗੀ ਤਰਾਂ ਸਮਝਦੇ ਹੋ। ਜੇਕਰ ਤੁਸੀ ਕੰਮਕਾਰ ਦੇ ਲਈ ਜਿਆਦਾ ਦਬਾਅ ਬਣਾਉਂਗੇ ਤਾਂ ਲੋਕ ਭੜਕ ਸਕਦੇ ਹਨ ਕੋਈ ਵੀ ਫੈਂਸਲਾ ਲੈਣ ਤੋਂ ਪਹਿਲਾਂ ਦੂਜਿਆਂ ਦੀਆਂ ਲੋੜਾਂ ਨੂੰ ਸਮਝਣ ਦੀ ਕੋਸ਼ਿਸ਼ ਕਰੋ। ਜੀਵਨ ਦਾ ਆਨੰਦ ਲੈਣ ਦੇ ਲਈ ਤੁਹਾਨੂੰ ਆਪਣੇ ਦੋਸਤਾਂ ਨੂੰ ਵੀ ਦੇਖਣ ਲਈ ਸਮਾਂ ਕੱਢਣਾ ਚਾਹੀਦਾ ਹੈ ਜੇਕਰ ਤੁਸੀ ਸਮਾਜ ਤੋਂ ਅਲੱਗ ਥਲੱਗ ਰਹਿੰਦੇ ਹੋ ਅਤੇ ਆਪ ਹੀ ਜੁੜੇ ਰਹਿੰਦੇ ਹੋ ਤਾਂ ਤੁਹਾਡੇ ਬਚਾਅ ਲਈ ਕੋਈ ਲਾਭ ਨਹੀ ਹੋਏਗਾ। ਤੁਹਾਡੇ ਸਥਾਨ ਤੇ ਕਿਸੇ ਬੱਚੇ ਜਾਂ ਸੀਨੀਅਰ ਨਾਗਰਿਕ ਦੀ ਖਰਾਬ ਸਿਹਤ ਤੁਹਾਨੂੰ ਤਨਾਵ ਦੇ ਸਕਦੀ ਹੈ ਇਸ ਦਾ ਸਿੱਧਾ ਪ੍ਰਭਾਵ ਤੁਹਾਡੀ ਵਿਆਹੁਤ ਜੀਵਨ ਤੇ ਪਵੇਗਾ।

ਧਨੂੰ: ਆਪਣੇ ਮਨਮਰਜ਼ੀ ਅਤੇ ਜ਼ਿੱਦੀ ਸੁਭਾਅ ਨੂੰ ਕਾਬੂ ਵਿਚ ਰੱਖੋ ਖਾਸ ਤੌਰ ਤੇ ਕਿਸੇ ਜਲਸੇ ਜਾਂ ਪਾਰਟੀ ਵਿਚ। ਕਿਉਂ ਕਿ ਅਜਿਹਾ ਨਾ ਕਰਨ ਤੇ ਉੱਥੋਂ ਦਾ ਮਾਹੌਲ ਤਣਾਅ ਗ੍ਰਸਤ ਹੋ ਸਕਦਾ ਹੈ। ਰੁਕੇ ਹੋਏ ਮਾਮਲੇ ਹੋਰ ਘਣੇ ਹੋਣਗੇ ਉਹ ਖਰਚ ਤੁਹਾਡੇ ਦਿਮਾਗ ਤੇ ਛਾ ਜਾਵੇਗਾ। ਅਚਾਨਕ ਆਈ ਜ਼ਿੰਮੇਵਾਰੀ ਤੁਹਾਡੀ ਦਿਨ ਦੀ ਯੋਜਨਾ ਵਿਚ ਮੁਸ਼ਕਿਲ ਪਾ ਸਕਦੀ ਹੈ ਤੁਸੀ ਪਾਉਂਗੇ ਕਿ ਤੁਸੀ ਦੂਜਿਆਂ ਦੇ ਲਈ ਜ਼ਿਆਦਾ ਅਤੇ ਆਪਣੇ ਲਈ ਘੱਟ ਕਰ ਰਹੇ ਹੋ। ਜੇਕਰ ਤੁਸੀ ਡਿਕਟੇਟ ਕਰਨ ਦੀ ਕੋਸ਼ਿਸ਼ ਕਰੋਂਗੇ ਤਾਂ ਤੁਹਾਡੇ ਪਾਰਟਨਰ ਦੇ ਵਿਚ ਕਾਫੀ ਮੁਸ਼ਕਿਲ ਖੜੀ ਹੋ ਸਕਦੀ ਹੈ। ਕੁਝ ਲਈ ਪੇਸ਼ੇਵਰ ਉੱਨਤੀ ਹੈ। ਦਿਨ ਵਧੀਆ ਹੈ ਦੂਸਰਿਆਂ ਦੇ ਨਾਲ ਨਾਲ ਤੁਸੀ ਆਪਣੇ ਲਈ ਵੀ ਸਮਾਂ ਕੱਢ ਪਾਉਂਗੇ। ਅੱਜ ਜੀਵਨ ਸਾਥੀ ਤੋਂ ਬਹੁਤ ਜ਼ਿਆਦਾ ਉਮੀਦਾਂ ਰੱਖਣਾ ਤੁਹਾਡੇ ਵਿਆਹੁਤ ਜੀਵਨ ਨੂੰ ਉਦਾਸੀ ਦੀ ਤਰਫ ਲੈ ਜਾ ਸਕਦਾ ਹੈ।

ਮਕਰ : ਕਿਸਮਤ ਤੇ ਨਿਰਭਰ ਨਾ ਰਹੋ ਅਤੇ ਆਪਣੀ ਸਿਹਤ ਨੂੰ ਸੁਧਾਰਨ ਦੀ ਕੋਸ਼ਿਸ਼ ਕਰੋ ਕਿਉਂ ਕਿ ਕਿਸਮਤ ਖੁਦ ਬਹੁਤ ਆਲਸੀ ਹੁੰਦੀ ਹੈ। ਅੱਜ ਤੁਹਾਨੂੰ ਪੈਸੇ ਨਾਲ ਜੁੜੀ ਸਮੱਸਿਆ ਆ ਸਕਦੀ ਹੈ ਅਤੇ ਜਿਸ ਨੂੰ ਸੁਲਝਾਉਣ ਲਈ ਤੁਸੀ ਆਪਣੇ ਪਿਤਾ ਜਾਂ ਕਿਸੇ ਵੱਡੇ ਦੀ ਮਦਦ ਲੈ ਸਕਦੇ ਹੋ। ਪਰਿਵਾਰ ਦੇ ਮੈਂਬਰਾਂ ਨਾਲ ਕੁਝ ਆਰਾਮ ਦੇ ਪਲ ਬਿਤਾਉ। ਤੁਹਾਨੂੰ ਆਪਣੀ ਹਾਰ ਤੋਂ ਕੁਝ ਸਬਕ ਸਿੱਖਣ ਦੀ ਲੋੜ ਹੈ ਕਿਉਂ ਕਿ ਅੱਜ ਤੁਹਾਨੂੰ ਦਿਲ ਦੀ ਗੱਲ ਕਹਿਣ ਲੱਗਿਆਂ ਨੁਕਸਾਨ ਵੀ ਹੋ ਸਕਦਾ ਹੈ। ਚੰਗਾ ਦਿਨ ਹੈ ਕਿਉਂ ਕਿ ਤੁਹਾਨੂੰ ਆਪਣੇ ਲਕਸ਼ ਨੂੰ ਪਾਉਣ ਦੇ ਲਈ ਬੇਹਤਰੀਨ ਮੋਕੇ ਮਿਲਣਗੇ। ਆਈ ਟੀ ਪੇਸ਼ੇਵਰ ਨਾਲ ਜੁੜੇ ਲੋਕਾਂ ਨੂੰ ਵਿਦੇਸ਼ ਤੋਂ ਬੁਲਾਵਾ ਆ ਸਕਦਾ ਹੈ। ਅੱਜ ਤੁਹਾਡੇ ਘਰ ਕੁਝ ਦੋਸਤ ਆ ਸਕਦੇ ਹਨ ਤੁਹਾਡੇ ਨਾਲ ਸਮਾਂ ਬਿਤਾ ਸਕਦੇ ਹਨ ਹਾਲਾਂ ਕਿ ਇਸ ਸਮੇਂ ਤੁਹਾਡੇ ਲਈ ਸ਼ਰਾਬ, ਸਿਗਰੇਟ ਆਦਿ ਦੀ ਵਰਤੋ ਕਰਨਾ ਚੰਗਾ ਨਹੀਂ ਹੈ। ਅੱਜ ਜੀਵਨ ਸਾਥੀ ਦਾ ਵਿਵਹਾਰ ਤੁਹਾਡੇ ਖਾਸ ਰਿਸ਼ਤਿਆਂ ਤੇ ਗਲਤ ਅਸਰ ਪਾ ਸਕਦਾ ਹੈ।

ਕੁੰਭ: ਆਪਣੇ ਸਰੀਰ ਦੀ ਥਕਾਵਟ ਅਤੇ ਉਰਜਾ ਸਤਰ ਨੂੰ ਵਧਾਉਣ ਲਈ ਤੁਹਾਨੂੰ ਪੂਰੇ ਆਰਾਮ ਦੀ ਜ਼ਰੂਰਤ ਹੈ ਨਹੀਂ ਤਾਂ ਸਰੀਰ ਦੀ ਥਕਾਵਟ ਤੁਹਾਡੇ ਮਨ ਵਿਚ ਨਿਰਾਸ਼ਾਵਾਦ ਨੂੰ ਜਨਮ ਦੇ ਸਕਦੀ ਹੈ। ਅਚਾਨਕ ਨਵੇਂ ਸੋਮਿਆਂ ਤੋਂ ਪੈਸਾ ਮਿਲੇਗਾ ਜੋ ਤੁਹਾਡੇ ਦਿਨ ਨੂੰ ਚਮਕਦਾਰ ਬਣਾ ਦੇਵੇਗਾ। ਲੋੜ ਦੇ ਸਮੇਂ ਤੁਹਾਨੂੰ ਦੋਸਤਾਂ ਦਾ ਸਹਿਯੋਗ ਮਿਲੇਗਾ। ਮੋਮਬੱਤੀ ਦੀ ਰੋਸ਼ਨੀ ਵਿਚ ਆਪਣੇ ਪਿਆਰੇ ਨਾਲ ਭੋਜਨ ਸ਼ਾਂਝਾ ਕਰੋ। ਅਜਿਹੇ ਲੋਕਾਂ ਦੇ ਨਾਲ ਜੁੜੋ ਜੋ ਸਥਾਪਿਤ ਹੋਣ ਅਤੇ ਭਵਿੱਖ ਦੇ ਰੁਝਾਨਾ ਨੂੰ ਸਮਝਣ ਵਿਚ ਤੁਹਾਡੀ ਮਦਦ ਕਰ ਸਕਦੇ ਹਨ। ਗੱਪਿਆਂ ਅਤੇ ਅਫਵਾਹਾਂ ਤੋਂ ਦੂਰ ਰਹੋ। ਤੁਹਾਡਾ ਜੀਵਨਸਾਥੀ ਬਿਨਾਂ ਕੁਝ ਜਾਣੇ ਕੁਝ ਅਜਿਹਾ ਖਾਸ ਕੰਮ ਕਰ ਸਕਦਾ ਹੈ ਜਿਸ ਨੂੰ ਸੱਚਮੁਚ ਕਦੇ ਭੁੱਲ ਨਹੀਂ ਸਕੋਂਗੇ।

ਮੀਨ: ਅਸਹਜਤਾ ਤੁਹਾਡੀ ਮਾਨਸਿਕ ਸ਼ਾਤੀ ਵਿਚ ਵਾਧਾ ਪੈਦਾ ਕਰ ਸਕਦੀ ਹੈ ਪਰੰਤੂ ਕੋਈ ਦੋਸਤ ਤੁਹਾਡੀ ਪਰੇਸ਼ਾਨੀਆਂ ਦੇ ਸਮਾਧਾਨ ਲਈ ਕਾਫੀ ਮਦਦਗਾਰ ਸਾਬਿਤ ਹੋਵੇਗ। ਤਣਾਅ ਤੋਂ ਬਚਨ ਲਈ ਸੰਗੀਤ ਦਾ ਸਹਾਰਾ ਲਵੋ। ਜੇਕਰ ਤੁਸੀ ਸਫਰ ਕਰ ਰਹੇ ਹੋਂ ਤਾਂ ਆਪਣਾ ਕੀਮਤੀ ਸਾਮਾਨ ਦਾ ਵਿਸ਼ੇਸ਼ ਧਿਆਨ ਰੱਖੋ ਜੇਕਰ ਤੁਸੀ ਅਜਿਹਾ ਨਹੀਂ ਕਰਦੇ ਤਾਂ ਸਮਾਨ ਦੇ ਚੋਰੀ ਜਾਂ ਬਦਲਾਅ ਦੀ ਸੰਭਾਵਨਾ ਹੈ। ਬੱਚਿਆਂ ਦਾ ਸਕੂਲ ਨਾਲ ਜੁੜਿਆ ਕੰਮ ਪੂਰਾ ਕਰਨ ਦੇ ਲਈ ਮਦਦ ਦੇਣ ਦਾ ਸਮਾਂ ਹੈ। ਪਿਆਰ ਵਿਚ ਉਤਰਾਅ ਚੜਾਅ ਦਾ ਸਾਹਮਣਾ ਕਰਨ ਲਈ ਖੁਸ਼ ਅਤੇ ਹਿੰਮਤੀ ਬਣੋ। ਕੰਮਕਾਰ ਵਿਚ ਤੁਹਾਨੂੰ ਕਾਫੀ ਲਾਭ ਹੋ ਸਕਦਾ ਹੈ। ਤਣਾਵ ਭਰਿਆ ਦਿਨ ਹੈ ਜਦੋਂ ਨਜ਼ਦੀਕੀ ਲੋਕਾਂ ਨਾਲ ਕਈਂ ਮਤਭੇਦ ਉੱਭਰ ਸਕਦੇ ਹਨ। ਤੁਹਾਡੇ ਜੀਵਨਸਾਥੀ ਦੀ ਨੁਕਤਾਚੀਨੀ ਤੋਂ ਤੁਸੀ ਪਰੇਸ਼ਾਨ ਹੋ ਸਕਦੇ ਹੋ ਪਰ ਤੁਹਾਡੇ ਲਈ ਸੱਚਮੁਚ ਉਹ ਵਧੀਆ ਹੈ।

# ਡਾ. ਮੋਹਨਜੀਤ ਸ਼ਾਇਰ ਅਤੇ ਬਹੁ ਵਿਧਾਵੀ ਲੇਖਕ

–ਪਿਆਰਾ ਸਿੰਘ ਕੁੱਦੋਵਾਲ

ਸਾਹਿਤ ਅਕਾਦਮੀ ਪੁਰਸਕਾਰ ਵਿਜੇਤਾ ਡਾ. ਮੋਹਨਜੀਤ ਸਿੰਘ ਇਕ ਰਿਟਾਇਰਡ ਪ੍ਰੋਫ਼ੈਸਰ, ਪੰਜਾਬੀ ਦੇ ਸ਼ਾਇਰ, ਲੇਖਕ, ਆਲੋਚਕ ਅਤੇ ਅਨੁਵਾਦਕ ਸਨ। ਉਹਨਾਂ ਨੇ ਆਪਣੀ ਸਵੈ–ਜੀਵਨੀ ਦੇ ਨਾਲ ਨਾਲ ਹੋਰ ਦੋ ਦਰਜਨ ਤੋਂ ਵੱਧ ਕਿਤਾਬਾਂ ਪੰਜਾਬੀ ਸਾਹਿਤ ਦੀ ਝੋਲੀ ਵਿੱਚ ਪਾਈਆਂ। ਡਾ.ਮੋਹਨਜੀਤ ਜੀ 7 ਮਈ 1938 ਨੂੰ ਅਦਲੀਵਾਲ, ਨੇੜੇ ਤਰਨਤਾਰਨ, ਜ਼ਿਲਾ ਅੰਮ੍ਰਿਤਸਰ, ਪੰਜਾਬ ਵਿਚ ਪੈਦਾ ਹੋਏ ਅਤੇ 20 ਅਪਰੈਲ 2024 ਨੂੰ ਲਗਭਗ 86 ਸਾਲ ਦੀ ਉਮਰ ਵਿੱਚ ਇਸ ਫ਼ਾਨੀ ਸੰਸਾਰ ਨੂੰ ਅਲਵਿਦਾ ਕਹਿ ਗਏ। ਪਿਛੇ ਪਰਿਵਾਰ ਵਿੱਚ ਉਨ੍ਹਾਂ ਦੇ ਦੋ ਪੁੱਤਰ ਤੇ ਪਤਨੀ ਕੁਲਦੀਪ ਕੌਰ ਹਨ। ਸੁਖਨਲੋਕ ਨੂੰ ਦਿੱਤੀ ਇਕ ਵੀਡੀਉ ਇੰਟਰਵਿਊ ਅਨੁਸਾਰ ਉਹਨਾਂ ਨੂੰ ਸੰਗੀਤ ਅਤੇ ਗਾਉਣ ਦਾ ਬਹੁਤ ਸ਼ੌਕ ਸੀ ਭਾਵੇਂ ਉਹ ਬਾਕਾਇਦਾ ਤੌਰ 'ਤੇ ਕਦੇ ਗਾ ਨਹੀਂ ਸਕੇ। ਉਹਨਾਂ ਦੇ ਕਥਨ ਅਨੁਸਾਰ ਆਪਣੀ ਸਰੋਦੀ ਕਵਿਤਾ ਵਿੱਚੋਂ ਹੀ ਉਹਨਾਂ ਨੇ ਸੰਗੀਤ ਤੇ ਗਾਉਣ ਦੀ ਭੁੱਖ ਪੂਰੀ ਕੀਤੀ। ਉਹ ਪੰਜਾਬੀ ਅਤੇ ਅੰਗਰੇਜ਼ੀ ਦੀ ਐਮ.ਏ ਸਨ। ਉਹ ਅਲੀਗੜ੍ਹ ਮੁਸਲਿਮ ਯੂਨੀਵਰਿਸਟੀ ਵਿੱਚ ਵੀ ਪੜ੍ਹਦੇ ਰਹੇ ਸਨ। ਉਹਨਾਂ ਨੇ ਦਿੱਲੀ ਯੂਨੀਵਰਿਸਟੀ ਤੋਂ ਪੀ.ਐਚ.ਡੀ ਕੀਤੀ। ਉਹਨਾਂ ਨੇ ਅਧਿਆਪਨ ਦਾ ਕਾਰਜ ਸਕੂਲ ਤੋਂ ਸ਼ੁਰੂ ਕੀਤਾ ਤੇ ਫਿਰ ਇਕ ਲੰਬੇ ਸਮੇਂ ਤੱਕ ਦੇਸ਼ ਬੰਧੂ ਕਾਲਜ ਦਿੱਲੀ ਵਿੱਚ ਪੜ੍ਹਾਇਆ ਅਤੇ ਉਥੋਂ ਹੀ ਰਿਟਾਇਰ ਹੋਏ। ਓਹਨਾਂ ਦੀਆਂ ਕਿਤਾਬਾਂ ਦੇ ਨਾਮ ਇਸ ਪ੍ਰਕਾਰ ਹਨ: ਸਹਿਕਦਾ ਸ਼ਹਿਰ, ਵਰਵਰੀਕ, ਕੀ ਨਾਰੀ ਕੀ ਨਦੀ, ਤੁਰਦੇ ਫਿਰਦੇ ਮਸਖਰੇ (ਰੇਖਾ ਚਿੱਤਰ), ਡਾਟਾ ਵਾਲੇ ਬੂਹੇ (ਰੇਖਾ ਚਿੱਤਰ), ਓਹਲੇ ਵਿੱਚ ਉਜਿਆਰਾ (ਰੇਖਾ ਚਿੱਤਰ), ਗੂੜ੍ਹੀ ਲਿਖਤ ਵਾਲਾ ਵਰਕਾ (ਰੇਖਾ ਚਿੱਤਰ), ਹਵਾ ਪਿਆਜ਼ੀ, ਬੂੰਦ ਤੇ ਸਮੁੰਦਰ (ਅਨੁਵਾਦ) ਅਤੇ ਕੋਣੇ ਦਾ ਸੂਰਜ । ਉਹਨਾਂ ਦਾ ਨਾਮ ਕਾਵਿਕ ਰੇਖਾ ਚਿੱਤਰ ਲਿਖਣ ਵਿੱਚ ਖਾਸ ਤੌਰ ਤੇ ਗਿਣਿਆ ਜਾ ਸਕਦਾ ਹੈ।

"ਕੋਣੇ ਦਾ ਸੂਰਜ" ਪੁਸਤਕ ਨੂੰ ਸਾਲ 2018 ਦਾ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ। ਇਹ ਇਕ ਲੰਬੀ ਕਵਿਤਾ ਹੈ। ਇਸ ਵਿੱਚ ਕੁਣਾਂਰਕ ਮੰਦਰ ਜਾਂ ਸੂਰਜ ਮੰਦਰ ਦੇ ਨਿਰਮਾਣ ਦੌਰਾਨ ਅਤੇ ਇਸ ਦੇ ਪਿੱਛੋਕੜ ਦੀ ਕਥਾ ਦਰਸਾਈ ਗਈ ਹੈ। ਕਿਹਾ ਜਾਂਦਾ ਹੈ ਕਿ ਰਾਜੇ ਮਹਾਰਾਜੇ ਆਪਣੀ ਪ੍ਰਸਿੱਧੀ ਅਤੇ ਜਨ ਪ੍ਰਿਅਤਾ ਲਈ ਮੰਦਰ ਅਤੇ ਖ਼ੂਬਸੂਰਤ ਇਮਾਰਤਾਂ ਦਾ ਨਿਰਮਾਣ ਕਰਦੇ ਸਨ। ਅੱਜ ਦੇ ਯੁਗ ਵਿਚ ਵੀ ਇਸ ਦੀ ਰੁਚੀ ਵੇਖਣ ਨੂੰ ਮਿਲਦੀ ਹੈ। ਗੰਗਾ ਵੰਸ਼ ਦੇ ਰਾਜਾ ਨਰ ਸਿੰਹੁ ਦੇਵ ਨੇ ਆਪਣੇ ਆਪ ਨੂੰ ਅਮਰ ਕਰਨ ਲਈ 13ਵੀਂ ਸਦੀ ਵਿੱਚ ਸੂਰਜ ਮੰਦਰ ਦੀ ਉਸਾਰੀ ਕਰਵਾਈ। ਇਸ ਦੀ ਤੀਮਾਰਦਾਰੀ ਵਿੱਚ ਬਾਰਾਂ ਸਾਲ ਲੱਗੇ, ਸੈਂਕੜੇ ਮਜ਼ਦੂਰਾਂ, ਕਲਾਕਾਰਾਂ ਅਤੇ ਦੇਵਦਾਸੀਆਂ ਨੇ ਇਸ ਨਿਰਮਾਣ ਕਾਰਜ ਵਿਚ ਲਗਾਤਾਰ ਕੰਮ ਕੀਤਾ। ਅੰਤ ਵਿੱਚ ਸੂਰਜ ਮੰਦਰ ਕਲਾ ਦਾ ਇਕ ਅਦਭੁੱਤ ਅਜੂਬਾ ਤਿਆਰ ਹੋਇਆ। ਉਸਾਰੀ ਦੌਰਾਨ ਹੋਰ ਕਈ ਸ਼ਰਤਾਂ ਦੇ ਨਾਲ ਕਾਮੇ, ਮਜ਼ਦੂਰਾਂ, ਕਲਾਕਾਰਾਂ, ਕਾਰੀਗਰਾਂ ਤੇ ਦੇਵ ਦਾਸੀਆਂ ਨੂੰ ਮੰਦਰ ਦੀ ਪਵਿੱਤਰਤਾ ਬਰਕਰਾਰ ਰੱਖਣ ਖ਼ਾਤਰ, ਆਪਸੀ ਦੇਹ ਸੰਬੰਧ ਬਣਾਉਣ ਦੀ ਸਖ਼ਤ ਮਨਾਹੀ ਸੀ । ਆਪ ਦੇ ਗਿਆਨ ਲਈ ਦੱਸ ਦਈਏ ਕਿ ਦੇਵ–ਦਾਸੀਆਂ ਹੀ ਮੰਦਰ ਵਿਚ ਲੱਗੇ ਬੁੱਤਾਂ ਦੀਆਂ ਮਾਡਲ ਸਨ। 'ਕੋਣੇ ਦਾ ਸੂਰਜ' ਲੰਬੀ ਕਵਿਤਾ ਉਹਨਾਂ ਮਜ਼ਦੂਰਾਂ, ਕਲਾਕਾਰਾਂ, ਕਾਰੀਗਰਾਂ ਅਤੇ ਦੇਵ ਦਾਸੀਆਂ ਦੇ ਅੰਦਰੂੰਨੀ ਦਰਦ ਤੇ ਵਿਸ਼ਾਦ ਦਾ ਨਿਰੂਪਣ ਕਰਦੀ ਹੈ। ਉਹਨਾਂ ਨੇ ਉੜੀਆ ਲੋਕਧਾਰਾ, ਲੋਕ ਕਥਾਵਾਂ, ਲੋਕ ਗੀਤਾਂ ਦੀ ਪਿੱਠ ਭੂਮੀ ਵਿੱਚ, ਅਜੋਕੇ ਯੁੱਗ ਦੀ ਮਾਨਵੀ ਸੋਚ ਰਾਹੀਂ ਉਹਨਾਂ ਕਿਰਤੀਆਂ ਦੀ ਮਿਹਨਤ, ਕਸ਼ਟ, ਪਿਆਰ ਦੀ ਕੁਰਬਾਨੀ, ਸਰੀਰਕ ਸ਼ੋਸ਼ਣ, ਕਲਾਕਾਰਾਂ ਨੂੰ ਆਪਣੇ ਹੱਥ ਕੱਟੇ ਜਾਣ ਦੇ ਦਿੱਤੇ ਜਾਂਦੇ ਡਰ ਅਤੇ ਮਾਨਸਿਕ ਤਕਲੀਫ਼ ਨੂੰ ਨਵੇਂ ਅਰਥਾਂ ਵਿਚ ਪ੍ਰਗਟਾਇਆ।

ਰਾਜੇ ਕਲਮ ਕਰਨਾ ਜਾਣਦੇ,
ਉਸਾਰਨਾ, ਬਣਾਉਣਾ
ਅਹਿਸਾਸ ਦੇ ਘੇਰੇ ਦੀ ਗੱਲ ਹੈ
ਸੰਵੇਦਨਾ, ਕਲਾ ਦਾ ਮੂਲ ਹੈ
ਆਦੇਸ਼ ਤੇ ਕਲਾ ਦਾ
ਮੁੱਢੋ ਵਿਰੋਧ ਹੈ।"

ਦੇਵ ਦਾਸੀਆਂ ਬਾਰੇ ਕਾਵਿ ਬੰਦ :

.."ਕੁੱਝ ਕੁ ਧਨ ਜਾਂ
ਭੋਇੰ ਦੇ ਟੁਕੜੇ ਲਈ
ਮੰਦਿਰਾਂ ਨੂੰ ਅਰਪੀਆਂ
ਨਾਜ਼ੁਕ, ਮਲੂਕ ਕੰਜਕਾਂ ...
ਕਾਮਨਾ

ਉਹਨਾਂ ਵਿੱਚ ਵੀ ਸੀ
ਪਰ ਮਜਬੂਰ ਸਨ
ਮੰਦਿਰ ਦੀ ਜਾਇਦਾਦ ਸਨ
ਪੁਜਾਰੀਆਂ ਦੀ ਹਿਰਸ ਦਾ ਹੁੰਦੀਆਂ
ਸ਼ਿਕਾਰ
ਜਾਂ ਉਹਨਾਂ ਭਦਰਾਂ ਦੀ ਵਾਸਨਾ ਦਾ
ਜੋ ਮੱਠਾ –ਮੰਦਿਰਾਂ ਦੀ ਮਰਿਆਦਾ
ਲਈ ਦਾਨ ਦਿੰਦੇ ਤੇ ਹੋਰ ਸੁਖ–
ਸਹੂਲਤਾਂ।

ਜੇ ਸਾਹਿਤ ਅਕਾਦਮੀ ਪੁਰਸਕਾਰ ਦੀ ਗੱਲ ਕਰਨੀ ਹੋਵੇ ਤਾਂ ਇਹ ਪੁਰਸਕਾਰ 1954 ਵਿਚ ਸਥਾਪਿਤ ਹੋਇਆ ਸੀ। ਭਾਰਤ ਦੇ ਸੰਵਿਧਾਨ ਦੀ 8ਵੀਂ ਅਨੁਸੂਚੀ ਦੀਆਂ 22 ਭਾਸ਼ਾਵਾਂ ਦੇ ਨਾਲ ਨਾਲ ਅੰਗਰੇਜ਼ੀ ਅਤੇ ਰਾਜਸਤਾਨੀ ਵਿੱਚ ਪ੍ਰਕਾਸ਼ਿਤ ਸਾਹਿਤਕ ਯੋਗਤਾ ਦੀਆਂ ਉੱਤਮ ਪੁਸਤਕਾਂ ਦੇ ਲੇਖਕਾਂ ਨੂੰ ਇਹ ਪੁਰਦਕਾਰ ਪ੍ਰਦਾਨ ਕੀਤਾ ਜਾਂਦਾ ਹੈ। ਇਹ ਸਨਮਾਨ "ਦੀ ਨੈਸ਼ਨਲ ਅਕੈਡਮੀ ਆਫ਼ ਲੈਟਰਜ਼ " ਭਾਰਤ ਵਲੋਂ ਦਿੱਤਾ ਜਾਂਦਾ ਹੈ। ਇਸ ਵਿੱਚ ਇਕ ਲੱਖ ਰੁਪਏ ਦਾ ਨਕਦ ਇਨਾਮ ਅਤੇ ਇੱਕ ਤਖ਼ਤੀ ਸ਼ਾਮਲ ਹੈ। ਸਨਮਾਨ ਵਿਚ ਪ੍ਰਦਾਨ ਕੀਤੀ ਜਾਂਦੀ ਤਖ਼ਤੀ ਭਾਰਤੀ ਫਿਲਮ ਨਿਰਮਾਤਾ ਸਤਿਆਜੀਤ ਰੇ ਨੇ ਡਿਜ਼ਾਈਨ ਕੀਤੀ ਸੀ। ਇਸ ਪੁਰਸਕਾਰ ਦੀ ਚੋਣ ਲਈ ਸਾਲਾਨਾ ਪ੍ਰਕਿਰਿਆ ਪਿਛਲੇ ਬਾਰਾਂ ਮਹੀਨਿਆਂ ਲਈ ਚਲਦੀ ਹੈ।

ਡਾ. ਮੋਹਨਜੀਤ ਵਾਲੇ ਸਾਹਿਤ ਅਕਾਦਮੀ ਪੁਰਸਕਾਰ ਦੀ ਘੋਸ਼ਣਾ ਪੰਜਾਬੀ ਹਿੱਸੇ ਦੀ ਕਨਵੀਨਰ ਡਾ. ਵਨੀਤਾ ਵਰਮਾ ਨੇ ਕੀਤੀ ਸੀ। ਇਸ ਦੀ ਜੀਊਰੀ ਵਿਚ ਨਾਵਲਕਾਰ ਨੱਛਤਰ, ਪ੍ਰੋ. ਅਵਤਾਰ ਸਿੰਘ ਅਤੇ ਮੋਹਨ ਭੰਡਾਰੀ ਸਨ। ਇਹ ਸਨਮਾਨ 29 ਜਨਵਰੀ 2019 ਨੂੰ ਇਕ ਵਿਸ਼ੇਸ਼ ਸਨਮਾਨ ਸਮਾਰੋਹ ਵਿਚ ਪ੍ਰਦਾਨ ਕੀਤਾ ਗਿਆ। ਉਸ ਵੇਲੇ ਦੇ ਬਹੁਤ ਸਾਰੇ ਅਲੋਚਕਾਂ ਤੇ ਸਾਹਿਤਕਾਰਾਂ ਦਾ ਕਹਿਣਾ ਸੀ ਕਿ ਉਹਨਾਂ ਨੂੰ ਇਹ ਸਨਮਾਨ ਬਹੁਤ ਪਹਿਲਾਂ ਮਿਲ ਜਾਣਾ ਚਾਹੀਦਾ ਸੀ। ਦੀਪ ਜਗਦੀਪ ਨਾਲ 2018 ਵਿੱਚ ਲਫਜ਼ਾਂ ਦੇ ਪੁਲ 'ਵਾਸਤੇ ਫੋਨ ਤੇ ਹੋਈ ਗੱਲਬਾਤ ਦੌਰਾਨ ਲੇਟ ਮਿਲੇ ਸਨਮਾਨ ਦੇ ਜਵਾਬ ਵਿਚ ਡਾ. ਮੋਹਨਜੀਤ ਨੇ ਕਿਹਾ ਸੀ ਕਿ ਇਹ ਸਨਮਾਨ ਉਨ੍ਹਾਂ ਦੇ ਰੇਖਾ ਚਿੱਤਰਾਂ ਵਾਲੀ ਦਸ ਸਾਲ ਪਹਿਲਾਂ ਲਿਖੀ ਪੁਸਤਕ 'ਉਹਲੇ ਵਿਚ ਉਜਿਆਰਾ' ਤੇ ਵੀ ਮਿਲ ਸਕਦਾ ਸੀ"।

ਉਹਨਾਂ ਦੇ ਜਗਬਾਣੀ 6 ਦਸੰਬਰ 2018 ਵਿੱਚ ਛਪੇ ਇਕ ਬਿਆਨ ਅਨੁਸਾਰ ਉਹਨਾਂ ਨੇ ਪੁਰਸਕਾਰ ਲਈ ਕਦੇ ਕੋਈ ਜੁਗਾੜਬਾਜ਼ੀ ਨਹੀਂ ਕੀਤੀ। ਇਹ ਸਨਮਾਨ ਉਹਨਾਂ ਦੀ ਰਚਨਾਤਮਿਕਤਾ, ਕਵਿਤਾ ਅਤੇ ਸੱਚ ਨੂੰ ਮਿਲਿਆ ਹੈ। ਸਨਮਾਨ ਮਿਲਣ ਉਪਰੰਤ 2018 ਵਿੱਚ ਫ਼ੇਸ ਬੁੱਕ ਤੇ ਕੁੱਝ ਗੌਲਣਯੋਗ ਟਿੱਪਣੀਆਂ ਇਸ ਤਰਾਂ ਹਨ:

ਪ੍ਰੋ.ਹਰਦਿਆਲ ਸਾਗਰ (ਨਕੋਦਰ): "ਸਤਿਕਾਰਯੋਗ ਸਾਹਿਤਕਾਰ ਸਨਮਾਨਿਤ ਹੋਇਆ ਹੈ! ਸਾਡੇ ਬਹੁਤ ਸਾਰਿਆ ਲਈ ਰਾਹ ਦਸੇਰਾ, ਮੁਹੱਬਤ ਨਾਲ ਲਬਰੇਜ, ਹਲੀਮੀ ਦਾ ਮੁਜੱਸਮ ਰੂਪ, ਮੌਨ ਸਾਧਨਾ ਦਾ ਪ੍ਰਤੀਕ।

ਕਰਾਂਤੀਪਾਲ: ਮੋਹਨਜੀਤ ਜੀ ਵੱਡੇ ਲੇਖਕ ਨੇ... ਉਹਨਾਂ ਦੀ ਸ਼ਾਇਰੀ ਦੇ ਨਾਲ ਵਾਰਤਕ ਵੀ ਕਮਾਲ ਏ।" ਰਮਨਦੀਪ ਵਿਰਕ ਨੇ 'ਕਵਿਤਾ ਦਾ ਅਸਲ ਵਾਰਸ' ਕਿਹਾ। 'ਅੱਜ ਸੁਖਦ ਅਹਿਸਾਸ ਹੋ ਰਿਹਾ ਹੈ' !

ਉਹਨਾਂ ਨੂੰ ਹੋਰ ਵੀ ਇਨਾਮ ਸਨਮਾਨ ਮਿਲੇ ਜਿਹਨਾਂ ਵਿਚੋਂ ਪੰਜਾਬੀ ਟ੍ਰਿਬਿਊਨ ਅਨੁਸਾਰ ਅਗਸਤ 2019 ਵਿਚ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਅਤੇ ਪੰਜਾਬੀ ਅਕਾਦਮੀ ਦਿੱਲੀ ਵਲੋਂ ਸਾਂਝੇ ਤੌਰ ਤੇ ਅੰਮ੍ਰਿਤਾ ਪ੍ਰੀਤਮ ਦੀ ਜਨਮ ਸ਼ਤਾਬਦੀ ਮੌਕੇ, ਪੰਜਾਬੀ ਭਵਨ ਲੁਧਿਆਣੇ ਵਿਚ ਕਰਵਾਏ ਕੌਮੀ ਸੈਮੀਨਾਰ ਵਿੱਚ ਡਾ ਮੋਹਨਜੀਤ ਨੂੰ ਅੰਮ੍ਰਿਤਾ–ਇਮਰੋਜ਼ ਪੁਰਸਕਾਰ ਪ੍ਰਦਾਨ ਕੀਤਾ ਗਿਆ। ਇਸ ਪੁਰਸਕਾਰ ਵਿੱਚ ਇਕਵੰਜਾ ਹਜ਼ਾਰ ਰੁਪਏ, ਸ਼ੋਭਾ ਪੱਤਰ, ਦੋਸ਼ਾਲਾ ਅਤੇ ਪੁਸਤਕਾਂ ਦਾ ਸੈੱਟ ਸ਼ਾਮਲ ਸੀ।

ਪੰਜਾਬ ਦੇ ਕਿਸਾਨਾਂ ਵੱਲੋਂ ਤਿੰਨ ਕਾਲੇ ਕਾਨੂੰਨਾਂ ਖ਼ਿਲਾਫ਼ ਵਿੱਢੇ ਗਏ ਇਤਿਹਾਸਕ ਸੰਘਰਸ਼ ਦੌਰਾਨ ਹੈ ਜਿਥੇ ਲੋਕ–ਹਿਤੈਸ਼ੀ ਜਥੇਬੰਦੀਆਂ, ਬੁੱਧੀਜੀਵੀ, ਸਮਾਜਿਕ ਕਾਰਕੁਨ, ਕਲਾਕਾਰ, ਪੱਤਰਕਾਰ ਕਿਸਾਨਾਂ ਦੇ ਨਾਲ ਜੁੜੇ, ਉੱਥੇ ਪੰਜਾਬੀ ਦੇ ਭਾਰਤੀ ਸਾਹਿਤ ਅਕਾਦਮੀ ਪੁਰਸਕਾਰ ਜੇਤੂਆਂ ਨੇ ਇਸ ਸੰਘਰਸ਼ ਦੀ ਹਮਾਇਤ ਵਿਚ ਆਪਣੇ ਪੁਰਸਕਾਰ ਭਾਰਤ ਸਰਕਾਰ ਨੂੰ ਵਾਪਸ ਕਰ ਦਿੱਤੇ ਸਨ। ਡਾ. ਮੋਹਨਜੀਤ ਪੁਰਸਕਾਰ ਵਾਪਸ ਕਰਨ ਵਾਲਿਆਂ ਵਿੱਚ ਸਿਰਮੌਰ ਸਨ।

ਉਹਨਾਂ ਦੀ ਇਕ ਖ਼ਾਸਹੀਅਤ ਇਹ ਹੈ ਕਿ ਉਹਨਾਂ ਨੇ ਕਾਵਿਕ ਵਿਅਕਤੀ ਚਿਤਰ ਚਿੱਤਰ ਲਿਖੇ। ਰੌਕ ਗਾਰਡਨ ਵਾਲੇ ਨੇਕ ਚੰਦ ਬਾਰੇ ਉਹਨਾਂ ਦੇ ਕਾਵਿਕ ਚਿੱਤਰ " ਪੱਥਰਾਂ 'ਚ ਧੜਕਦਾ ਦਿਲ ਨੇਕ ਚੰਦ" ਵਿਚੋਂ ਕੁੱਝ ਅੰਸ਼ ਵੇਖੋ :



" ਚੰਡੀਗੜ੍ਹ ਤਿੰਨ ਸਿਖਰੀ ਖਿਆਲੀਏ ਲੋਕਾਂ ਦੀ ਜ਼ੁਬਾਨ 'ਤੇ ਨੇ
ਫਰਾਂਸ ਦਾ ਕਾਰਬੂਜ਼ੀਏ

ਮਹਿੰਦਰ ਸਿੰਘ ਰੰਧਾਵਾ
ਤੇ ਨੇਕ ਚੰਦ
ਹੋਰ ਵੀ ਸਨ –
ਵਾੜ ਵਰਗੇ, ਚਾਰਦੀਵਾਰੀ ਵਰਗੇ, ਛੱਤ ਵਰਗੇ, ਜਿਹਨਾਂ ਕਰਕੇ ਫ਼ੁੱਲ ਬੂਟੇ, ਬਿਰਖ ਤੇ ਘਾਹ–ਬੂਟ, ਤੇ ਨੇਕ ਚੰਦ ਦੀ ਦੇਵ–ਨਗਰੀ ਜਿੰਦਾ ਏ, ਅਨੇਕ ਤਰ੍ਹਾਂ ਦੇ ਰੂਪ– ਨਿੱਘੀ ਧੁੱਪ 'ਚ ਸਾਗ ਤੋੜਦੀਆਂ ਮੁਟਿਆਰਾਂ ਬੱਦਲਵਾਈ ਚ' ਘਰਾਂ ਨੂੰ ਮੁੜਦੀਆਂ ਪੰਖੀ –ਡਾਰਾਂ ਸ਼ਾਮਾਂ ਵੇਲੇ ਰਲ–ਮਿਲ ਬੈਠੇ ਗੱਲਾਂ ਕਰਦੇ ਬੁੱਢੇ–ਠੇਰੇ "...

ਅਣਸਿੱਖਿਆ ਕਲਾਕਾਰ ਸੀ ਨੇਕ ਚੰਦ ਰਚਨਾਕਾਰੀ ਦੇ ਅਸਮਾਨ 'ਚ ਚੜ੍ਹਿਆ ਪ੍ਰਭਾਤ ਦਾ ਤਾਰਾ ਕਿਸੇ ਕਿਹਾ ਰੌਕ ਗਾਰਡਨ ਚੰਡੀਗੜ੍ਹ ਦਾ ਮਾਣ ਹੈ
ਸੁਰਜਣ ਦੇ ਸ਼ਬਦਾਂ 'ਚ ਨੇਕ ਚੰਦ ਚੰਡੀਗੜ੍ਹ ਦਾ ਇਕ ਹੋਰ ਨਾਮ ਹੈ। "

"ਗਦਰ ਦਾ ਆਤਮਨਾਮਾ ਨਾਮ੍ਹਾ ਫਾਂਸੀਵਾਲਾ" ਵਿਅਕਤੀ ਚਿੱਤਰ ਵਿੱਚੋਂ ਕੁੱਝ ਅੰਸ਼ : ਫਤਿਹਗੜ੍ਹੀਆ ਕਹਿ ਲਉ ਜਾਂ ਹੁਸ਼ਿਆਰਪੁਰੀਆ ਹਰਨਾਮ ਚੰਦ ਜਾਂ ਨਾਮਾ ਗਦਰੀ, ਕਿਸੇ ਨੇ ਹਰਨਾਮ ਸਿੰਘ ਵੀ ਲਿਖਿਆ ਪਰ ਜੋ 'ਉਰਫ਼' ਉਹਨੇ ਆਪ ਸਹਿਜਤਾ ਲਾ ਲਿਆ ਮਸ਼ਹੂਰ ਉਹੋ ਹੋਇਆ – ਨਾਮ੍ਹਾ ਫਾਂਸੀਵਾਲਾ
ਸੁਹਣਾ ਸੁਨੱਖਾ
ਸੂਟਿਡ ਬੂਟਿਡ
ਚੋਪੜੇ ਪਟਿਆਂ ਵਾਲਾ ਜੈਂਟਲਮੈਨ
ਪੜ੍ਹੇ ਲਿਖੇ ਘਰ ਦਾ ਫ਼ਰਜੰਦ..
...ਨਾਮ੍ਹੇ ( ਜੋ ਕਦੇ ਹਰਨਾਮ ਚੰਦ ਸੀ) ਨੇ
ਚਤਰੇ ਭਰਾ ਦੀਵਾਨ ਚੰਦ ਨੂੰ ਖ਼ਤ ਲਿਖਿਆ
ਮੈਨੂੰ ਫ਼ਾਂਸੀ ਦਾ ਹੁਕਮ ਹੋਇਆ
ਫ਼ਿਕਰ ਨਹੀਂ ਕਰਨਾ.....
ਪੋਸਟ ਸਕ੍ਰਿਪਟ:
ਵੱਡੀ ਤ੍ਰਾਸਦੀ ਸੀ ਗਦਰੀਆਂ ਦੀ ਜ਼ਿੰਦਗੀ
ਆਪ ਤਾਂ ਵਾਰਦੇ ਹੀ ਸਨ ਜਾਨਾਂ
ਪਰਿਵਾਰ ਵੀ ਮੌਤ ਦੇ ਮੂੰਹ ਵਿੱਚ ਆਏ ਰਹਿੰਦੇ...

ਉਹਨਾਂ ਦੀ ਬਾਬੇ ਨਾਨਕ ਬਾਰੇ ਇਕ ਕਵਿਤਾ "ਸੰਵਾਦ' ਇਸ ਤਰਾਂ ਹੈ :

ਓਹ ਤਾਂ ਇਕ ਪੀਰ ਸੀ
ਜੋ ਦੂਜੇ ਪੀਰ ਨੂੰ ਮਿਲਿਆ
ਇਕ ਕੋਲ ਦੁੱਧ ਦਾ ਨੱਕੋ ਨੱਕ ਭਰਿਆ ਕਟੋਰਾ ਸੀ
ਦੂਜੇ ਕੋਲ ਚਮੇਲੀ ਦਾ ਫੁਲ
ਮੱਥਿਆਂ ਦੇ ਤੇਜ ਨਾਲ ਵਸਤਾਂ ਅਰਥਾਂ 'ਚ ਬਦਲ ਗਈਆਂ
ਅਸੀਂ ਤਾਂ ਵਗਦੇ ਰਾਹ ਹਾਂ
ਕਿਸੇ ਮੋੜ ਕਿਸੇ ਚੁਰਾਹੇ ਤੇ ਮਿਲਦੇ ਹਾਂ
ਜਾਂ ਇੱਕ ਦੂਜੇ ਤੋਂ ਨਿਖੜ ਜਾਂਦੇ ਹਾਂ
ਓਹ ਵੀ ਇੱਕ ਚੁੱਪ ਦਾ ਦੂਜੀ ਚੁੱਪ ਨਾਲ ਸੰਵਾਦ ਸੀ
ਇਹ ਵੀ ਇੱਕ ਚੁੱਪ ਦਾ ਦੂਜੀ ਚੁੱਪ ਨਾਲ ਸੰਵਾਦ ਹੈ

ਉਹਨਾਂ ਦੀ ਸੰਸਾਰਕ ਯਾਤਰਾ ਪੂਰੀ ਕਰਨ ਉਪਰੰਤ ਕੁੱਝ ਫੇਸ ਬੁੱਕ ਟਿੱਪਣੀਆਂ:

ਪਾਲ ਕੌਰ ਜੀ ਨੇ ਉਹਨਾਂ ਨੂੰ ਕਵਿਤਾ ਦਾ ਇਕ ਯੁੱਗ ਕਿਹਾ, ਸੁਖਵਿੰਦਰ ਕੰਬੋਜ (ਕੈਲੇਫਰੋਨੀਆਂ)ਨੇ, "ਧੀਮੀ ਸੁਰ ਵਿੱਚ ਉਹਨਾਂ ਦਾ ਸੁਨੇਹਾ ਬੜਾ ਜਬਰਦਸਤ ਹੁੰਦਾ ਸੀ", ਰਵਿੰਦਰ ਸਹਿਰਾਅ (ਅਮਰੀਕਾ) ਮੋਹਨਜੀਤ ਨਾਲ ਬਿਤਾਏ ਪਲ, ਉਸਦੀ ਵਿਲੱਖਣ ਕਵਿਤਾ ਉਸਦਾ ਮੋਹ ਕਦੇ ਨਹੀਂ ਭੁੱਲਣਾ ਮੱਖਣ ਮਾਨ (ਪੰਜਾਬ) ਨੇ ਉਹਨਾਂ ਨੂੰ 'ਕਵਿਤਾ ਦਾ ਪੀਰ' ਕਿਹਾ...

ਲਾਭ ਸਿੰਘ ਸੰਧੂ: ਮੋਹਨਜੀਤ ਦਾ ਸ਼ਬਦ ਭੰਡਾਰ ਬੜਾ ਵਿਸ਼ਾਲ, ਕਵਿਤਾ ਕਹਿਣ ਦਾ ਵਿਲੱਖਣ ਅੰਦਾਜ਼ ਸਦਾ ਚੇਤਿਆਂ ਵਿੱਚ ਵਸਦਾ ਰਹੇਗਾ।

ਰ੍ਪਿੰਦਰ ਸੱਜ: ਆਸਰੇਲੀਆ: ਗਿਣੇ ਚੁਣੇ ਪੰਜਾਬੀ ਕਵੀਆਂ ਚੋਂ ਜੋ ਦਿਲ ਤੱਕ ਅੱਪੜੇ ਉਹ ਵੀ ਇਕ ਕਿਤਾਬ "ਉਹਲੇ ਵਿੱਚ ਉਜਿਆਰਾ" ਰਾਹੀਂ ਅਮਰ ਜਿਉਤੀ:ਯੂ.ਕੇ.: ਬਹੁਤ ਦੁਖਦਾਈ ਹੈ ਇਕ ਜ਼ਹੀਨ ਸ਼ਾਇਰ ਅਤੇ ਚੰਗੇ ਮਨੁੱਖ ਦਾ ਤੁਰ ਜਾਣਾ ਬਲਵਿੰਦਰ ਸਿੰਘ ਸੰਧੂ ਨੇ, 'ਕੋਣੇ ਦਾ ਸੂਰਜ–ਮੋਹਨਜੀਤ' ਨਾਂ ਇਕ ਕਵਿਤਾ ਰਾਂਹੀ ਭਾਵ ਭਿੰਨੀ ਸ਼ਰਧਾਂਜਲੀ ਦਿੱਤੀ : ਕਵਿਤਾ ਦੀ ਇਕ ਟੁਕੜੀ ਇਸ ਤਰਾਂ ਹੈ:

"ਬਹੁਤਿਆਂ ਨੇ ਫੁੱਲਾਂ ਕਲੀਆਂ ਨੂੰ
ਮਸਲ ਕੇ ਕਵਿਤਾ ਲਿਖੀ ।
ਪਰ ਮੋਹਨ ਨੇ ਪੱਥਰਾਂ ਨੂੰ ਕਸ਼ੀਦ ਕੇ
ਮਹਾਂ–ਕਾਵਿ ਰਚਿਆ ।
ਹਰ ਵਰ੍ਹੇ ਵੱਡੇ ਵੱਡੇ
ਇਨਾਮਾਂ ਦਾ ਐਲਾਨ ਹੁੰਦਾ ਰਿਹਾ
ਮੋਹਨ ਜੀਤ ਚੁੱਪ...ਹੋਰ ਚੁੱਪ ਹੁੰਦਾ ਗਿਆ
ਤੇ ਉਹਦਾ ਚੁਬਾਰਾ ਹੋਰ ਉੱਚਾ ।"

ਸੁਰਜੀਤ ਜੱਜ: ਮੋਹਨਜੀਤ ਸ਼ਾਇਰੀ ਵਿੱਚ ਵੀ ਤੇ ਮਿਲਣੀਆਂ ਸਮੇਂ ਵੀ, ਮਨ ਜਿੱਤਣ ਵਾਲੇ ਸੁਖ਼ਨਵਰ ਦੀ ਮਿਸਾਲ ਹੈ। ਡਾ. ਲਖਵਿੰਦਰ ਜੌਹਲ ਨੇ ਉਹਨਾ ਨੂੰ, " ਡਾ. ਮੋਹਨਜੀਤ ਪੰਜਾਬੀ ਕਵਿਤਾ ਦੇ ਇਤਿਹਾਸ ਦਾ ਬੇਹੱਦ 'ਗੂੜ੍ਹੀ ਲਿਖਤ ਵਾਲਾ ਵਰਕਾ' ਹੈ।"

ਡਾ. ਮੋਹਨਜੀਤ ਦੀ ਕਵਿਤਾ ਵਿੱਚ ਬੜਾ ਸਹਿਜ ਹੈ। ਉਹ ਸਹਿਜ ਗੂੜ੍ਹੇ ਅਧਿਅਨ ਤੇ ਵੱਡੀ ਸੋਚ ਵਿਚੋਂ ਨਿਕਲਦਾ ਹੈ। ਸਧਾਰਨ ਲਗਦੇ ਸ਼ਬਦ ਵੀ ਵੱਡੇ ਅਰਥ ਰੱਖਦੇ ਹਨ। ਉਹਨਾਂ ਦੀ ਕਵਿਤਾ ਤੁਹਾਨੂੰ ਬਹੁ–ਪੱਖੀ ਸੋਚ ਦਾ ਧਾਰਨੀ ਬਣਾਉਣ ਦੀ ਸਮਰੱਥਾ ਰੱਖਦੀ ਹੈ। ਉਹਨਾਂ ਦੀ ਇਕ ਇਕ ਕਵਿ ਸਤਰ ਵਿੱਚ ਬਹੁਤ ਸਾਰੀਆਂ ਡਾਇਮੈਂਸ਼ਨਸ ਪਈਆਂ ਹਨ ਜੋ ਤੁਹਾਨੂੰ ਖੋਹਲਣ ਅਤੇ ਸਮਝਣ ਲਈ ਸਮੋਹਿਤ ਕਰਦੀਆਂ ਹਨ:

ਨਟਖਟ ਵਗਣ ਹਵਾਵਾਂ ਦੀਵੇ ਡੋਲ ਰਹੇ,
ਬੱਦਲ ਤੇ ਪ੍ਰਛਾਵੇਂ ਕਿਹਦੇ ਕੋਲ ਰਹੇ
ਪਤਾ ਨਹੀਂ ਕਿਸ ਤਾਰੇ ਕੋਲੋਂ ਟੁੱਟੇ ਹਾਂ,
ਨਾ ਚੌਰਸ, ਨਾ ਤਿੰਨ ਨੁਕਰੇ, ਨਾ ਗੋਲ ਰਹੇ।

ਉਹਨਾਂ ਦੀ ਇਕ ਹੋਰ ਕਾਵਿ ਟੁਕੜਾ ਇਸ ਤਰਾਂ ਹੈ:

ਸ਼ਾਮ ਹੋਣ ਤੋਂ ਪਹਿਲੋਂ ਰਾਤ ਪੈ ਜਾਂਦੀ ਏ
ਅੱਜ–ਕੱਲ੍ਹ ਪਤਾ ਨਹੀਂ ਲਗਦਾ
ਸੂਰਜ ਖ਼ਬਰੇ ਕਦੋਂ ਢਲਦਾ ਹੈ
ਜ਼ਮਾਨਾ ਖ਼ਰਾਬ ਏ, ਇਹਤਿਆਤ ਵਰਤਿਆ ਕਰੋ
ਹਰ ਆਸਤੀਨ 'ਚ ਕੋਈ ਨਾ ਕੋਈ ਸੱਪ ਪਲਦਾ ਹੈ।

ਕਾਵਿਕ ਰੇਖਾ ਚਿੱਤਰਾਂ ਨਾਲ ਗ਼ਜ਼ਲ ਵੀ ਬਹੁਤ ਗੰਭੀਰ ਲਿਖਦੇ ਸਨ। ਉਹ ਇਕ ਬਹੁ ਵਿਧਾਈ ਲੇਖਕ ਸਨ। ਉਹਨਾਂ ਨੇ ਕਵਿਤਾ, ਵਾਰਤਕ, ਅਨੁਵਾਦ ਤੇ ਅਲੋਚਨਾ ਦੇ ਖੇਤਰ ਵਿੱਚ ਨਿੱਠ ਕੇ ਕੰਮ ਕੀਤਾ। ਉਹਨਾਂ ਦੀ ਭਾਸ਼ਾ ਬੇਹੱਦ ਸਰਲ ਤੇ ਸਪੱਸ਼ਟ ਹੁੰਦੀ ਜੋ ਆਮ ਪਾਠਕ ਨੂੰ ਵੀ ਆਪਣੇ ਨਾਲ ਲੈ ਤੋਰਦੀ। ਅਜੋਕੇ ਯੁੱਗ ਨੂੰ ਮੁਖ਼ਾਤਿਬ ਹੋਕੇ ਉਹਨਾਂ ਦਾ ਵਿਅੰਗ ਬੜਾ ਕਾਰਗਰ ਹੁੰਦਾ। ਇਕ ਪਾਸੇ ਅੱਜ ਕੱਲ੍ਹ ਲੋਕ 'ਪਰਾਈਵੇਸੀ' ਦੀ ਗੱਲ ਕਰਦੇ ਹਨ। ਦੂਜੇ ਪਾਸੇ ਹਰ ਵੇਲੇ ਹੱਥ ਵਿੱਚ ਫੜੇ ਫੋਨਾਂ ਨਾਲ ਆਪਣੀ ਤੇ ਲੋਕਾਂ ਦੀ ਪਰਾਈਵੇਸੀ ਦੀਆਂ ਤੱਜੀਆਂ ਉਡਾ ਰਹੇ ਹਨ। 'ਲਾਇਵ ਵੀਡੀਉ ਪਾਉਣਾ,ਐਵੇਂ ਹੀ ਰਿਪੋਰਟਿੰਗ ਕਰੀ ਜਾਣੀ। ਕਿਉਂ ਬਈ ? ! ਸੋ ਬੰਦਾ ਜਾਏ ਤਾਂ ਜਾਏ ਕਿੱਥੇ?

ਕਈ ਵਾਰੀ ਤਾਂ ਇਸ, ਤਰ੍ਹਾਂ ਦੀ ਵੀ ਗੱਲ ਹੋਈ
ਪੱਥਰ ਦੀ ਇਕ ਸਿੱਲ, ਪਿਘਲ ਕੇ ਜਲ ਹੋਈ, ਕਿੱਥੇ ਜਾ ਕੇ ਆਪਣਾ, ਆਪ ਲਕੋ ਲਈਏ
ਸਾਰੀ ਧਰਤੀ ਹੀ, ਸ਼ੀਸ਼ੇ ਦਾ ਤਲ ਹੋਈ

ਸ਼ਾਇਰ ਦੋਸਤਾਂ ਲੇਖਕਾਂ ਦੀਆਂ ਆਪਸੀ ਨੋਕਾਂ ਝੋਕਾਂ ਨੂੰ ਵੀ ਉਹਨਾਂ ਅੱਖੋ ਪਰੋਖੇ ਨਹੀਂ ਕੀਤਾ। ਉਹ ਜਾਣਦੇ ਸਨ ਕਿ ਸਾਹਿਤ ਰਚਨਾਕਾਵਿ ਰਚਨਾ ਦਾ ਕਾਰਜ ਭਾਂਵੇ ਲੇਖਕ ਨੇ ਆਪ ਕਰਨਾ ਹੈ ਪਰ ਉਸ ਦੀ ਪਰਖ ਹਰ ਤਰਾਂ ਦੇ ਵਿਅਕਤੀ ਅਤੇ ਅਲੋਚਕ ਆਪਣੀ ਸਮਝ, ਸੋਚ ਅਤੇ ਵਿਚਾਰ ਨਾਲ ਕਰਨੀ ਹੁੰਦੀ ਹੈ । ਅਕਸਰ ਟੋਲਾਵਾਦ ਅਤੇ ਆਪੋ ਆਪਣੀ ਮੰਡਲੀ ਦੇ ਲੇਖਕ ਸਾਧਕਾਂ ਨੇ ਦੂਸਰਿਆ ਟੋਲੇ ਦੇ ਲੇਖਕਾਂ ਨਾਲ ਆਨਾ ਕਾਨੀ, ਉਚ ਨੀਚ ਆਨਾ ਕਾਨੀ ਚਲਦੀ ਰਹਿੰਦੀ ਹੈ ਅਤੇ ਚਲਦੀ ਰਹਿਣੀ ਹੈ। ਡਾ. ਮੋਹਨਜੀਤ ਦਾ ਇਕ ਵਿਅੰਗ ਬਹੁਤ ਮਜ਼ੇਦਾਰ ਹੈ:

ਤੇਰੇ ਨਾਲ ਜੋ ਅੱਜ ਹੋਈ, ਕੀ ਵੱਖਰੀ ਹੈ
ਸਾਡੇ ਨਾਲ ਇਹ ਭਰੀ ਸਭਾ ਵਿੱਚ ਕਲ੍ਹ ਹੋਈ

ਅਸੀਂ ਜਾਣਦੇ ਹਾਂ ਬਹੁਤ ਸਾਲਾਂ ਤੱਕ ਉਹਨਾਂ ਦੀਆਂ ਕਿਰਤਾਂ ਮੁੱਲ ਨਹੀਂ ਪਿਆ। ਉਹਨਾਂ ਨੇ ਹਿੰਮਤ ਹੌਂਸਲਾ ਰੱਖਿਆ ਅਤੇ ਲਗਾਤਾਰ ਲਗਨ ਨਾਲ ਆਪਣਾ ਕੰਮ ਕਰਦੇ ਰਹੇ। ਉਹਨਾਂ ਸਖਤ ਮਿਹਨਤ, ਆਸ ਅਤੇ ਉਸਾਰੂ ਸੋਚ ਦਾ ਪੱਲਾ ਨਾ ਛਡਿਆ। ਲਗਾਤਾਰ ਚੱਲਦਾ ਰਿਹਾ ਇਹ ਸ਼ਾਇਰ ਆਪਣੀ ਮੰਜ਼ਲ ਵੱਲ। ਡਾ. ਮੋਹਨਜੀਤ ਦੀ ਇਹ ਕਵਿਤਾ ਉਹਨਾਂ ਦੀ ਉੱਚੀ ਸੋਚ ਅਤੇ ਸਿਰੜ ਦੀ ਲਖਾਇਕ ਹੈ:

ਤੁਰਨਾ ਹੀ ਬਣਦਾ ਹੈ
ਆ ਜਾਓ ! ਬੈਠੋ !
ਦੋ ਕੁ ਪਲ ਰੁਕੋ
ਕਿ ਅਜੇ ਪੌਣ ਨਾਲ ਗੁਫਤਗੂ 'ਚ ਹਾਂ
ਸਵੇਰ ਨਾਲ
ਸੰਧਿਆ ਨਾਲ ਤੇ ਚੁੱਪ ਪੱਸਰੀ ਰਾਤ ਨਾਲ
ਤੇ ਉਹ ਸਭ ਕੁਝ ਨਾਲ ਜੋ ਨਜ਼ਰ ਸਾਹਵੇਂ ਹੈ
ਤੇ ਇਸ ਤੋਂ ਪਰੇ ਵੀ
ਸੋਚਦਾਂ– ਫੁੱਲ ਤੇ ਖੁਸ਼ਬੂ 'ਚ ਕੀ ਸਾਂਝ ਹੈ !
ਮਨ ਤੇ ਕਾਲ ਦਾ ਕੀ ਰਿਸ਼ਤਾ ਹੈ !

ਪਿਆਰ ਹਰ ਥਾਂ ਇਕੋ ਜਿਹਾ ਹੈ !
ਦੋਸਤੀ ਦਾ ਦਰਦ ਕਿਉਂ ਡੰਗਦਾ ਹੈ !
ਤਾਂ ਕੀ ਏਦਾਂ ਹੀ ਬੈਠਾ ਰਹਾਂ
ਪਹਾੜ ਵਾਂਗ
ਉਡੀਕ ਵਾਂਗ
ਜਾਂ ਫਿਰ ਤੁਰ ਪਵਾਂ
ਪਾਣੀ ਦੇ ਵਹਾ ਵਾਂਗ
ਵਕਤ ਦੇ ਸਾਹ ਵਾਂਗ
ਮੂਲ ਦਾ ਕੀ ਪਤਾ– ਕਿੱਥੇ ਹੈ ਤੇ ਅੰਤ ਕਿੱਥੇ
ਜੇ ਪੈਂਡੇ ਨਾਲ ਵਾਸਤਾ ਹੈ
ਤਾਂ ਤੁਰਨਾ ਹੀ ਬਣਦਾ ਹੈ

ਡਾ. ਕ੍ਰਿਸ਼ਨ ਕੁਮਰ ਰੱਤੂ ਨੇ ਪੰਜਾਬੀ ਜਾਗਰਣ ਵਿਚ 'ਮੁਹੱਬਤੀ ਹਵਾਵਾਂ ਦਾ ਸਿਰਨਾਵਾਂ ਸੀ ਮੋਹਨਜੀਤ ਲੇਖ ਵਿੱਚ ਇਸ ਤਰਾਂ ਲਿਖਿਆ ਹੈ, 'ਮੋਹਨਜੀਤ ਇਕ ਬਹੁ ਵਿਧਾਵੀ ਕਵੀ ਆਪਣੀਆਂ ਕਵਿਤਾਵਾਂ ਰਾਹੀਂ ਸਦਾ ਸਾਡੇ ਅੰਗ–ਸੰਗ ਰਹੇਗਾ। ਉਹ ਮੁਹੱਬਤੀ ਸਫ਼ਿਆਂ 'ਤੇ ਲਿਖਿਆ ਬੇਗਾਨਗੀ ਦਾ ਨਾਂ ਸੀ।'

6 ਮਾਰਚ 2024 ਨੂੰ ਖਾਲਸਾ ਕਾਲਜ ਫਾਰ ਵੋਮਨ ਅੰਮ੍ਰਿਤਸਰ ਵਿਚ ਹੋਏ 'ਨਾਦ ਪ੍ਰਗਾਸ ਕਵੀ ਦਰਬਾਰ' ਦੌਰਾਨ ਉਹਨਾਂ ਦੇ ਦਰਸ਼ਨ ਕੀਤੇ। ਇਥੇ ਹੀ ਪ੍ਰਸਿੱਧ ਸ਼ਾਇਰ ਡਾ. ਮੋਹਨਜੀਤ ਨੂੰ "ਨਾਦ ਸ਼ਬਦ ਸਨਮਾਨ" ਪ੍ਰਦਾਨ ਕੀਤਾ ਗਿਆ। ਜਿਸ ਵਿੱਚ ਇਕ ਸਨਮਾਨ ਚਿੰਨ੍ਹ, ਇਕੀ ਹਜ਼ਾਰ ਰੁਪਈਏ, ਸ਼ਾਲ ਅਤੇ ਪੁਸਤਕਾਂ ਦਾ ਸੈੱਟ ਸੀ। ਮੇਰੇ ਵਡਭਾਗ ਕਿ ਪ੍ਰਬੰਧਕਾਂ ਨੇ ਉਹਨਾਂ ਨੂੰ ਸ਼ਾਲ ਦੇਣ ਦੀ ਰਸਮ ਮੇਰੇ ਹੱਥੋਂ ਕਰਵਾਈ। ਜਿਸ ਲਈ ਸ਼ੁਕਰ– ਗੁਜ਼ਾਰ ਵੀ ਹਾਂ, ਹੈਰਾਨ ਵੀ, ਖ਼ੁਸ਼ ਵੀ ਤੇ ਉਦਾਸ ਵੀ ਹਾਂ। ਉਹਨਾਂ ਤਬਲਾ ਵਾਦਕ ਅੱਲਾ ਰੱਖਾ ਬਾਰੇ ਰੇਖਾ ਚਿਤਰ ਵਿੱਚ ਲਿਖਦੇ ਹਨ:

ਉਹਦਾ ਸ਼ੁਮਾਰ
ਸਮੇਂ ਦੇ ਸਿਖਰਲੇ ਗੁਣੀਆਂ 'ਚ ਸੀ
ਪੁਤਰਾਂ ਤੇ ਸ਼ਿਸ਼ਾਂ ਨੂੰ ਕਹਿੰਦਾ
ਆਪਣੀਆਂ ਜੜਾਂ ਨਾ ਭੂਲੋ
ਬੰਦਾ ਜਿੰਨਾ ਮਰਜ਼ੀ ਉੱਚਾ ਉੱਠ ਜਾਏ
ਆਖਿਰ ਮਿੱਟੀ ਵਿੱਚ ਮਿਲੇਗਾ
ਮਿੱਟੀ ਤੋਂ ਵੀ ਹੇਠਾਂ
ਉਹ ਜਿਉਂਦੇ ਜੀਅ ਲੇਜੰਡ ਸੀ
ਮਰਿਆ ਤਾ ਮਿੱਥ ਬਣ ਗਿਆ
ਸੱਚ ਹੀ ਉਹਦੇ ਹੱਥਾਂ ਵਿੱਚ ਰਹੱਸ ਸੀ
ਤਬਲੇ ਤੇ ਹੱਥ ਰੱਖਦਾ ਕੁਦਰਤ ਵਾ ਕਰਦੀ
ਪਯ ਵਗਦੀ ਮੇਘ ਗਰਜਦੇ ਪੰਛੀ ਕਲੋਲ ਕਰਦੇ
ਉਹਦੀਆਂ ਉਗਲਾਂ ਦੀ ਜ਼ਰਬ ਨਾਲ
ਰੁੱਤਾਂ ਦੇ ਨਾ ਲਿਖੇ ਜਾਂਦੇ
ਦਿਨ ਰਾਤ ਉਹਦੀ ਜਗਲ–ਬੰਦੀ ਨਾਲ ਬਣੇ

ਹੁਣ ਡਾ. ਮੋਹਨਜੀਤ ਸਾਡੇ ਦਰਮਿਆਨ ਨਹੀਂ ਹੈ । ਉਹਨਾਂ ਦੀਆਂ ਹੀ ਲਿਖੀਆਂ ਕਾਵਿਕ ਸਤਰਾਂ ਉਹਨਾਂ ਨੂੰ ਭੇਟ ਕਰਦਾ ਹਾਂ:

ਉਹ ਜਿਉਂਦੇ ਜੀਅ ਲੇਜੰਡ ਸੀ
ਮਰਿਆ ਤਾ ਮਿੱਥ ਬਣ ਗਿਆ

-- ਪਿਆਰਾ ਸਿੰਘ ਕੁੱਦੋਵਾਲ
pskudowal@yahoo.com

ਹਵਾਲੇ:
ਮੈਂ ਤੇ ਮੇਰੀ ਕਵਿਤਾ:ਮੋਹਨਜੀਤ ਨਾਲ ਰੂਬਰੂ, ਸੁਖਨਲੋਕ 4 ਮਾਰਚ 2020 ਦਿੱਲੀ ਵਿਕੀਪੀਡੀਆ, ਫੇਸਬੁੱਕ, ਲਫ਼ਜ਼ਾਂ ਦਾ ਪੁਲ, ਜਗਬਾਣੀ, ਏਬੀਪੀ ਸਾਂਝਾ, ਪੰਜਾਬੀ ਟ੍ਰਿਬਿਊਨ, ਪੰਜਾਬੀ ਲਾਇਬਰੇਰੀ ਸੁਰਿੰਦਰ ਸੋਹਲ – ਕੋਣੇ ਦਾ ਸੂਰਜ ਦੀ ਲੋਅ 'ਚ ਵਿਚਰਦਿਆਂ – ਪੰਜਾਬ ਟਾਇਮਜ 2018 ਦਸੰਬਰ 15 ਸ਼ਬਦ–ਚਿਤਰ: ਮੋਹਨਜੀਤ ਗੁੜ੍ਹੀ ਲਿਖਤ ਵਾਲਾ ਵਰਕਾ–ਡਾ. ਲਖਵਿੰਦਰ ਸਿੰਘ ਜੌਹਲ
ਕਿੰਨੀ ਉਦਾਸੀ ਹੈ ਤੇਰੇ ਜਾਣ ਦੀ– ਅਤੈ ਸਿੰਘ – ਪੰਜਾਬੀ ਟ੍ਰਿਬਿਊਨ
ਡਾ. ਕ੍ਰਿਸ਼ਨ ਕੁਮਰ ਰੱਤੂ ਮੁਹੱਬਤੀ ਹਵਾਵਾਂ ਦਾ ਸਿਰਨਾਵਾਂ ਸੀ ਮੋਹਨਜੀਤ – ਪੰਜਾਬੀ ਜਾਗਰਣ



ਪਿਆਰਾ ਸਿੰਘ ਕੁੱਦੋਵਾਲ






## (ਸਾਡਾ ਵਿਰਸਾ)

# "ਆਓ ਮਾਰੀਏ ਬਚਪਨ ਵਿੱਚ ਗੇੜਾ"



ਬਹੁਤ ਹੀ ਸਤਿਕਾਰਤ ਦੋਸਤੋ ਸਾਡਾ ਬਚਪਨ ਕੁਝ ਇਹੋ ਜਿਹਾ ਸੀ ਜਿਹੋ ਜਿਹਾ ਇਹ ਫੋਟੋਆਂ ਦੇ ਵਿੱਚ ਦਿਸਦਾ ਹੈ। ਜੋ ਵੀ ਦੋਸਤ ਮੇਰੀ ਹਮ ਉਮਰ ਦੇ ਹੋਣਗੇ ਉਹਨਾਂ ਨੂੰ ਉਹ ਸਮਾਂ ਜਰੂਰ ਯਾਦ ਆ ਜਾਊਗਾ ਜੋ ਕੋਈ 70 ਦੇ ਨੇੜੇ ਤੇੜੇ ਦੋਸਤ ਹੋਣਗੇ ਉਹਨਾਂ ਨੂੰ। ਜੇਕਰ ਕੋਈ ਤਿੰਨ ਸਾਢੇ ਤਿੰਨ ਕੁ ਦਹਾਕੇ ਪਹਿਲਾਂ ਦੀ ਗੱਲ ਕਰੀਏ ਤਾਂ ਉਸ ਸਮੇਂ ਦੇ ਵਿੱਚ ਮਿੱਟੀ ਦੇ ਘਰ ਬਣਾ ਕੇ ਖੇਡੀ ਜਾਣਾ ਜਾਂ ਗਿੱਲੀ ਮਿੱਟੀ ਲੈ ਕੇ ਉਸ ਨੂੰ ਧਰਤੀ ਤੇ ਲਿਪ ਕੇ ਉਹਦੇ ਉੱਤੇ ਕੁਝ ਲਿਖੀ ਜਾਣਾ ਇਹ ਸਾਡਾ ਬਚਪਨ ਸੀ ਉਹਨਾਂ ਸਮਿਆਂ ਦੇ ਵਿੱਚ ਕੋਈ ਅਜੋਕੇ ਸਮੇਂ ਅਗਾਹ ਵਧੂ ਸਮੇਂ ਵਾਲੇ ਝੂਲੇ ਜਾਂ ਮਾਡਰਨ ਚੀਜ਼ਾਂ ਨਹੀਂ ਸੀ ਜੇ ਕੋਈ ਛੋਟਾ ਬੱਚਾ ਰੋਂਦਾ ਹੋਣਾ ਤੇ ਮਾਂ ਬਾਪ ਨੇ ਮਾਤਾ ਨੇ ਮੰਜੇ ਦੀ ਬਾਹੀ ਦੇ ਨਾਲ ਕੱਪੜਾ ਬੰਨ ਕੇ ਤੇ ਉਹ ਝੂਲਾ ਬਣਾ ਕੇ ਬੱਚੇ ਨੂੰ ਝੂਟੇ ਦੇਈ ਜਾਣੇ ਤੇ ਬੱਚੇ ਨੇ ਚੁੱਪ ਕਰ ਜਾਣਾ ਇਹ ਸਮੇਂ ਦੋਸਤੋ ਸਾਰੇ ਅੱਖੀਂ ਦੇਖੇ ਆ ਤੇ ਹੰਡਾਏ ਹੋਏ ਨੇ ਇਸੇ ਤਰ੍ਹਾਂ ਸਕੂਲਾਂ ਦੇ ਵਿੱਚ ਜਾਣਾ ਸਕੂਲਾਂ ਦੇ ਵਿੱਚ ਬੋਰੀਆਂ ਥੱਲੇ ਵਿਛਾਉਣ ਵਾਸਤੇ ਬੋਰੀ ਲੈ ਕੇ ਜਾਣੀ ਔਰ ਦਰੀ ਦੇ ਝੋਲੇ ਜਾਂ ਪਲਾਸਟਿਕ ਖਾਦ ਵਾਲੀਆਂ ਬੋਰੀਆਂ ਦੇ ਝੋਲੇ ਹੋਣੇ ਵਿੱਚ ਹੀ ਸਭ ਕੁਝ ਭਾਵ ਕਾਇਦਾ ਸਲੇਟ ਫੱਟੀ ਕਾਲੀ ਸਿਆਹੀ ਨੀਲੀ ਸਿਆਈ ਡਰੰਕ ਇਹ ਇੱਕੋ ਥੈਲੇ ਦੇ ਵਿੱਚ ਹੋਣੇ। ਸਕੂਲਾਂ ਦੇ ਵਿੱਚ ਜਾ ਕੇ ਉਹਨਾਂ ਨਾਲ ਪੜ੍ਹਾਈ ਕਰਨੀ ਫੱਟੀਆਂ ਨੂੰ ਪੋਚ ਕੇ ਗਾਚੀ ਦੇ ਨਾਲ ਲੇਪ ਕਰਨਨੇ ਧੁੱਪੇ ਸਕਾਉਣਾ ਤੇ ਉੱਤੇ ਕਾਲੀ ਸ਼ਾਹੀ ਨਾਲ ਲਿਖਣਾ। ਘਮਾਉਣ ਵਾਲੀ ਭੰਬੀਰੀ ਹੱਥ ਦੇ ਉੱਤੇ ਘਮਾਈ ਜਾਣੀ ਥੋੜੇ ਜਿਹੇ ਪੈਸੇ ਮਿਲਣੇ ਘਰ ਦੇ ਵਿੱਚੋਂ ਪੰਜੀ ਦਸੀ 20 ਪੈਸੇ ਅੱਠ ਆਨੇ 50 ਪੈਸੇ ਕਹਿੰਦੇ ਸੀ ਉਹ ਮਿਲਣੇ ਤੇ ਅਸੀਂ ਕੱਛਾਂ ਮਾਰਨੀਆਂ ਔਰ ਪੀਘਾਂ ਝੂਟਣੀਆਂ ਬੱਚਿਆਂ ਨੇ ਤੇ ਵੱਡਿਆਂ ਨੇ ਵੀ ਉਹਨਾਂ ਸਮਿਆਂ ਦੇ ਵਿੱਚ ਵੱਡੀਆਂ ਬੀਬੀਆਂ ਜਦੋਂ ਤੀਆਂ ਲੱਗਦੀਆਂ ਤੇ ਉਹਨਾਂ ਨੂੰ ਪੀਘਾਂ ਝੂਟਦੇ ਵੇਖਣਾ ਦਰਖਤ ਦੇ ਨਾਲ ਉੱਚੇ ਟਾਹਣੇ ਦੇ ਉੱਤੇ ਰੱਸਾ ਬੰਨ ਲੈਣਾ ਥੱਲੇ ਫੱਟੀ ਰੱਖ ਕੇ ਪੀਘ ਝੂਟਨੀ ਤੇ ਇਸੇ ਤਰ੍ਹਾਂ ਬੱਚਿਆਂ ਨੇ ਕਰਨ ਦੀ ਕੋਸ਼ਿਸ਼ ਕਰਨੀ ਇਹ ਸੀ ਸਾਡਾ ਦੋਸਤੋ ਬਚਪਨ। ਜਦੋਂ ਪੜ੍ਹ ਕੇ ਵਾਪਸ ਆਉਣਾ ਤੇ ਆਉਂਦੇ ਹੋਇਆਂ ਨੇ ਚਰੀ ਦੀ ਪੰਡ ਵੱਢ ਕੇ ਸਿਰ ਦੇ ਉੱਤੇ ਪਸ਼ੂਆਂ ਵਾਸਤੇ ਲੈ ਕੇ ਆਉਣੀ ਆ ਕੇ ਮੱਝਾਂ ਨੂੰ ਛੱਪੜ ਦੇ ਵਿੱਚ ਲੈ ਕੇ ਜਾਣਾ ਭੱਠੀਆਂ ਤੋਂ ਦਾਣੇ ਬਣਾਉਣੇ ਉਹ ਸਾਰੀਆਂ ਗੱਲਾਂ ਇਹ ਬਚਪਨ ਦੇ ਵਿੱਚ ਅਸੀਂ ਵੇਖੀਆਂ ਨੇ ਇਸ ਕਰਕੇ ਦੋਸਤੋ ਕਦੇ ਕਦੇ ਦਿਲ ਕਰ ਆਉਂਦਾ ਹੈ ਕਿ ਇਹ ਸਾਰੀਆਂ ਗੱਲਾਂ ਸਾਰੇ ਦੋਸਤਾਂ ਨਾਲ ਕਰੀਏ ਤੇ ਜੋ ਅਜੋਕੇ ਬੱਚੇ ਭੁੱਲ ਚੁੱਕੇ ਆ ਉਹਨਾਂ ਨੂੰ ਯਾਦ ਕਰਾਈਏ ਕਿ ਸਾਡਾ ਇਹੋ ਜਿਹਾ ਬਚਪਨ ਸੀ ਜਿਹੜਾ ਬਹੁਤ ਹੀ ਸਸਤਾ ਅਸੀਂ ਹੰਡਾਇਆ ਅੱਜਕੱਲ ਬਚਪਨ ਬਹੁਤ ਮਹਿੰਗਾ ਹੋ ਗਿਆ ਕਿਉਂਕਿ ਹਰ ਬੱਚਾ ਹੀ ਓਹੋ ਜਿਹੀਆਂ ਚੀਜ਼ਾਂ ਮੰਗਦਾ ਹੈ ਭਾਵ ਬਹੁਤ ਮਹਿੰਗੀਆਂ ਮਾਡਰਨ ਜਮਾਨੇ ਆ ਗਏ ਬਹੁਤ ਹੀ ਮਹਿੰਗਾਈ ਆ ਤੇ ਬੱਚਾ ਜਿੱਦ ਕਰਕੇ ਇਹੋ ਜਿਹੀਆਂ ਚੀਜ਼ਾਂ ਮੰਗਦਾ ਤੇ ਮਾਂ ਪਿਓ ਨੂੰ ਲਿਆ ਕੇ ਦੇਣੀਆਂ ਪੈਂਦੀਆਂ ਹਨ। ਬਹੁਤ ਹੀ ਜਿਆਦਾ ਮਹਿੰਗੀ ਪੜ੍ਹਾਈ ਹੋ ਗਈ ਉਦੋਂ ਬਹੁਤ ਘੱਟ ਭਾਵ ਨਾ ਮਾਤਰ ਫੀਸਾਂ ਹੁੰਦੀਆਂ ਸਨ ਸਰਕਾਰੀ ਸਕੂਲਾਂ ਦੇ ਵਿੱਚ ਇਹ ਸਾਰਾ ਦੋਸਤੋ ਸਮਾਂ ਆਪਦੇ ਅੱਖੀ ਵੇਖਿਆ ਔਰ ਹੰਡਾਇਆ ਇਸ ਕਰਕੇ ਕਦੇ ਕਦੇ ਇਹੋ ਜਿਹੀਆਂ ਇਹ ਗੱਲਾਂ ਸਾਂਝੀਆਂ ਕਰ ਲਈਦੀਆਂ ਹਨ ਤਾਂ ਕਿ ਅਜੋਕੀ ਮਾਡਰਨ ਪੀੜੀ ਨੂੰ ਪਿਛੋਕੜ ਦਾ ਕੁਝ ਪਤਾ ਲੱਗ ਸਕੇ। ਕਈਆਂ ਦੋਸਤਾਂ ਨੂੰ ਇਹ ਗੱਲਾਂ ਬਹੁਤ ਭੈੜੀਆਂ ਲੱਗਦੀਆਂ ਹਨ ਕਿਉਂਕਿ ਬਹੁਤ ਹੀ ਅਗਾਂਹ ਵਧੂ ਤੇ ਮਾਡਰਨ ਜਮਾਨਾ ਆ ਗਿਆ ਕਰਕੇ ਉਹ ਇਹਨਾਂ ਗੱਲਾਂ ਨੂੰ ਹੁਣ ਥੋੜਾ ਜਿਹਾ ਬੁਰਾ ਸਮਝਦੇ ਹਨ। ਇੱਕ ਵਾਰ ਦੋਸਤੋ ਮੇਰੀ ਕੋਈ ਇਹੋ ਜਿਹੀ ਪੁਰਾਤਨ ਵਿਰਸੇ ਦੀ ਰਚਨਾ ਅਜੀਤ ਅਖਬਾਰ ਦੇ ਵਿੱਚ ਲੱਗੀ ਸੀ ਤੇ ਕਿਸੇ ਦੋਸਤ ਦਾ ਫੋਨ ਆ ਗਿਆ ਕਹਿੰਦਾ ਕਿ ਤੁਸੀਂ ਪੰਜਾਬ ਨੂੰ ਉੱਥੇ ਜਿਹੇ ਹੀ ਰੱਖਣਾ ਚਾਹੁੰਦੇ ਹੋ ਜਿੱਥੇ ਪਹਿਲਾਂ ਸੀ ਮੈਂ ਹੈਰਾਨ ਹੋਇਆ ਤੇ ਕਿਹਾ ਦੋਸਤ ਮਿੱਤਰ ਇਹ ਮੇਰੀਆਂ ਚਾਰ ਲਾਈਨਾਂ ਨਾਲ ਪੰਜਾਬ ਉੱਥੇ ਖੜ ਜੂ? ਇਹ ਤਾਂ ਮੇਰੇ ਮਨ ਦੀਆਂ ਮੇਰੇ ਦਿਲ ਦੀਆਂ ਭਾਵਨਾਵਾਂ ਹਨ। ਤੁਹਾਨੂੰ ਨਹੀਂ ਚੰਗੀਆਂ ਲੱਗੀਆਂ ਤਾਂ ਗੱਲ ਵੱਖਰੀ ਆ ਪਰ ਜਿਨਾਂ ਨੂੰ ਚੰਗੀਆਂ ਲੱਗਦੀਆਂ ਮੈਨੂੰ ਉਹਨਾਂ ਦਾ ਫੋਨ ਆਉਂਦੇ ਆ ਤੇ ਤੁਸੀਂ ਇਹ ਗੱਲ ਕਹਿੰਦੇ ਆ ਮੇਰੀਆਂ ਇਹਨਾਂ ਲਾਈਨਾਂ ਨਾਲ ਪੰਜਾਬ ਨਹੀਂ ਖੜਦਾ ਕਿਤੇ ਵੀ ਨਾ ਤਰੱਕੀ ਖੜਦੀ ਆ ਤਰੱਕੀ ਹੋਏਗੀ ਪਰ ਇਹ ਮੇਰੇ ਮਨ ਦੀਆਂ ਭਾਵਨਾਵਾਂ ਨੇ। ਇਸ ਕਰਕੇ ਦੋਸਤੋ ਹਰ ਇੱਕ ਇਨਸਾਨ ਨੂੰ ਆਪਦਾ ਪਿਛੋਕੜ ਜਰੂਰ ਯਾਦ ਰੱਖਣਾ ਚਾਹੀਦਾ। ਜਿਹੜੇ ਕਿਸੇ ਦੋਸਤ ਨੇ ਫੋਨ ਕੀਤਾ ਉਸ ਦਾ ਪਿਛੋਕੜ ਵੀ ਇਹੋ ਜਿਹਾ ਹੀ ਹੋਊਗਾ ਉਹ ਠੀਕ ਆ ਵੱਖਰੀ ਗੱਲ ਹੈ ਕਿ ਉਹ ਇਸ ਗੱਲ ਨੂੰ ਪਸੰਦ ਕਰੇ ਨਾ ਕਰੇ ਆਪਾਂ ਕਿਸੇ ਤੇ ਜ਼ੋਰ ਜਬਰੀ ਕੁੱਝ ਥੋਪਦੇ ਨਹੀਂ ਆਪਾਂ ਕਿਸੇ ਤੇ ਪਰ ਮਤਲਬ ਇਹ ਆ ਕਿ ਪੁਰਾਤਨ ਸਮੇਂ ਵਿਰਸੇ ਅਤੇ ਪੁਰਖਿਆਂ ਦੀਆਂ ਗੱਲਾਂ ਯਾਦ ਰੱਖਣੀਆਂ ਚਾਹੀਦੀਆਂ ਹਨ।

(ਪੁਰਾਤਨ ਖੇਡਾਂ ਦੀ ਇੱਕ ਤਸਵੀਰ)

ਜਸਵੀਰ ਸ਼ਰਮਾ ਦੱਦਾਹੂਰ
ਸ੍ਰੀ ਮੁਕਤਸਰ ਸਾਹਿਬ।
95691-49556

# ਆਓ, ਕੁਦਰਤ ਅਤੇ ਪੰਛੀਆਂ ਨਾਲ ਪਿਆਰ ਦੀ ਮੁਹਿੰਮ ਦਾ ਹਿੱਸਾ ਬਣੀਏ



ਵਾਤਾਵਰਣ ਨੂੰ ਸੰਤੁਲਿਤ ਰੱਖਣ ਲਈ ਰੁੱਖਾਂ ਅਤੇ ਪੌਦਿਆਂ ਦੇ ਨਾਲ-ਨਾਲ ਪੰਛੀਆਂ ਦੀ ਭੂਮਿਕਾ ਵੀ ਮਹੱਤਵਪੂਰਨ ਹੈ। ਪਰ ਮਨੁੱਖੀ ਦਖਲਅੰਦਾਜ਼ੀ ਕਾਰਨ ਇਹ ਪੰਛੀ ਦਿਨੋ-ਦਿਨ ਗਾਇਬ ਹੁੰਦੇ ਜਾ ਰਹੇ ਹਨ। ਮਨੁੱਖ ਨੇ ਆਪਣੇ ਸੁਆਰਥ ਲਈ ਕੁਦਰਤ ਨਾਲ ਲਗਾਤਾਰ ਛੇੜਛਾੜ ਕੀਤੀ, ਜਿਸ ਕਾਰਨ ਪੰਛੀਆਂ ਦੀ ਗਿਣਤੀ ਘੱਟ ਰਹੀ ਹੈ ਅਤੇ ਕਈ ਨਸਲਾਂ ਤਾਂ ਖਤਮ ਹੋਣ ਦੀ ਕਗਾਰ 'ਤੇ ਪਹੁੰਚ ਗਈਆਂ ਹਨ।

ਪਿਛਲੇ ਜ਼ਮਾਨੇ ਵਿੱਚ ਜਦੋਂ ਘਰ ਕੱਚੇ ਹੁੰਦੇ ਸਨ, ਘਰਾਂ ਦੀਆਂ ਛੱਤਾਂ ਬਾਲਿਆਂ ਵਾਲੀਆਂ ਹੁੰਦੀਆਂ ਅਤੇ ਵੇਹੜੇ 'ਚ ਦੇਸੀ ਰੁੱਖ ਜਿਵੇਂ ਨਿੰਮ, ਤੂਤ, ਡੇਕ ਤੇ ਟਾਲੀ ਲੱਗੇ ਹੁੰਦੇ ਸਨ। ਇਹ ਛੱਤਾਂ ਅਤੇ ਰੁੱਖ ਪੰਛੀਆਂ ਲਈ ਆਲ੍ਹਣਿਆਂ ਦਾ ਕੰਮ ਵੀ ਕਰਦੇ ਸਨ। ਪਰ ਹੁਣ ਪੱਕੀਆਂ ਕੋਠੀਆਂ ਅਤੇ ਸੀਲਿੰਗ ਨੇ ਇਹਨਾਂ ਦੀਆਂ ਰਹਿਣ ਵਾਲੀਆਂ ਥਾਵਾਂ ਖਤਮ ਕਰ ਦਿੱਤੀਆਂ ਹਨ। ਕੀਟਨਾਸ਼ਕਾਂ ਦੀ ਵਰਤੋਂ ਨੇ ਵੀ ਪੰਛੀਆਂ



ਦੀ ਜ਼ਿੰਦਗੀ ਨੂੰ ਖਤਰੇ ਵਿੱਚ ਪਾ ਦਿੱਤਾ ਹੈ। ਨਤੀਜਾ ਇਹ ਹੈ ਕਿ ਹੁਣ ਉਹ ਮਿੱਠੀਆਂ ਅਵਾਜ਼ਾਂ ਨਹੀਂ ਆਉਂਦੀਆਂ ਜਿਹਨਾਂ ਨਾਲ ਸਾਡੀ ਸਵੇਰ ਦੀ ਸ਼ੁਰੂਆਤ ਹੁੰਦੀ ਸੀ।



ਬਰਨਾਲੇ ਜ਼ਿਲ੍ਹੇ ਦੇ ਪਿੰਡ ਧੌਲਾ ਦੇ ਵਸਨੀਕ ਸੰਦੀਪ ਧੌਲਾ ਨੇ ਪੰਛੀਆਂ ਦੇ ਰੈਣ-ਬਸੇਰੇ ਨੂੰ ਮੁੜ ਜੀਵੰਤ ਕਰਨ ਲਈ ਇੱਕ ਨੇਕ ਉਪਰਾਲਾ ਕੀਤਾ ਹੈ। 40 ਸਾਲਾਂ ਸੰਦੀਪ ਨੇ 2008 ਤੋਂ ਹੁਣ ਤੱਕ ਤਕਰੀਬਨ 50,000 ਲੱਕੜ ਦੇ ਘਰ ਪੰਛੀਆਂ ਲਈ ਤਿਆਰ ਕਰਕੇ ਛੱਤਾਂ, ਖੰਭਿਆਂ, ਸ਼ੈੱਡਾਂ ਅਤੇ ਵੱਖ-ਵੱਖ ਥਾਵਾਂ 'ਤੇ ਲਗਾਏ ਹਨ। ਇਹਨਾਂ ਘਰਾਂ ਵਿੱਚ ਪੰਛੀ ਆਪਣੇ ਆਲ੍ਹਣੇ ਖੁੱਦ ਤਿਆਰ ਕਰਕੇ ਆਪਣੀਆਂ ਨਸਲਾਂ ਵਧਾਉਂਦੇ ਹਨ।

ਇਸ ਦੇ ਨਾਲ ਹੀ ਸੰਦੀਪ ਨੇ 30,000 ਤੋਂ ਵੱਧ ਰੁੱਖ ਲਗਾਕੇ ਆਪਣੇ ਆਲੇ-ਦੁਆਲੇ ਨੂੰ ਹਰਾ-ਭਰਾ ਬਣਾਇਆ ਹੈ। ਉਹ ਅਤੇ ਉਹਨਾਂ ਦੀ ਟੀਮ ਰੁੱਖਾਂ ਦੀ ਦੇਖਭਾਲ ਲਈ ਸਮੇਂ-ਸਮੇਂ ਤੇ ਪਾਣੀ ਅਤੇ ਖਾਦ ਪਾਉਂਦੇ ਰਹਿੰਦੇ ਹਨ। ਇਸ ਯੋਗਦਾਨ ਲਈ ਇਹਨਾਂ ਦੀ "ਪੰਛੀ ਪ੍ਰੇਮੀ ਸੁਸਾਇਟੀ" ਨੂੰ ਕਈ ਐਵਾਰਡਾਂ ਅਤੇ ਮਾਣ ਸਨਮਾਨਾਂ ਨਾਲ ਨਵਾਜ਼ਿਆ ਵੀ ਗਿਆ ਹੈ। ਸੰਦੀਪ ਦਾ ਉਪਰਾਲਾ ਸਿਰਫ਼ ਬਰਨਾਲਾ ਜਾਂ ਪੰਜਾਬ ਹੀ ਨਹੀਂ, ਸਗੋਂ ਦੇਸ਼-ਵਿਦੇਸ਼ ਤੱਕ ਵਿਆਪਕ ਪ੍ਰੇਰਣਾ ਦਾ ਸਰੋਤ ਬਣ ਗਿਆ ਹੈ।

ਸੰਦੀਪ ਧੌਲਾ ਦਾ ਮੰਨਣਾ ਹੈ ਕਿ ਪੰਛੀਆਂ ਦੇ ਆਲ੍ਹਣੇ ਖਤਮ ਕਰਨ ਵਿੱਚ ਸਾਡੇ ਮਨੁੱਖੀ ਸੁਆਰਥ ਦਾ ਵੱਡਾ ਹੱਥ ਹੈ। ਉਹ ਸਾਡੇ ਸਾਰੀਆ ਲਈ ਸੁਨੇਹਾ ਦਿੰਦੇ ਹਨ ਕਿ ਸਾਨੂੰ ਪੰਛੀਆਂ ਦੀ ਜ਼ਿੰਦਗੀ ਨੂੰ ਬਚਾਉਣ ਲਈ ਯਤਨ ਕਰਨੇ ਚਾਹੀਦੇ ਹਨ। ਇਸ ਲਈ ਘਰਾਂ ਦੀਆਂ ਛੱਤਾਂ ਤੇ ਪਾਣੀ ਦੇ ਕੁੱਜੇ ਰੱਖੋ, ਪੰਛੀਆਂ ਨੂੰ ਚੋਗਾ ਦਿੱਤਾ ਜਾਵੇ ਅਤੇ ਜਿੱਥੇ ਤੱਕ ਸੰਭਵ ਹੋਵੇ, ਉਹਨਾਂ ਲਈ ਆਲ੍ਹਣੇ ਵੀ ਤਿਆਰ ਕਰੋ।

ਪੰਛੀਆਂ ਦੀਆਂ ਅਵਾਜ਼ਾਂ ਸਿਰਫ ਕੁਦਰਤੀ ਸੁੰਦਰਤਾ ਹੀ ਨਹੀਂ, ਸਗੋਂ ਸਾਡੇ ਜੀਵਨ ਦਾ ਅਹਿਮ ਹਿੱਸਾ ਵੀ ਹਨ। ਇਹ ਸੱਚੇ ਅਤੇ ਪਿਆਰ ਦੀਆਂ ਭਾਵਨਾਵਾਂ ਨਾਲ ਭਰਪੂਰ ਹੁੰਦੇ ਹਨ। ਜਿੰਨਾ ਪਿਆਰ ਅਸੀਂ ਉਹਨਾਂ ਨਾਲ ਕਰਾਂਗੇ, ਉਹ ਸਾਡੇ ਵਾਤਾਵਰਣ ਨੂੰ ਉਨਾ ਹੀ ਵਧੀਆ ਬਣਾਉਣ 'ਚ ਸਹਿਯੋਗੀ ਬਣਨਗੇ।



ਬਲਦੇਵ ਸਿੰਘ ਬੇਦੀ, ਜਲੰਧਰ, 9041925181

## ਮਿੰਨੀ ਕਹਾਣੀ

# ਐਸੀ ਮਾਰ



ਦੇਖ ਲਈ ਤੂੰ, ਨਾਲੇ ਮੈਂ ਦੇਖੂੰ, ਜੇ ਜਿਉਂਦੀ ਰਹੀ ਤੈਨੂੰ, ਕਿਵੇਂ ਕਾਮਯਾਬ ਲਿਖਾਰੀ, ਗਾਇਕ ਬਣਦੈ? ਚਾਲੀ ਸਾਲਾਂ 'ਚ ਤਾਂ, ਤੂੰ ਕੁਝ ਬਣਿਆ ਨਹੀਂ, ਹੁਣ ਧੌਲੇ ਝਾਟੇ ਵਾਲਿਆ ਕਿਥੋਂ ਕਾਮਯਾਬ ਹੋ ਜਾਏਗਾ? ਜਿੰਨੇ ਕਾਮਯਾਬ ਹੋਣੇ ਹੁੰਦੇ ਨਾ, ਓ ਤਾਂ ਦੋ ਚਾਰ ਸਾਲਾਂ ਵਿਚ ਕਾਮਯਾਬ ਹੋ ਜਾਂਦਾ, ਨਹੀਂ ਤਾਂ ਓ ਕਿਸੇ ਹੋਰ ਖੇਤਰ 'ਚ ਮਿਹਨਤ ਕਰਕੇ ਕਿਸਮਤ ਅਜ਼ਮਾਈ ਕਰਦੈ, ਜੋ ਸਿਆਣਾ ਸਮਝਦਾਰ ਹੁੰਦੈ। ਪਰ ਤੇਰਾ ਵਰਗਾ ਢੀਠ, ਜ਼ਿੱਦੀ, ਵਿਹਲੜ, ਸ਼ੈਤਾਨ ਕਿਸੇ ਕੰਮ ਦਾ ਨਹੀਂ ਹੁੰਦਾ। ਕਿੰਨੀ ਵਾਰੀ ਤੇਰੇ ਨਾਲ ਮੱਥਾ ਮਾਰਿਆ ਕਿ ਸਰਦਾਰਾ ਤੂੰ ਲਿਖਣਾ, ਗਾਉਣਾ ਛੱਡ ਦੇ, ਪਰ ਤੂੰ ਛੱਡਦਾ ਹੀ ਨਹੀਂ, ਤੇਰੇ ਕੰਨੀਂ ਜੂੰ ਨਹੀਂ ਸਰਕਦੀ। ਤੈਨੂੰ ਤਾਂ ਸਾਹਵੇਂ ਕੋਈ ਕੁਝ ਨਹੀਂ ਕਹਿੰਦਾ ਹੋਣਾ,ਪਰ ਤੇਰੀ ਪਿੱਠ ਪਿੱਛੇ ਕੋਈ ਨਹੀਂ ਮੌਕਾ ਛੱਡਦਾ, ਤੇਰੀਆਂ ਸਿਫ਼ਤਾਂ ਕਰਕੇ ਹੱਸਣ ਹਸਾਉਣ ਦੀਆਂ, ਤੂੰ ਕਦੇ ਆਪਣੇ ਮੁੰਡੇ ਕੁੜੀ ਨੂੰ ਜਾਂ ਮੈਨੂੰ ਕਦੇ ਕੁਝ ਪੁੱਛਿਆ ਕਿ ਲੋਕੀਂ ਸਰਦਾਰ ਜੀ ਬਾਰੇ ਕੀ ਗੱਲਾਂ ਕਰਦੇ ਨੇ। ਏਸ ਉਮਰੇ ਤੂੰ ਚੰਗੀ ਇੱਜ਼ਤ ਕਮਾ ਰਹੇ,ਸਾਰੀ ਉਮਰ ਕਮਾ ਕੇ ਐਨਾ ਪੈਸਾ ਨਹੀਂ ਖੱਟਿਆ। ਜਿੰਨੀ ਬਦਨਾਮੀ ਖੱਟੀ ਐ। ਜੇ ਭਲਾ ਮਾਣਸ ਸਾਊ, ਸਮਝਦਾਰ ਹੁੰਦਾ, ਤਾਂ ਸਿੱਧੇ ਰਾਹੇ ਆ ਜਾਂਦਾ। ਪਰ ਤੂੰ ਤਾਂ ਆਪਣੀਆਂ ਅੱਖਾਂ ਮੀਚ ਕੇ ਅੰਨ੍ਹਾ ਬਣ ਗਿਆ,ਕੰਨ ਬੰਦ ਕਰਕੇ ਬੋਲਾ, ਪਰ ਜ਼ੁਬਾਨ ਨਹੀਂ ਬੰਦ ਕਰਦਾ, ਜਿੱਥੇ ਦਿਲ ਕਰਦੈ, ਆਪਣੇ ਮੂੰਹ ਦਾ ਆਲਾ ਖੋਲ੍ਹ ਕੇ ਬੇਸੁਰਾ ਜਿਹਾ ਗਾਣ ਲੱਗ ਜਾਦੈ, ਤੂੰ ਕਾਹਦਾ ਬੇਸੁਰਾ ਗਾਉਂਦੈ, ਤੂੰ ਤਾਂ ਕਿਸੇ ਮਰ ਜਾਣੀ ਦਾ ਗਾ ਗਾ ਕੇ ਸਿਆਪਾ ਕਰਦਾ ਰਹਿੰਦੈ। ਕੰਜ਼ਰੀ ਆਪ ਤਾਂ ਕਿਤੇ ਵੱਸਗੀ,ਮੇਰਾ ਘਰ ਪੱਟਤਾ। ਮੈਂ ਵੀ ਕਮਲੀ ਆਂ, ਦੋਸ਼ ਤਾਂ ਇਸਦਾ ਏ, ਤੇ ਦੋਸ਼ ਉਸ ਸਿਰ ਧਰੀ ਜਾਂਦੀ ਆਂ, ਜਿਹੜੀ ਕਿੰਨੀ ਵਾਰ ਘਰ ਆ ਕੇ ਇਸ ਚੌਰੇ ਦੇ, ਸਿਰ ਸਵਾਹ ਪਾ ਕੇ ਗਈ। ਭੂਤਣੀ ਓ ਨਹੀਂ, ਭੂਤ ਤਾਂ ਏ ਚੰਦਰਾ ਸੀ, ਜਿਹੜਾ ਭੂਤ ਬਣ ਕੇ ਚਿੰਬੜਨਾ ਚਾਹੁੰਦਾ ਸੀ, ਪਰ ਓ ਪਰੀ ਇਸ ਭੂਥ ਦੇ ਹੱਥ ਨਹੀਂ ਚੜ੍ਹੀ, ਜੇ ਹੱਥ ਚੜ੍ਹ ਜਾਂਦੀ ਤਾਂ, ਇਸ ਨੇ ਉਸਦਾ ਘਰ ਵੀ ਉਜਾੜਨਾ ਸੀ, ਆਪਣਾ ਘਰ ਤਾਂ ਉਸ ਹੂਰਾਂ ਪਰੀ ਨੂੰ ਪਾਉਣ ਲਈ ਉਜਾੜ ਲਿਆ। ਵੇ ਸ਼ਰਮ ਕਰ ਰੱਬ ਦਿਆ ਬੰਦਿਆ ਸਿਆਣਾ ਬਣ। ਤੂੰ ਕਿਉਂ ਮੈਨੂੰ ਜਿਉਂਦੀ ਨੂੰ ਕੋਹ ਕੋਹ ਕੇ ਮਾਰ ਰਹੈ। ਏਹਦੇ ਨਾਲੋਂ ਤਾਂ ਚੰਗਾ ਏ, ਤੂੰ ਮੈਨੂੰ ਮਾਰ ਦੇ ਇੱਕੋ ਵਾਰ,ਵਾਰ ਵਾਰ ਕੋਹ ਕੇ ਮਾਰਨ ਨਾਲੋਂ ਕਸਾਈਆਂ। ਜੇ ਤੈਨੂੰ ਆਪਣੀ ਕੀਤੀ ਤੇ ਅਫ਼ਸੋਸ ਨਹੀਂ, ਤਾਂ ਸ਼ਰਮ ਨਾਲ ਡੁੱਬ ਮਰ।ਡੁੱਬ ਮਰ। ਤੇਰੇ ਹੁੰਦਿਆਂ ਸੁੰਦਿਆਂ ਵਿਧਵਾ ਵਾਲਾ ਜੀਵਨ ਹੰਢਾਅ ਰਹੀ ਆਂ।

ਉਹ ਉੱਚੀ ਉੱਚੀ ਬੋਲੀ ਜਾ ਰਹੀ ਸੀ, ਪਤਾ ਨਹੀਂ ਕਿਸਨੂੰ? ਪਰ ਮੈਂ ਪਤਾ ਨਹੀਂ ਹੋਰਾਂ ਵਾਂਗ ਕਿਹੜੀ ਸੋਚ ਵਿਚ ਡੁੱਬਾ ਭੀੜ ਦਾ ਹਿੱਸਾ ਬਣੀ, ਉਸਦੇ ਬੋਲ ਸੁਣੀ ਜਾ ਰਿਹਾ ਸੀ। ਸੋਚ ਰਿਹਾ ਸੀ, ਐਸੀ ਮਾਰ ਕਦੇ ਕਿਸੇ ਨੂੰ ਨਾ ਪਵੇ। ਸਭ ਹੱਸਦੇ ਵੱਸਦੇ ਰਹਿਣ। ਐਸੇ ਦਿਨ, ਹਾਲਾਤ ਕਿਸੇ ਨੂੰ ਨਾ ਵੇਖਣੇ ਪੈਣੇ।

ਸਰਬਜੀਤ ਸੰਗਰੂਰਵੀ

## ਭਾਗ-21

# ਤਸਵੀਰ ਜ਼ਿੰਦਗੀ ਦੀ...

ਸਵੇਰੇ ਉੱਠਦੇ ਸਾਰ ਹੀ ਨਾਨਕ ਇੱਧਰ ਉੱਧਰ ਕੁਝ ਤਲਾਸ਼ ਕਰਨ ਲੱਗ ਜਾਂਦਾ ਹੈ ਪਰ ਉਸਨੂੰ ਕੁਝ ਵੀ ਮਿਲ ਨਹੀਂ ਰਿਹਾ।

ਉਸਨੇ ਗੁੱਸੇ ਵਿੱਚ ਹੀ ਕਮਰੇ ਦੀ ਚੱਦਰ ਪੁਠੀ ਕਰ ਮੇਜ਼ ਸੁੱਟ ਦਿੱਤਾ ਤੇ ਹੋਰ ਪਤਾ ਨਹੀਂ ਕੀ ਕੀ ਕਰ ਰਿਹਾ ਸੀ,ਉਸਦਾ ਹਾਲ ਬਹੁਤ ਮਾੜਾ ਹੋਇਆ ਪਿਆ ਹੈ।

ਵੀਰਪਾਲ ਚਾਹ ਲੈ ਕੇ ਆਉਂਦੀ ਹੈ," ਵੇ ਆਹ..ਕੀ ਕਰੀ ਜਾਂਦਾ ਹੈ, ਸਾਰੇ ਕਮਰੇ ਦਾ ਬੁਰਾ ਹਾਲ ਕੀਤਾ ਪਿਆ ਹੈ ਜੇ ਕੁਝ ਚਾਹੀਦਾ ਹੈ ਤਾਂ ਮੈਨੂੰ ਪੁੱਛ ਲੈਂਦਾ....... ਨਾਲੇ ਤੈਨੂੰ ਕੀ ਹੋਇਆ ਹੈ ਤੂੰ..ਤੂੰ ਪਸੀਨੇ ਨਾਲ ਭਿੱਜਿਆ ਪਿਆ ਹੈ....... ਵੇ ਤੇਰੀ ਤਬੀਅਤ ਤਾਂ ਠੀਕ ਹੈ।"

"ਸ........ਸਭ ਕੁਝ ਠੀਕ ਹੈ .....ਤੂੰ ਚਾਹ ਫੜਾਂ ਤੇ ਬਾਹਰ ਜਾਹ....ਮੈਨੂੰ ਪਹਿਲਾਂ ਹੀ ਬਹੁਤ ਦੇਰ ਹੋ ਗਈ ਹੈ।"

"ਰੋਟੀ ਬਣਾ ਦੇਵਾਂ.....?"

"ਨਹੀਂ ਮੈਂ ਨਹੀਂ ਖਾਣੀ.... ਮੈਨੂੰ ਤੈਨੂੰ ਆਖਿਆ ਨਾ ਤੂੰ ਬਾਹਰ ਜਾਹ।"

"ਚੱਲ ਠੀਕ ਹੈ ਜੇ ਸ਼ਹਿਰ ਗਿਆ ਤਾਂ ਮੇਰੇ ਤੋਂ ਵੀ ਲਿਸਟ ਲੈ ਜਾਵੀਂ ਕੁਝ ਸਮਾਨ ਮੈਂ ਵੀ ਮੰਗਵਾਉਣਾ ਹੈ।"

"ਠੀਕ ਹੈ ਠੀਕ ਹੈ ਹੁਣ ਤੂੰ ਬਾਹਰ ਜਾਹ.....ਮੈਂ ਜਾਂਦਾ ਹੋਇਆਂ ਤੇਰੇ ਤੋਂ ਲਿਸਟ ਲੈ ਕੇ ਜਾਵਾਂਗਾ।"

"ਮਜ਼ਾਲ ਹੈ ਇੱਥੇ ਕੋਈ ਚੀਜ਼ ਮਿਲ ਜਾਵੇ,ਮੈਨੂੰ ਪਹਿਲਾਂ ਹੀ ਬਹੁਤ ਦੇਰ ਹੋ ਰਹੀ ਹੈ ਤੇ ਸਮਾਨ ਵੀ ਨਹੀਂ ਮਿਲਦਾ ਪਿਆ......!"ਨਾਨਕ ਆਪਣੇ ਨਾਲ ਹੀ ਗੱਲਾਂ ਕਰ ਰਿਹਾ ਹੁੰਦਾ ਹੈ।

"ਬੇਬੇ ....ਬੇਬੇ ਕਿੱਥੇ ਹੈ ਤੂੰ.....ਆਵਾਜ਼ ਨਹੀਂ ਦਿੰਦੀ.....ਬੋਲਦੀ ਕਿਉਂ ਨਹੀਂ ਕਿੱਥੇ ਹੈ ਤੂੰ...!"

""ਹਾਂ ਪੁੱਤ ਕੀ ਗੱਲ ਹੋ ਗਈ ਦੋ ਮਿੰਟ ਸਾਹ ਤਾਂ ਲੈ ਮੈਂ ਆਈ"

"ਬੇਬੇ ਮੈਂ ਇੱਥੇ ਚਾਰ ਦਿਨ ਪਹਿਲਾਂ ਇੱਕ ਲਿਫ਼ਾਫ਼ਾ ਰੱਖਿਆ ਸੀ ਕਿੱਥੇ ਹੈ......?"

"ਕਿਹੜਾ ਲਿਫ਼ਾਫ਼ਾ......?"

"ਚਿੱਟੇ ਰੰਗ ਦਾ ਵੱਡਾ ਲਿਫ਼ਾਫ਼ਾ ਸੀ....ਮੇਜ਼ ਦੇ ਥੱਲੇ ਪਿਆ ਸੀ।"

"ਮੈਨੂੰ ਤਾਂ ਪਤਾ ਨਹੀਂ ਨਾਨਕਾ ਆਪਣੀ ਮਾਂ ਨੂੰ ਪੁੱਛ ਲੈ"......!"

"ਤੂੰ ਹੀ ਪੁੱਛ ਕੇ ਦੱਸ.......ਉਹਨਾਂ ਚਿਰ ਮੈਂ ਵੇਖਦਾ ਹਾਂ ਜੇ ਕਿਤੇ ਮਿਲ ਜਾਵੇ.......!"

(ਵੀਰਪਾਲ ਅੰਦਰ ਆਉਂਦੀ ਹੈ)

"ਹਾਂ ਨਾਨਕਾ ਕੀ ਲੱਭ ਰਿਹਾ ਹੈ.....?"

"ਮਾਂ ਇੱਥੇ ਮੈਂ ਮੇਜ਼ ਥੱਲੇ ਚਿੱਟਾ ਲਿਫ਼ਾਫ਼ਾ ਰੱਖਿਆ ਸੀ...ਤੂੰ ਤਾਂ ਨਹੀਂ ਰੱਖਿਆ ਕਿਤੇ....!"

"ਕਿਹੜਾ ਲਿਫ਼ਾਫ਼ਾ ਜਿਸ ਵਿੱਚ ਦਵਾਈ ਵਾਲੀਆਂ ਸ਼ੀਸ਼ੀਆ ਸਨ।"

"ਹਾਂ... ਹਾਂ.... ਉਹੀ ਲਿਫ਼ਾਫ਼ਾ ....ਕਕਕਕਕ ਕਿੱਥੇ ਹੈ......?"

"ਉਹ....ਉਹ ਤਾਂ ਮੈਂ ਰੂੜੀਆਂ ਉੱਤੇ ਸੁੱਟ ਆਈ ਸੀ।"

"ਕੀ ....ਕੀ ਉਹ ਉਹ...ਤੂੰ ਰੂੜੀਆਂ ਉੱਤੇ ਸੁੱਟ ਆਈ, ਤੇਰਾ ਦਿਮਾਗ ਤਾਂ ਠੀਕ ਹੈ।"

"ਮੇਰਾ ਤਾਂ ਠੀਕ ਹੈ ਉਹ ਦਵਾਈ ਵਾਲੀਆਂ ਸ਼ੀਸ਼ੀਆ ਦੱਸ ਤੂੰ ਕੀ ਕਰਨੀਆਂ ਸੀ ਉਹ ਵੀ ਖਾਲੀ...?"

"ਖਾਲੀ ਨਹੀਂ ਉਹਨਾਂ ਵਿੱਚ ਕਰੋੜਾਂ ਰੁਪਿਆ ਦਾ ਪਾਊਡਰ ਸੀ ਤੂੰ ਆ ਕੀ ਕਰਤਾ.... ਮੇਰੇ ਤੋਂ ਪੁੱਛ ਤਾਂ ਲੈਂਦੀ ਇੱਕ ਵਾਰੀ..... ਤੂੰ ਤਾਂ ਮੇਰੀ ਜ਼ਿੰਦਗੀ ਹੀ



ਬਰਬਾਦ ਕਰ ਦਿੱਤੀ..... ਹੁਣ ਮੈਂ ਕੀ ਜਵਾਬ ਦੇਵਾਂਗਾ ਉਹਨਾਂ ਨੂੰ.........!"

"ਵੇ ਕਿੰਨਾ ਨੂੰ..... ਕੀ ਕਹਿੰਦਾ ਹੈ . . ... ਤੇਰੀਆਂ ਬੁਝਾਰਤਾਂ ਮੈਨੂੰ ਸਮਝ ਨਹੀਂ ਆ ਰਹੀਆਂ ਨਾਲੇ ਕਰੋੜਾਂ ਦਾ ਨੁਕਸਾਨ ਕਿਵੇਂ ਹੋ ਗਿਆ......?"

"ਉਹਨਾਂ ਵਿੱਚ ਡਰਗਜ਼ ਸੀ ਜਿਹਨਾਂ ਦੀ ਕੀਮਤ ਕਰੋੜਾਂ ਰੁਪਏ ਸੀ ਹੁਣ ਮੈਨੂੰ ਉਹ ਨਹੀਂ ਛੱਡਣਗੇ।"

"ਕੌਣ .....ਨਹੀਂ ਛੱਡਣਗੇ....?"

"ਜਿਹਨਾਂ ਲਈ ਮੈਂ ਕੰਮ ਕਰਦਾ ਹਾਂ।"

"ਕਿੰਨਾ ਲਈ......?"

"ਮੈਂ ਕੁਝ ਨਹੀਂ ਜਾਣਦਾ ਇੱਕ ਫੋਨ ਨੰਬਰ ਤੇ ਹੀ ਸਾਰਾ ਕੰਮ ਹੁੰਦਾ ਸੀ ,ਪਰ ਤੂੰ ਮੇਰੀ ਮੁਸ਼ਕਿਲ ਵਧਾ ਦਿੱਤੀ ਹੈਂ।

ਕਿਹੜੀ ਰੂੜੀ ਉੱਤੇ ਤੂੰ ਕੂੜਾ ਸੁੱਟ ਕੇ ਆਈ ਸੀ ਮੈ ਉੱਥੇ ਵੇਖਦਾ ਹਾਂ ਜੇ ਮਿਲ ਜਾਣ ਤਾਂ.....!"

"ਛੱਪੜ ਕੋਲ ਜਿਹੜੀ ਰੂੜੀ ਹੈ।"

(ਨਾਨਕ ਮੱਥਾ ਪਿੱਟਦਾ ਹੋਇਆ ਬਾਹਰੋ ਅੰਦਰ ਆਉਂਦਾ ਹੈ)

"ਉਹ ਤਾਂ ਕੱਲ੍ਹ ਚੁੱਕ ਕੇ ਛੱਪੜ ਵਿੱਚ ਪਾ ਦਿੱਤੀ ਹੁਣ, ਨਹੀਂ ਮਿਲ ਸਕਦਾ ਮੇਰਾ ਸਮਾਨ।"

"ਪਰ ਨਾਨਕਾ ਤੂੰ.......!"

"ਤੂੰ ਭਾਸ਼ਣ ਬੰਦ ਕਰਦੇ ਮਾਂ..... ...ਮੈਨੂੰ ਤਾਂ ਬਿਲਕੁਲ ਹੀ ਤੂੰ ਬਰਬਾਦ ਕਰ ਦਿੱਤਾ, ਹੁਣ ਕੀ ਹੋਵੇਗਾ.......?"

"ਮਾਂ..... ਮੈਂ ਸ਼ਹਿਰ ਚੱਲਿਆ, ਜੇ ਕੋਈ ਘਰੇ ਆਵੇ ਤਾਂ ਆਖ ਦੇਈ ਕਿ ਸ਼ਹਿਰ ਹੀ ਗਿਆ ਹੈ।"

(ਆਖ ਤੇਜ਼ੀ ਨਾਲ ਪਰੇਸ਼ਾਨੀ ਦੀ ਹਾਲਾਤ ਵਿੱਚ ਵੀਰਪਾਲ ਦੇ ਰੋਕਦੇ-ਰੋਕਦੇ ਸ਼ਾਮ ਨੂੰ ਵਾਪਸ ਆਉਣ ਦਾ ਆਖ ਚਲਾ ਜਾਂਦਾ ਹੈ)

"ਬੇਬੇ ਮੈਨੂੰ ਤਾਂ ਕੁਝ ਵੀ ਸਮਝ ਨਹੀਂ ਆ ਰਿਹਾ ਕੀ ਕੁਝ ਕਰੀ ਜਾਂਦਾ ਹੈ ਨਾਨਕ...... !"

"ਚੱਲ ਕੋਈ ਨਾ ਸ਼ਾਮ ਨੂੰ ਗੱਲ ਕਰਦੇ ਹਾਂ ਉਹਦੇ ਨਾਲ......!

(ਦੁਪਹਿਰ ਵੇਲੇ ਉਹੀ ਬਦਮਾਸ਼ ਮੁੰਡੇ ਨਾਨਕ ਨੂੰ ਪੁੱਛਣ ਆਉਂਦੇ ਹਨ)

"ਨਾਨਕਾ ਉਏ ਨਾਨਕਾ ਘਰੇ ਹੀ ਹੈ।"

"ਕਾਕਾ ਤੁਸੀਂ ਕੀ ਲੈਣਾ ਹੈ ਨਾਨਕ ਕੋਲੋਂ".....!"

"ਮਾਤਾ ਅਸੀਂ ਤਾਂ ਕੁਝ ਨਹੀਂ ਲੈਣਾ ਪਰ ਸਰਦਾਰ ਨੇ ਬਹੁਤ ਕੁਝ ਲੈਣਾ ਹੈ ਜਿਸਨੇ ਸਾਨੂੰ ਭੇਜਿਆ ਹੈ.....!"

"ਕਿਹੜੇ ਸਰਦਾਰ ਨੇ.......?"

"ਉਹ ਨਾਨਕ ਜਾਣਦਾ ਹੈ ਤੂੰ ਬਸ ਇਹਨਾਂ ਹੀ ਦੱਸ ਨਾਨਕ ਕਿੱਥੇ ਹੈ.....?"

"ਉਹ ਤਾਂ ਸਵੇਰੇ ਦਾ ਹੀ ਘਰੋਂ ਗਿਆ ਹੈ।"

"ਜੇ ਘਰੇ ਆਵੇ ਤਾਂ ਦੱਸ ਦਿਉ ਸਰਦਾਰ ਬਹੁਤ ਭੈੜੇ ਨੇ ਉਹ ਉਹਨਾਂ ਦਾ ਮਾਲ ਨੱਪ ਨਹੀਂ ਸਕਦਾ ਬੰਦਾ ਬਣ ਕੇ ਦੇਵੇਗਾ ਤਾਂ ਚੰਗਾ ਹੈ .....ਨਹੀਂ ਤਾਂ ਉਹਦੇ ਨਾਲ ਵੀ ਭਿੰਦਰ ਵਾਲੀ ਹੋਵੇਗੀ।"

(ਉਹ ਇੰਨਾਂ ਆਖ ਚਲੇ ਜਾਂਦੇ ਹਨ)

"ਵੇ ਕਾਕਾ ਵੇ ਕਾਕਾ" ਵੀਰਪਾਲ ਆਵਾਜ਼ਾਂ ਮਾਰਦੀ ਰਹਿ ਜਾਂਦੀ ਹੈ।

"ਵੀਰਪਾਲ ਤੂੰ ਫੋਨ ਲਾ ਨਾਨਕ ਨੂੰ ਪੁੱਛ ਕਿੱਥੇ ਹੈ"

"ਬੇਬੇ ਉਹੀ ਕਰੀਂ ਜਾਂਦੀ ਹਾਂ ਨਾਨਕ ਦਾ ਫੋਨ ਬੰਦ ਆ ਰਿਹਾ ਹੈ।"

(ਇੰਨੇ ਵਿੱਚ ਹੀ ਪੁਲਿਸ ਦੀ ਗੱਡੀ ਦਰਵਾਜ਼ੇ ਮੂਹਰੇ ਆ ਖੜ੍ਹਦੀ ਹੈ)

"ਬੀਬੀ ਇਹ ਨਾਨਕ ਦਾ ਹੀ ਘਰ ਹੈ?"

"ਹਾਂ ਜੀ ......!"

"ਕਿੱਥੇ ਹੈ ਉਹ.......?ਬਾਹਰ ਕੱਢ ਉਹਨੂੰ.......!"

"ਉਹ ਤਾਂ ਸਰਦਾਰ ਜੀ ਸਵੇਰ ਦਾ ਘਰੋਂ ਗਿਆ ਹੋਇਆ ਹੈ ਸ਼ਹਿਰ ਨੂੰ,ਕਹਿੰਦਾ ਸੀ ਕਿਸੇ ਨੂੰ ਮਿਲਣਾ ਹੈ..... ਨਾਲੇ ਕੀ ਗਲਤੀ ਹੋ ਗਈ ਜੀ ਨਾਨਕ ਤੋਂ......... ?"

"ਗਲਤੀ ਵੀ ਦੱਸ ਦੇਵਾਂਗੇ ਇੱਕ ਵਾਰ ਹੱਥ ਤਾਂ ਆਵੇ ਨਾਨਕ ਕਦੋਂ ਤੱਕ ਖੇਡੇਂਗਾ ਲੁੱਕਣ-ਮਚਾਈ ਸਾਡੇ ਨਾਲ.....!"

"ਪਰ ਦੱਸੋ ਤਾਂ ਸਹੀ ਕੀ ਗੱਲ ਹੈ....?"

(ਸੀਤੋ ਪੁੱਛਣ ਲੱਗ ਪਈ ਤੇ ਪਿੰਡ ਵੀ ਇਕੱਠਾ ਹੋ ਗਿਆ ਸੀ ਇੰਨੀ ਦੇਰ ਵਿੱਚ)

"ਜੇ ਸੁਨਣਾ ਹੀ ਹੈ ਤਾਂ ਸੁਣ ਤੇਰਾ ਨਾਨਕ ਨਸ਼ਾ ਵੇਚਦਾ ਹੈ ਨਸ਼ਾ..... ਇੱਕ ਵਾਰ ਹੱਥ ਵਿੱਚ ਆਉਣ ਦੇ ਫੇਰ ਵੇਖਦਾ ਕਿਵੇਂ ਹੁੰਦੀ ਹੈ ਜਮਾਨਤ.... ਚਲੋ ਉਏ ਮੁੰਡਿਉ ਫੜਦੇ ਹਾਂ ਸ਼ਹਿਰੋ ਅਜੇ ਕਿਤੇ ਭੱਜਿਆ ਨਹੀ ਹੋਣਾ। ਜੇ ਘਰੇ ਆਵੇ ਤਾਂ ਕਹਿ ਦੇਈ ਚੁੱਪਚਾਪ ਥਾਣੇ ਆ ਜਾਵੇ ਨਹੀਂ ਤਾਂ ਬਹੁਤ ਬੁਰਾ ਹੋਵੇਗਾ ਤੇਰੇ ਨਾਨਕ ਲਈ........ ਸੁਣ ਗਿਆ ਕਿ ਨਹੀਂ।"

(ਉਹ ਚਲੇ ਜਾਂਦੇ ਹਨ)

"ਜਿਸ ਗੱਲ ਦਾ ਡਰ ਸੀ ਉਹੀ ਕਰਤਾਂ ਕਾਰਾਂ ਨਾਨਕ ਨੇ ਬੇਬੇ ਹੁਣ ਆਪਾਂ ਕੀ ਕਰੀਏ.... !"

"ਅਜੇ ਕੱਲ੍ਹ ਤਾਂ ਸ਼ਗਨ ਲੱਗਿਆ ਹੈ, ਉਹਨਾਂ ਨੂੰ ਪਤਾ ਲੱਗ ਗਿਆ ਤਾਂ ਕੀ ਕਹਿਣਗੇ।"

"ਤੁਸੀਂ ਕੀ ਕਰਦੇ ਹੋ ਜਾਉ ਬਾਈ ਆਪਣੇ ਘਰਾਂ ਨੂੰ ਇੱਥੇ ਕੋਈ ਖੇਡਾਂ ਹੋ ਰਿਹਾ ਹੈ ",ਗੁਰਨਾਮ ਲੋਕਾਂ ਨੂੰ ਲੜਨ ਲੱਗ ਪੈਂਦਾ ਹੈ... !

"ਨਾਨਕ ਕੁਝ ਦੱਸ ਕੇ ਗਿਆ ਹੈ ਕਿੱਥੇ ਗਿਆ ਹੈ।" ਉਹ ਵੀਰਪਾਲ ਨੂੰ ਪੁੱਛਦਾ ਹੈ।

"ਬਾਈ ਕਹਿ ਕੇ ਤਾਂ ਸ਼ਹਿਰ ਗਿਆ ਹੈ।"

"ਤੁਸੀਂ ਫਿਕਰ ਨਾ ਕਰੋ ਮੈਂ ਸ਼ਹਿਰੋ ਪਤਾ ਕਰਕੇ ਆਉਂਦਾ ਹਾਂ, ਕੋਈ ਵੀ ਆਵੇ ਤੁਸੀਂ ਪੁੱਛੇ ਬਿਨਾਂ ਬੂਹਾ ਨਾ ਖੋਲਿਓ ....!"

(ਗੁਰਨਾਮ ਨਾਨਕ ਬਾਰੇ ਪਤਾ ਕਰਨ ਸ਼ਹਿਰ ਚਲਾ ਜਾਂਦਾ ਹੈ)

ਚੱਲਦਾ...



ਸੰਦੀਪ ਦਿਉੜਾ,
84375-56667

# ਸਹੀ ਸਲਾਹ

ਬਾਬੂ ਰਾਮ ਲਾਲ ਕਿਸੇ ਸਰਕਾਰੀ ਮਹਿਕਮੇ ਤੋਂ ਰਿਟਾਇਰ ਹੋਇਆ ਸੀ। ਉਸ ਦਾ ਨਵੀਂ ਦਿੱਲੀ ਦੀ ਇੱਕ ਚੰਗੀ ਕਲੋਨੀ ਵਿੱਚ ਫਲੈਟ ਸੀ ਜਿੱਥੇ ਉਹ ਆਪਣੀ ਪਤਨੀ ਸਮੇਤ ਰਹਿੰਦਾ ਸੀ। ਉਸ ਦੇ ਇੱਕ ਬੇਟਾ ਤੇ ਬੇਟੀ ਸੀ ਜੋ ਪੜ੍ਹ ਲਿਖ ਕੇ ਰੋਜ਼ਗਾਰ 'ਤੇ ਲੱਗ ਗਏ ਸਨ। ਰਾਮ ਲਾਲ ਨੇ ਦੋਵਾਂ ਦੇ ਵਿਆਹ ਕਰ ਦਿੱਤੇ ਸਨ ਤੇ ਉਹ ਵੱਖ ਵੱਖ ਸ਼ਹਿਰਾਂ ਵਿੱਚ ਰਹਿ ਕੇ ਨੌਕਰੀ ਕਰ ਰਹੇ ਸਨ। ਮਹੀਨੇ ਦੋ ਮਹੀਨੇ ਬਾਅਦ ਆ ਕੇ ਰਾਮ ਲਾਲ ਹੁਣਾਂ ਨੂੰ ਮਿਲ ਗਿਲ ਜਾਂਦੇ ਸਨ। ਇੱਕ ਸਾਲ ਗਰਮੀਆਂ ਵਿੱਚ ਰਾਮ ਲਾਲ ਤੇ ਉਸ ਦੀ ਪਤਨੀ ਨੇ ਕਸ਼ਮੀਰ ਘੁੰਮਣ ਦਾ ਪ੍ਰੋਗਰਾਮ ਬਣਾ ਲਿਆ। ਰਾਮ ਲਾਲ ਨੇ ਸੋਚਿਆ ਕਿ ਰੋਜ਼ਾਨਾ ਚੋਰੀਆਂ ਚਕਾਰੀਆਂ ਦੀਆਂ ਖਬਰਾਂ ਆ ਰਹੀਆਂ ਹਨ। ਜੇ ਕਿਤੇ ਉਨ੍ਹਾਂ ਦੀ ਗੈਰਹਾਜ਼ਰੀ ਵਿੱਚ ਕੋਈ ਚੋਰ ਆਣ ਵੜਿਆ ਤਾਂ ਬੇਕਾਰ ਵਿੱਚ ਹੀ ਪੇਟੀਆਂ ਅਲਮਾਰੀਆਂ ਦੇ ਜਿੰਦੇ ਪੁੱਟ ਕੇ ਨੁਕਸਾਨ ਕਰ ਦੇਵੇਗਾ ਕਿਉਂਕਿ ਇਥੋਂ ਉਸ ਨੂੰ ਕੋਈ ਪੈਸਾ ਜਾਂ ਗਹਿਣੇ ਆਦਿ ਤਾਂ ਮਿਲਣੇ ਨਹੀਂ। ਉਹ ਸਭ ਕੁਝ ਤਾਂ ਬੈਂਕ ਵਿੱਚ ਪਿਆ ਹੈ।

ਇਸ ਲਈ ਨੁਕਸਾਨ ਤੋਂ ਬਚਣ ਲਈ ਉਸ ਨੇ 1000 ਰੁਪਏ ਡਰਾਇੰਗ ਰੂਮ ਵਿੱਚ ਮੇਜ਼ 'ਤੇ ਰੱਖ ਦਿੱਤੇ ਤੇ ਨਾਲ ਹੀ ਇੱਕ ਚਿੱਠੀ ਵੀ ਰੱਖ ਦਿੱਤੀ, "ਮੇਰੇ ਅਜਨਬੀ ਦੋਸਤ, ਤੁਸੀਂ ਮੇਰੇ ਘਰ ਵਿੱਚ ਪ੍ਰਵੇਸ਼ ਕਰਨ ਲਈ ਸਖ਼ਤ ਮਿਹਨਤ ਕੀਤੀ ਹੈ ਜਿਸ ਲਈ ਮੈਂ ਤੁਹਾਡਾ ਸਵਾਗਤ ਕਰਦਾ ਹਾਂ। ਪਰ ਅਫਸੋਸ ਨਾਲ ਕਹਿਣਾ ਪੈ ਰਿਹਾ ਹੈ ਕਿ ਅਸੀਂ ਮੱਧ ਵਰਗੀ ਪਰਿਵਾਰ ਤੋਂ ਹਾਂ ਤੇ ਮੇਰਾ ਤੇ ਮੇਰੀ ਪਤਨੀ ਦਾ ਗੁਜ਼ਾਰਾ ਪੈਨਸ਼ਨ ਨਾਲ ਚੱਲਦਾ ਹੈ। ਘਰ ਵਿੱਚ ਕੋਈ ਪੈਸਾ ਜਾਂ ਗਹਿਣਾ ਨਹੀਂ ਹੈ। ਮੈਨੂੰ ਸੱਚੀਂ ਬਹੁਤ ਸ਼ਰਮ ਆ ਰਹੀ ਹੈ ਕਿ ਤੁਹਾਡਾ ਕੀਮਤੀ ਸਮਾਂ ਅਤੇ ਮਿਹਨਤ ਬੇਕਾਰ ਹੋ ਗਈ ਹੈ। ਇਸ ਲਈ ਤੁਹਾਡੇ ਪੈਰਾਂ ਦੀ ਧੂੜ ਦੇ ਬਰਾਬਰ ਇਹ ਥੋੜ੍ਹੇ ਜਿਹੇ ਪੈਸੇ ਮੇਜ਼ 'ਤੇ ਰੱਖ ਦਿੱਤੇ ਹਨ, ਕ੍ਰਿਪਾ ਕਰ ਕੇ ਸਵੀਕਾਰ ਕਰੋ। ਜੇ ਤੁਸੀਂ ਚਾਹੋ ਤਾਂ ਮੈਂ ਤੁਹਾਡੇ ਬਿਜ਼ਨਸ ਨੂੰ ਵਧਾਉਣ ਲਈ ਕੁਝ ਤਰੀਕੇ ਦੱਸ ਸਕਦਾ ਹਾਂ। ਤੁਸੀਂ ਕੋਸ਼ਿਸ਼ ਕਰੋ, ਸਫ਼ਲਤਾ ਜ਼ਰੂਰ ਤੁਹਾਡੇ ਪੈਰ ਚੁੰਮੇਗੀ।

ਮੇਰੇ ਫਲੈਟ ਤੋਂ ਚਾਰ ਘਰ ਛੱਡ ਕੇ ਫਲੈਟ ਨੰਬਰ 9 ਵਿੱਚ ਇੱਕ ਮਹਾਂ ਭ੍ਰਿਸ਼ਟ ਮੰਤਰੀ ਰਹਿੰਦਾ ਹੈ। ਇੱਕ ਬਹੁਤ ਹੀ ਅਮੀਰ ਤੇ ਟੈਕਸ ਚੋਰ ਪ੍ਰਾਪਰਟੀ ਡੀਲਰ ਸੱਤਵੀਂ ਮੰਜ਼ਲ ਦੇ ਫਲੈਟ ਨੰਬਰ 13 ਵਿੱਚ ਰਹਿੰਦਾ ਹੈ। ਸਹਿਕਾਰੀ ਬੈਂਕ ਦਾ ਘਪਲੇਬਾਜ਼ ਚੇਅਰਮੈਨ ਦੂਸਰੀ ਮੰਜ਼ਲ ਦੇ ਫਲੈਟ ਨੰਬਰ 22 ਵਿੱਚ ਰਹਿੰਦਾ ਹੈ। ਪੰਜਵੀਂ ਮੰਜ਼ਲ ਦੇ 2 ਨੰਬਰ ਫਲੈਟ ਵਿੱਚ ਹਵਾਲੇ ਦਾ ਬਹੁਤ ਵੱਡਾ ਕਾਰੋਬਾਰੀ ਰਹਿੰਦਾ ਹੈ। ਚੌਥੀ ਮੰਜ਼ਲ ਦੇ 7 ਨੰਬਰ ਫਲੈਟ ਵਿੱਚ ਇੱਕ ਢੋਂਗੀ ਬਾਬਾ ਰਹਿੰਦਾ ਹੈ ਜੋ ਅੱਜ ਕੱਲ੍ਹ ਸੰਗਤਾਂ ਨੂੰ ਠੱਗਣ ਲਈ ਅਮਰੀਕਾ ਦੇ ਦੌਰੇ 'ਤੇ ਗਿਆ ਹੋਇਆ ਹੈ। ਇਨ੍ਹਾਂ ਸਾਰਿਆਂ ਦੇ ਘਰ ਕਾਲੇ ਧੰਨ ਅਤੇ ਸੋਨੇ ਚਾਂਦੀ ਨਾਲ ਭਰੇ ਹੋਏ ਹਨ। ਮੈਂ ਨਿਸ਼ਚਿਤ ਤੌਰ 'ਤੇ ਕਹਿ ਸਕਦਾ ਹਾਂ ਕਿ 'ਚਿੜੀ ਚੋਂਚ ਭਰ ਲੇ ਗਈ, ਨਦੀ ਘਟੇ ਨਾ ਨੀਰ' ਦੋਹੇ ਅਨੁਸਾਰ ਤੁਹਾਡੀ ਸਫ਼ਲਤਾ ਨਾਲ ਇਨ੍ਹਾਂ ਨੂੰ ਕੋਈ ਖਾਸ ਫਰਕ ਨਹੀਂ ਪਵੇਗਾ ਤੇ ਨਾ ਹੀ ਕੋਈ ਇੰਨਕਮ ਟੈਕਸ ਵਿਭਾਗ ਤੋਂ ਡਰਦਾ ਪੁਲਿਸ ਕੋਲ ਰਿਪੋਰਟ ਕਰੇਗਾ। ਤੁਹਾਡਾ ਸ਼ੁਭਚਿੰਤਕ, ਰਾਮ ਲਾਲ।" ਟੂਰ ਤੋਂ ਬਾਅਦ ਜਦੋਂ ਰਾਮ ਲਾਲ ਅਤੇ ਉਸ ਦੀ ਪਤਨੀ ਵਾਪਸ ਆਏ ਤਾਂ ਜਿਸ ਮੇਜ਼ 'ਤੇ ਉਹ ਚਿੱਠੀ ਰੱਖ ਕੇ ਗਏ ਸਨ, ਉਥੇ ਇੱਕ ਬੈਗ ਅਤੇ ਨਵੀਂ ਚਿੱਠੀ ਪਈ ਹੋਈ ਸੀ। ਖੋਲ੍ਹ ਕੇ ਵੇਖਿਆ ਤਾਂ ਬੈਗ ਵਿੱਚ ਵੀਹ ਲੱਖ ਰੁਪਏ ਸਨ ਤੇ ਚਿੱਠੀ ਵਿੱਚ ਲਿਖਿਆ ਹੋਇਆ ਸੀ, "ਸਰ ਜੀ, ਆਪ ਜੀ ਦੇ ਦਿਸ਼ਾ ਨਿਰਦੇਸ਼ ਅਤੇ ਸਿੱਖਿਆ ਲਈ ਬਹੁਤ ਬਹੁਤ ਧੰਨਵਾਦ। ਮੈਨੂੰ ਸਾਰੀ ਉਮਰ ਇਸ ਗੱਲ ਦਾ ਅਫਸੋਸ ਰਹੇਗਾ ਕਿ ਮੈਂ ਪਹਿਲਾਂ ਆਪ ਦੀ ਛਤਰ ਛਾਇਆ ਹੇਠ ਕਿਉਂ ਨਾ ਆਇਆ? ਤੁਹਾਡੇ ਆਦੇਸ਼ ਅਨੁਸਾਰ ਮੈਂ ਮਿਸ਼ਨ ਸਫ਼ਲਤਾ ਪੂਰਵਕ ਪੂਰਾ ਕਰ ਲਿਆ ਹੈ ਤੇ ਇਹ ਛੋਟੀ ਜਿਹੀ ਰਾਸ਼ੀ ਧੰਨਵਾਦ ਦੇ ਰੂਪ ਵਿੱਚ ਭੇਂਟ ਕੀਤੀ ਹੈ, ਸਵੀਕਾਰ ਕਰਨਾ। ਭਵਿੱਖ ਵਿੱਚ ਵੀ ਤੁਹਾਡੇ ਅਸ਼ੀਰਵਾਦ ਅਤੇ ਮਾਰਗ ਦਰਸ਼ਨ ਦੀ ਉਮੀਦ ਕਰਦਾ ਹਾਂ। ਤੁਹਾਡਾ ਆਪਣਾ, ਕਾਲੂ ਚੋਰ।"



ਬਲਰਾਜ ਸਿੰਘ ਸਿੱਧੂ ਏ.ਆਈ.ਜੀ.
ਪੰਡੋਰੀ ਸਿੱਧਵਾਂ 9501100062

28 ਨਵੰਬਰ ਨੂੰ ਜੋਤੀ ਜੋਤ ਸਮਾਉਣ ਦਿਵਸ 'ਤੇ ਵਿਸ਼ੇਸ਼

# ਗੁਰੂ ਨਾਨਕ ਦੇ ਸ਼ਬਦਾਂ ਨੂੰ ਸੰਗੀਤ ਦੇਣ ਵਾਲੇ ਰਬਾਬੀ ਭਾਈ ਮਰਦਾਨਾ ਜੀ



ਜਗਤ ਗੁਰੂ ਬਾਬਾ ਨਾਨਕ ਜੀ ਨੇ ਸ਼ਬਦ ਰਾਹੀਂ ਜਗਤ ਨੂੰ ਤਾਰਿਆ ਸੀ, ਸ਼ਬਦ ਰਾਹੀਂ ਆਪਣਾ ਵਿਲੱਖਣ ਫਲਸਫਾ ਦਿੱਤਾ ਸੀ ਅਤੇ ਸ਼ਬਦ ਰਾਹੀਂ ਹੀ ਨਿਰਗੁਣਿਆਰਿਆ ਨੂੰ ਗੁਣਵਾਨ ਬਣਾਇਆ ਸੀ। ਇਹ ਬਾਬੇ ਦੇ ਸ਼ਬਦ ਦੀ ਚੋਟ ਹੀ ਸੀ ਜਿਸ ਨੇ ਕੌਡੇ ਰਾਖਸ਼, ਵਲੀ ਕੰਧਾਰੀ, ਸੱਜਣ ਠੱਗ ਅਤੇ ਹੋਰ ਲੱਖਾਂ ਦੇ ਜੀਵਨ ਵਿੱਚ ਵੱਡਾ ਇਨਕਲਾਬ ਲੈ ਆਂਦਾ ਸੀ। ਸੰਗੀਤ ਵਿੱਚ ਡੁੱਬਾ ਹੋਇਆ ਸ਼ਬਦ ਜਿਸ ਵੀ ਹਿਰਦੇ ਤੇ ਪੈਂਦਾ ਸੀ, ਉਹ ਗੁਰੂ ਨਾਨਕ ਦਾ ਹੀ ਹੋ ਕੇ ਰਹਿ ਜਾਂਦਾ ਸੀ। ਇਸ ਸ਼ਬਦ ਨੂੰ ਸੰਗੀਤਬੱਧ ਕਰਨ ਵਾਲੇ ਰਬਾਬੀ ਭਾਈ ਮਰਦਾਨਾ ਜੀ ਦਾ ਵੀ ਇਹ ਇਨਕਲਾਬ ਲਿਆਉਣ ਵਿੱਚ ਬਰਾਬਰ ਦਾ ਯੋਗਦਾਨ ਹੈ। ਕਿਹਾ ਜਾਂਦਾ ਏ ਕਿ ਬਾਬਾ ਨਾਨਕ ਆਖਦਾ ਸੀ, ਮਰਦਾਨਿਆ ਰਬਾਬ ਵਜਾ, ਬਾਣੀ ਆਈ ਏ। ਇਹ ਸਰਗਮ ਅਤੇ ਕਾਵਿ ਦਾ ਅਨੂਠਾ ਮੇਲ ਸੀ, ਜਿਸ ਨੇ ਕਰਾਮਾਤ ਕਹੀਆਂ ਜਾ ਸਕਣ ਵਾਲੀਆਂ ਘਟਨਾਵਾਂ ਨੂੰ ਜਨਮ ਦਿੱਤਾ। ਭਾਈ ਮਰਦਾਨੇ ਦਾ ਬਾਬੇ ਨਾਨਕ ਦਾ ਪੱਕਾ ਸਾਥੀ ਬਣ ਜਾਣਾ ਆਪਣੇ ਆਪ ਵਿੱਚ ਇੱਕ ਵੱਡੀ ਕਰਾਮਾਤ ਸੀ। ਉਸ ਸਮੇ ਜਦੋਂ ਜਾਤ-ਪਾਤ ਅਤੇ ਛੂਤ-ਛਾਤ ਪੂਰੇ ਜੋਬਨ ਵਿੱਚ ਸੀ, ਉਦੋਂ ਨੀਵੀਂ ਜਾਤ ਵਜੋਂ ਜਾਣੀ ਜਾਂਦੀ ਮਰਾਸੀ ਜਾਤ ਨਾਲ ਸੰਬੰਧ ਰੱਖਣ ਵਾਲੇ ਮਰਦਾਨੇ ਨੂੰ ਸਦਾ ਆਪਣੇ ਨਾਲ ਰੱਖਣਾ, ਗੁਰੂ ਨਾਨਕ ਦੀ ਬਾਣੀ ਵਿੱਚ ਦੱਸਿਆ ਸਿਧਾਂਤ ਅਮਲੀ ਤੌਰ ਤੇ ਜੀਊ ਕੇ ਦਿਖਾਉਣ ਦਾ ਸਬੱਬ ਸੀ।
ਨਾਨਕ ਬਾਣੀ ਵਿੱਚ ਸਾਫ ਲਿਖਿਆ ਏ---

ਫ਼ੁਟੋਟ;ਨੀਚਾ ਅੰਦਰਿ
ਨੀਚ ਜਾਤਿ
ਨੀਚੀ ਹੂ
ਅਤਿ ਨੀਚੁ ॥
ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ ॥
ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ ॥'.....(ਪੰਨਾ 15, ਸਿਰੀ ਰਾਗੁ ਮਹਲਾ 1) ਅਤੇ ਸੱਚਮੁੱਚ ਨਦਰਿ ਹੋਈ ਵੀ !! ਭਾਈ ਮਰਦਾਨਾ ਜੀ ਦਾ ਜਨਮ ਰਾਇ ਭੋਇ ਦੀ ਤਲਵੰਡੀ ਵਿਖੇ ਹੀ ਪਿਤਾ ਮੀਰ ਬਾਦਰੇ ਦੇ ਘਰ ਮਾਤਾ ਲੱਖੋ ਦੀ ਕੁੱਖੋਂ 1459 ਈਸਵੀ ਨੂੰ ਹੋਇਆ। ਆਪ ਜੀ ਦੇ ਪਿਤਾ ਜੀ ਡੂਮਾਂ ਵਾਲਾ ਖਾਨਦਾਨੀ ਕਿੱਤਾ ਕਰਦੇ ਸਨ, ਜਿਸ ਵਿੱਚ ਜਿੱਥੇ ਲੋਕਾਂ ਦੇ ਘਰ ਸੁ ਨੇ ਹੇ ਅ ਾ ਦਿ ਦੇਣ ਦਾ ਕੰਮ ਵੀ ਹੁੰਦਾ ਸੀ ਉ ੱਥੇ ਲੋਕਾਂ ਦੇ ਮਨੋਰੰਜਨ ਲਈ ਗਾਉਣਾ ਵੀ ਸ਼ਾਮਲ ਸੀ। ਕਿਹਾ ਜਾਂਦਾ ਏ ਕਿ ਮਾਤਾ ਲੱਖੋ ਦੇ ਛੇ ਬੱਚੇ ਹੋ ਕੇ ਮਰ ਗਏ ਸਨ ਅਤੇ ਇਹ ਸੱਤਵਾਂ ਬੱਚਾ ਸੀ, ਜਿਸ ਦਾ ਨਾਮ ਮਾਤਾ ਨੇ 'ਮਰ ਜਾਣਾ' ਰੱਖਿਆ ਹੋਇਆ ਸੀ। ਉਸ ਨੂੰ ਇਸ ਦੇ ਵੀ ਛੇਤੀ ਮਰ ਜਾਣ ਦਾ ਡਰ ਸੀ। ਮਰਦਾਨੇ ਨੂੰ ਨਿੱਕੇ ਹੁੰਦੇ ਤੋਂ ਹੀ ਗਾਉਣ ਵਜਾਉਣ ਦਾ ਸ਼ੌਂਕ ਸੀ ਅਤੇ ਜਦੋਂ 1480 ਈਸਵੀ ਚ ਉਸ ਦੀ ਰਬਾਬ ਦੀ ਟੁਣਕਾਰ ਬਾਬੇ ਨਾਨਕ ਦੇ ਕੰਨਾਂ ਵਿੱਚ ਪਈ, ਬਾਬਾ ਮੋਹਿਆ ਗਿਆ ਅਤੇ ਮਰਦਾਨੇ ਨੂੰ ਸਦਾ ਲਈ ਆਪਣਾ ਸਾਥੀ ਬਣਾ ਲਿਆ। ਬਾਬਾ ਜੀ ਨੇ 'ਮਰ ਜਾਣਾ' ਦੀ ਥਾਂ 'ਮਰਦਾ ਨਾ' ਆਖਿਆ ਅਤੇ ਉਸ ਦਾ ਨਾਂ ਮਰਦਾਨਾ ਪ੍ਰਸਿੱਧ ਹੋਇਆ। ਦੋਵਾਂ ਦੀ ਪ੍ਰੀਤ ਗੂੜ੍ਹੀ ਹੁੰਦੀ ਗਈ। ਕੁਝ ਸਮਾਂ ਦੋਵੇਂ ਤਲਵੰਡੀ ਵਿਖੇ ਹੀ ਸਤਿ ਕਰਤਾਰ ਦੀ ਉਸਤਤ ਵਿੱਚ ਗੀਤ ਗਾਉਂਦੇ ਰਹੇ।

1487 ਈ 'ਚ ਬਾਬੇ ਨਾਨਕ ਦਾ ਵਿਆਹ ਹੋ ਗਿਆ ਅਤੇ ਉਪਰੰਤ ਪਿਤਾ ਕਾਲੂ ਨੇ ਕੰਮ ਵਿਚ ਪਾਉਣ ਲਈ ਗੁਰੂ ਨਾਨਕ ਨੂੰ ਭੈਣ ਕੋਲ ਸੁਲਤਾਨਪੁਰ ਲੋਧੀ ਭੇਜ ਦਿੱਤਾ। ਇੱਕ ਵਾਰੀ ਤਾਂ ਦੋ ਦੋਸਤਾਂ ਵਿੱਚ ਵਿਛੋੜਾ ਪੈ ਗਿਆ, ਪਰ ਜਲਦੀ ਹੀ ਮਰਦਾਨੇ ਨੂੰ ਨਾਨਕ ਦੀ ਖਬਰਸਾਰ ਲੈ ਆਉਣ ਲਈ ਮਹਿਤਾ ਕਾਲੂ ਨੇ ਤਲਵੰਡੀ ਘੱਲ ਦਿੱਤਾ। ਫੇਰ ਤਾਂ ਮਰਦਾਨਾ ਪੱਕਾ ਹੀ ਨਾਨਕ ਦਾ ਸਾਥੀ ਬਣ ਗਿਆ ਅਤੇ ਉਸਦੀ ਰਬਾਬ ਦਾ ਸੰਗੀਤ ਨਾਨਕ ਦੇ ਸ਼ਬਦਾਂ ਦਾ ਆਧਾਰ ਬਣਿਆ। ਬਾਬੇ ਨਾਨਕ ਨ` ਵ ੱ ਖ ਵ ੱ ਖ ਦਿਸ਼ਾਵਾਂ ਵਿ ੱਚ ਚ ਾ ਰ ਉ ਦਾਸੀਆਂ ਕੀਤੀਆਂ ਅਤੇ ਜੰਗਲ ਬੇਲਿਆਂ ਵਿ ੱ ਚ, ਰੇਗਿਸਤਾਨਾਂ ਵਿ ੱਚ, ਪਿੰਡਾਂ ਸ਼ਹਿਰਾਂ ਵਿੱਚ, ਸੰਤਾਂ ਅਤੇ ਠੱਗਾਂ ਨਾਲ ਮੁਲਾਕਾਤਾਂ ਸਮੇ ਭਾਈ ਮਰਦਾਨਾ ਜੀ ਹਮੇਸ਼ਾ ਬਾਬੇ ਨਾਨਕ ਦੇ ਨਾਲ ਸਨ ਅਤੇ ਬਾਬੇ ਦੇ ਸ਼ਬਦ ਨੇ ਰਬਾਬ ਦੇ ਸੰਗੀਤ ਵਿਚੋਂ ਹੋ ਕੇ ਹੀ ਤਪਦੇ ਹਿਰਦਿਆਂ ਨੂੰ ਠਾਰਿਆ।

ਜਨਮ ਸਾਖੀਆਂ ਦੇ ਲੇਖਕਾਂ ਨੇ ਭਾਈ ਮਰਦਾਨੇ ਨੂੰ ਭੁੱਖ ਦਾ ਸਤਾਇਆ ਹੋਇਆ ਲਿਖਿਆ ਹੈ, ਭਾਵੇ ਇਹ ਉਹਨਾਂ ਨੇ ਨਾਨਕ ਦੇ ਨਾਲ ਵਾਪਰੀਆਂ ਘਟਨਾਵਾਂ ਦਾ ਆਧਾਰ ਬਣਾਉਣ ਲਈ ਇਸ ਦੀ ਨਾਟਕੀ ਕਲਪਨਾ ਹੀ ਕੀਤੀ ਹੋਵੇ। ਕਿਉਂਕਿ ਇਹ ਗੱਲ ਹੈਰਾਨੀ ਵਾਲੀ ਹੈ ਕਿ ਲੱਗਭੱਗ 50 ਸਾਲ ਤੋਂ ਵੀ ਵੱਧ ਸਮਾਂ ਜਿਸ ਨੇ ਨਾਨਕ ਅਤੇ ਨਾਨਕ ਬਾਣੀ ਦਾ ਸਾਥ ਧੁਰ ਹਿਰਦੇ ਤੋਂ, ਰੂਹ ਤੋਂ ਮਾਣਿਆ ਹੋਵੇ ਉਸ ਨੂੰ ਦੁਨਿਆਵੀ ਭੁੱਖ ਤੰਗ ਕਰੇ, ਯਕੀਨ ਕਰਨਾ ਮੁਸ਼ਕਿਲ ਹੈ।

ਭਾਵੇ ਮਰਦਾਨਾ ਜੀ ਉਮਰ ਵਿੱਚ ਬਾਬੇ ਤੋਂ 10 ਸਾਲ ਵੱਡੇ ਸਨ, ਪਰ ਉਹਨਾਂ ਦੀ ਨਿਮਰਤਾ ਨੇ ਉਹਨਾਂ ਨੂੰ ਸਦਾ ਹੀ ਗੁਰ- ਚਰਨਾਂ ਦਾ ਭੌਰਾ ਬਣਾਈ ਰੱਖਿਆ। ਮਰਦਾਨਾ ਜੀ ਦਾ ਵਿਆਹ ਕਦੋ ਹੋਇਆ, ਇਤਿਹਾਸ ਵਿਚ ਕੋਈ ਸਰੋਤ ਨਹੀਂ ਮਿਲਦਾ, ਪਰ ਉਹਨਾਂ ਦੇ ਦੋ ਪੁੱਤਰਾਂ ਰਜਾਦਾ ਅਤੇ ਸਜਾਦਾ ਦਾ ਜਿਕਰ ਜਰੂਰ ਆਉਂਦਾ ਏ, ਜਿਹਨਾਂ ਵਿਚੋਂ ਸਜਾਦਾ ਗੁਰੂ ਅੰਗਦ ਦੇਵ ਜੀ ਦੇ ਦਰਬਾਰ ਵਿੱਚ ਕੀਰਤਨ ਕਰਦਾ ਸੀ।

ਭਾਈ ਮਰਦਾਨੇ ਦਾ ਗੁਰੂ ਨਾਨਕ ਨਾਲ ਕਿੰਨਾ ਜਿਆਦਾ ਪ੍ਰੇਮ ਸੀ ਇੱਕ ਛੋਟੀ ਜਿਹੀ ਘਟਨਾ ਤੋਂ ਅੰਦਾਜਾ ਲੱਗ ਸਕਦਾ ਹੈ। ਕਹਿੰਦੇ ਮਰਦਾਨਾ ਜੀ ਨੇ ਬਾਬੇ ਨੂੰ ਪੂਰੀ ਅਪਣੱਤ ਨਾਲ ਆਖਿਆ ਸੀ-- ਬਹੁਤਾ ਮਾਣ ਨਾ ਕਰੀਂ ਬਾਬਾ, ਤੇਰੇ ਤੇ ਮੇਰੇ ਵਿੱਚ ਬਹੁਤਾ ਫਰਕ ਨਹੀਂ। ਤੂ ਰੱਬ ਦਾ ਡੂਮ ਤੇ ਮੈਂ ਤੇਰਾ ਡੂਮ। ਤੇ ਬਾਬੇ ਨੇ ਕਦੀ ਮਾਣ ਕੀਤਾ ਵੀ ਨਹੀਂ ਸੀ। ਮਰਦਾਨੇ ਨੂੰ ਅੰਤਮ ਸਮਾਂ ਆਉਣ ਤੋਂ ਪਹਿਲਾਂ ਬਾਬੇ ਨੇ ਪਰਖਣ ਦੇ ਲਹਿਜੇ ਵਿੱਚ ਪੁੱਛਿਆ ਕਿ ਜੇ ਤੂੰ ਆਖੇਂ ਤੇਰੇ ਮਰਨ ਪਿੱਛੋਂ ਤੇਰੀ ਸਮਾਧ ਬਣਵਾ ਦੇਈਏ। ਮਰਦਾਨੇ ਹੱਥ ਜੋੜ ਕੇ ਕਿਹਾ, ਬਾਬਾ ਤੇਰੇ ਨਾਲ ਰਹਿ ਕੇ ਇਹੀ ਤਾਂ ਸਿੱਖਿਆ ਹੈ। ਇੱਕ ਕਬਰ ਚੋਂ ਕੱਢ ਕੇ ਦੂਜੀ ਵਿੱਚ ਕਿਉ ਪਾਉਣਾ ਏ ??? ਬਾਬੇ ਨਾਨਕ ਨੇ ਖੁਸ਼ ਹੋ ਕੇ ਉਸਨੂੰ ਬ੍ਰਹਮ-ਗਿਆਨੀ ਹੋਣ ਦੀ ਉਪਾਧੀ ਦਿੱਤੀ।

ਭਾਈ ਸਾਹਿਬ ਦੇ ਦਿਹਾਂਤ ਬਾਰੇ ਵਿਦਵਾਨਾਂ ਵਿੱਚ ਮੱਤਭੇਦ ਹੈ। ਕੁਝ 1534 ਈਸਵੀ ਨੂੰ ਦੱਸਦੇ ਹਨ, ਤੇ ਕੁਝ 1538 ਈ ਵਿੱਚ ਇਸੇ ਤਰ੍ਹਾਂ ਇੱਕ ਵਿਚਾਰ ਵਿੱਚ ਭਾਈ ਸਾਹਿਬ ਨੇ ਆਪਣਾ ਸਰੀਰ ਅਫਗਾਨਿਸਤਾਨ ਵਿੱਚ ਕੁਰਮ ਨਦੀ ਦੇ ਕੰਢੇ ਕੁਰਮ ਨਗਰ ਵਿੱਚ ਛੱਡਿਆ, ਜਦ ਕਿ ਦੂਜੇ ਵਿਚਾਰ ਵਿੱਚ ਉਹਨਾਂ ਨੇ ਕਰਤਾਰਪੁਰ ਸਾਹਿਬ ਦੇਹ ਤਿਆਗੀ। ਇਹ ਸਾਰੇ ਵਿਦਵਾਨ ਮੰਨਦੇ ਹਨ ਕਿ ਉਹਨਾਂ ਦਾ ਅੰਤਿਮ ਸੰਸਕਾਰ ਗੁਰੂ ਨਾਨਕ ਦੇਵ ਜੀ ਨੇ ਆਪਣੇ ਕਰ ਕਮਲਾਂ ਨਾਲ ਕੀਤਾ। ਇਸ ਨਾਲ ਉਹਨਾਂ ਦੇ ਕਰਤਾਰਪੁਰ ਸਾਹਿਬ ਸਵਰਗਵਾਸ ਹੋਣ ਦਾ ਵਿਚਾਰ ਵਧੇਰੇ ਠੀਕ ਜਾਪਦਾ ਹੈ ਕਿਉਂਕਿ ਸਿਰਫ ਸੰਸਕਾਰ ਕਰਨ ਲਈ ਨਾਨਕ ਜੀ ਦਾ ਅਫਗਾਨਿਸਤਾਨ ਜਾਣ ਦਾ ਕਿਤੇ ਜਿਕਰ ਨਹੀਂ ਮਿਲਦਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਮਰਦਾਨਾ ਜੀ ਦੇ ਨਾਮ ਹੇਠ ਦੋ ਸਲੋਕ ਦਰਜ ਹਨ। ਵਿਦਵਾਨਾਂ ਦੇ ਵਿਚਾਰ ਅਨੁਸਾਰ ਭਾਈ ਮਰਦਾਨਾ ਜੀ ਦੇ ਵਿਚਾਰਾਂ ਨੂੰ ਕਾਵਿ-ਰੂਪ ਵਿੱਚ ਗੁਰੂ ਨਾਨਕ ਦੇਵ ਜੀ ਨੇ ਆਪ ਪ੍ਰਗਟਾਇਆ ਹੈ ਅਤੇ ਅੰਤ ਤੇ ਨਾਨਕ ਨਾਂ ਦੀ ਮੋਹਰ ਛਾਪ ਵੀ ਹੈ। ਬਾਣੀ ਰਾਹੀਂ ਮਰਦਾਨੇ ਨੂੰ ਸਦਾ ਲਈ ਅਮਰ ਕਰ ਦਿੱਤਾ ਹੈ।

ਇਹ ਸਲੋਕ ਹਨ---

1. ਕਲਿ ਕਲਵਾਲੀ ਕਾਮੁ ਮਦ ਮਨੂਆ ਪੀਵਣਹਾਰੁ ।
ਕ੍ਰੋਧੁ ਕਟੋਰੀ ਮੋਹਿ ਭਰੀ ਪੀਲਾਵਾ ਅਹੰਕਾਰੁ ।
ਮਜਲਸ ਕੂੜੇ ਲਬ ਕੀ ਪੀ ਪੀ ਹੋਏ ਖੁਆਰੁ ।
ਕਰਣੀ ਲਾਹਣਿ ਸਤੁ ਗੁੜੁ ਸਚੁ ਸਰਾ ਕਰਿ ਸਾਰੁ।
ਗੁਣ ਮੰਡੇ ਕਰਿ ਸੀਲ ਘਿਉ ਸਰਮੁ ਮਾਸੁ ਆਹਾਰੁ ।
ਗੁਰਮੁਖਿ ਪਾਈਐ ਨਾਨਕਾ ਖਾਧੈ ਜਾਹਿ ਬਿਕਾਰੁ।........
(ਪੰਨਾ 553,ਸਲੋਕ ਮਰਦਾਨਾ 1)

2. ਕਾਇਆ ਲਾਹਣਿ ਆਪੁ ਮਦ ਮਜਲਸ ਤ੍ਰਿਸਨਾ ਧਾਤੁ।
ਮਨਸਾ ਕਟੋਰੀ ਕੂੜਿ ਭਰੀ ਪੀਲਾਏ ਜਮਕਾਲੁ ।
ਇਤੁ ਮਦੁ ਪੀਤੈ ਨਾਨਕਾ ਬਹੁਤੇ ਖਟੀਅਹਿ ਬਿਕਾਰੁ।
ਗਿਆਨੁ ਮਾਸੁ ਸਾਲਾਹ ਮੰਡੇ ਭਉ ਮਾਸੁ ਆਹਾਰੁ ।
ਨਾਨਕ ਇਹੁ ਭੋਜਨੁ ਸਚੁ ਹੈ ਸਚੁ ਨਾਮੁ ਆਧਾਰੁ।
ਕਾਂਯਾਂ ਲਾਹਣਿ ਆਪੁ ਮਦੁ ਅੰਮ੍ਰਿਤ ਤਿਸ ਕੀ ਧਾਰ।
ਸਤਸੰਗਤਿ ਸਿਉ ਮੇਲਾਪੁ ਹੋਇ ਲਿਵ ਕਟੋਰੀ ਅੰਮ੍ਰਿਤ ਭਰੀ ਪੀ ਪੀ ਕਟਹਿ ਬਿਕਾਰੁ। .....(ਪੰਨਾ 553,ਮਰਦਾਨਾ 1)

ਅਤੇ ਇੱਕ ਪਉੜੀ ਵੀ ਹੈ--

ਆਪੇ ਸੁਰਿ ਨਰ ਗਣ ਗੰਧਰਵਾ ਆਪੇ ਖਟ ਦਰਸਨ ਕੀ ਬਾਣੀ। ਦੋਹਾਂ ਸ਼ਬਦਾਂ ਦਾ ਅਰਥ ਭਾਵ ਲੱਗਭੱਗ ਇੱਕੋ ਜਿਹਾ ਹੈ। ਜਿਨਾਂ ਵਿੱਚ ਵਿਕਾਰਾਂ ਦੇ ਨਸ਼ਿਆਂ ਤੋਂ ਵਰਜਦੇ ਹੋਏ ਇੱਕੋ ਇੱਕ ਸਦੀਵੀ ਨਸ਼ਾ ਨਾਮ ਦਾ ਕੀਤੇ ਜਾਣ ਦੀ ਹਦਾਇਤ ਹੈ।

ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਗੁਰੂ ਨਾਨਕ ਦੇ ਜਿਕਰ ਕਰਨ ਸਮੇ ਭਾਈ ਮਰਦਾਨਾ ਜੀ ਦਾ ਜਿਕਰ ਵੀ ਪੂਰੇ ਸਤਿਕਾਰ ਸਹਿਤ ਕੀਤਾ ਹੈ---

ਇੱਕ ਬਾਬਾ ਅਕਾਲ ਰੂਪ ਦੂਜਾ ਰਬਾਬੀ ਮਰਦਾਨਾ।.... (ਭਾਈ ਗੁਰਦਾਸ ਜੀ, ਵਾਰ 1 ਪਉੜੀ 35) ਦੁਆ ਕਰਦੇ ਹਾਂ ਕਿ ਸਾਨੂੰ ਸ਼ਬਦ ਦੇ ਨਾਲ ਨਾਲ ਰਬਾਬ ਦੀ ਧੁਨ ਵੀ ਹਮੇਸ਼ਾ ਸੁਣਦੀ ਰਹੇ। ਜਿੰਨੀ ਦੇਰ ਬਾਬੇ ਨਾਨਕ ਦਾ ਅਤੇ ਉਸਦੀ ਬਾਣੀ ਦਾ ਜਿਕਰ ਹੁੰਦਾ ਰਹੇਗਾ, ਭਾਈ ਮਰਦਾਨਾ ਜੀ ਦਾ ਨਾਂ ਵੀ ਉਤਨੇ ਹੀ ਸਤਿਕਾਰ ਨਾਲ ਲਿਆ ਜਾਂਦਾ ਰਹੇਗਾ।



ਜਸਵਿੰਦਰ ਸਿੰਘ ਰੁਪਾਲ
9814715796

– ਕਵਿਤਾ –

## ਘਰ ਪਰਿਵਾਰ

ਜਿੱਥੇ ਨਾ ਕੋਈ, ਬੇਰੁਜ਼ਗਾਰ ਹੋਵੇ,
ਉੱਥੇ ਘਰ ਪਰਿਵਾਰ ਹੋਵੇ।
ਨਾ ਸਿਰ, ਕਿਸੇ ਕੋਈ, ਭਾਰ ਹੋਵੇ,
ਉੱਥੇ ਘਰ ਪਰਿਵਾਰ ਹੋਵੇ।
ਹੋਵੇ ਸ਼ਾਂਤ ਇਲਾਕਾ ਕੋਈ ,
ਜਿੱਥੇ ਘਰ ਪਰਿਵਾਰ ਹੋਵੇ।
ਨਾ ਪਏ ਕਦੇ ਡਾਕਾ ਕੋਈ ,
ਜਿੱਥੇ ਘਰ ਪਰਿਵਾਰ ਹੋਵੇ।
ਚੁਪਾਸੇ ਹੀ ਹੋਏ ਹਰਿਆਲੀ,
ਜਿੱਥੇ ਘਰ ਪਰਿਵਾਰ ਹੋਵੇ।
ਹੋਵੇ ਘਰ ਘਰ ਖ਼ੁਸ਼ਹਾਲੀ,
ਜਿੱਥੇ ਘਰ ਪਰਿਵਾਰ ਹੋਵੇ।

–ਕਵਿਤਾ–

## ਕਾਲੀ ਕਮਾਈ

ਨਾ ਲਾਓ ਅੱਗ ਪੈਸਿਆਂ ਨੂੰ,
ਨਾ ਸੁੱਟੋ ਵਿਚ ਕੂੜੇ।
ਦੇ ਦੇਵੋ ਕਿਸੇ ਗ਼ਰੀਬ ਨੂੰ ,
ਹੋ ਜਾਣ ਕਾਰਜ ਪੂਰੇ।

ਜਿਸ ਕੋਲ ਵੀ ਹੈ ,
ਧਨ ਕਾਲਾ ਜੀ।
ਖੋਲ੍ਹੇ ਕਿਸੇ ਦੀ,
ਕਿਸਮਤ ਦਾ ਤਾਲਾ ਜੀ।
ਨਾ ਖ਼ੁਦਕੁਸ਼ੀ ਕਰੇ,
ਕੋਈ ਕਰਜ਼ਾਈ ਕਹੇ ਸੰਗਰੂਰਵੀ,
ਬਚਾ ਜਾਨ ਕਰੋ ,
ਕੰਮ ਨਿਰਾਲਾ ਜੀ।
ਕੋਈ ਕਰਨਾ ਚਾਹੇ,
ਵਿੱਤੀ ਸਹਾਇਤਾ,
ਤਾਂ ਕਰ ਸਕਦਾ ਹੈ।
ਜੇ ਘਰ ਭਰਨਾ ਚਾਹੇ ਸੰਗਰੂਰਵੀ ਦਾ,
ਤਾਂ ਭਰ ਸਕਦਾ ਹੈ।

ਨਾ ਰੱਖ ਤੂੰ ਆਸ ਕਿਸੇ ਦੀ ,
ਕੀਤੀ ਕਾਲੀ ਕਮਾਈ ਤੇ,
ਦਸਾਂ ਨੂੰਹਾਂ ਦੀ ਕਿਰਤ ਕਮਾ,
ਕਿਸਮਤ ਚਮਕਾ ਸੰਗਰੂਰਵੀ।

ਕਿਸੇ ਦੀ ਕੀਤੀ ਕਮਾਈ ਚੋਂ ,
ਕਿਉਂ ਤੂੰ ਹਿੱਸਾ ਮੰਗਦਾ।
ਹੱਥ ਪੈਰ ਸਲਾਮਤ ਤੇਰੇ,
ਕਰਕੇ ਕਾਰ ਤੂੰ ਖਾ ਸੰਗਰੂਰਵੀ।
ਨਾ ਰੱਖ ਤੂੰ ਆਸ ਕਿਸੇ ਦੀ ,
ਕੀਤੀ ਕਾਲੀ ਕਮਾਈ ਤੇ,
ਦਸਾਂ ਨੂੰਹਾਂ ਦੀ ਕਿਰਤ ਕਮਾ,
ਕਿਸਮਤ ਚਮਕਾ ਸੰਗਰੂਰਵੀ।

ਦਸਾਂ ਨੂਹਾਂ ਕਿਰਤ ਕਮਾਉਂਦਾ,
ਕੀਤੀ ਹੇਰਾ ਫੇਰੀ ਨਾ।
ਜੋ ਕਮਾਇਆ ਵੰਡ ਖਾਇਆ ਸੰਗਰੂਰਵੀ,
ਕੀਤੀ ਤੇਰੀ ਮੇਰੀ ਨਾ।

ਸਰਬਜੀਤ ਸੰਗਰੂਰਵੀ
ਪੁਰਾਣੀ ਅਨਾਜ ਮੰਡੀ, ਸੰਗਰੂਰ।
9463162463

“ਮੈਂ ਰਾਹਾਂ 'ਤੇ ਨਹੀਂ ਤੁਰਦਾ, ਮੈਂ ਤੁਰਦਾ ਹਾਂ ਤਾਂ ਰਾਹ ਬਣਦੇ...”

# 'ਪਾਤਰ' ਦੇ ਇਸ ਸ਼ਿਅਰ ਦੀ ਪੈੜ ਨੱਪਦਿਆਂ ਹਰਜੀਤ 'ਹੈਰੀ' ਬਣਿਆ 'ਆਇਰਨਮੈਨ'











'ਆਇਰਨਮੈਨ ਟਰਾਇਥਲੋਨ' ਮੁਕਾਬਲਾ ਇਸ ਸਮੇਂ ਸੰਸਾਰ-ਭਰ ਵਿੱਚ ਸੱਭ ਤੋਂ ਸਖ਼ਤ ਮੁਕਾਬਲਾ ਗਿਣਿਆ ਜਾਂਦਾ ਹੈ। ਇਹ ਮੁਕਾਬਲਾ 'ਵੱਰਲਡ ਟ੍ਰਾਇਥਲੋਨ ਕਾਰਪੋਰੇਸ਼ਨ' (ਡਬਲਿਊ.ਟੀ.ਸੀ.) ਵੱਲੋਂ ਹਰ ਸਾਲ ਦੁਨੀਆਂ ਦੇ ਵੱਖ-ਵੱਖ ਦੇਸ਼ਾਂ ਵਿੱਚ ਕਰਵਾਇਆ ਜਾਂਦਾ ਹੈ। ਇਸ ਤਿੰਨ-ਪੜਾਵੀ ਮੁਕਾਬਲੇ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਸੱਭ ਤੋਂ ਪਹਿਲਾਂ 2.4 ਮੀਲ (3.9 ਕਿਲੋਮੀਟਰ) ਤੈਰਨਾ ਹੁੰਦਾ ਹੈ, ਫਿਰ ਦੂਸਰੇ ਪੜਾਅ ਵਿੱਚ 112 ਮੀਲ (180.2ਕਿਲੋਮੀਟਰ) ਬਾਈਸਾਈਕਲ ਚਲਾਉਣਾ ਹੁੰਦਾ ਹੈ ਅਤੇ ਤੀਸਰੇ ਅਖ਼ੀਰਲੇ ਪੜਾਅ ਵਿੱਚ 26.2 ਮੀਲ (42.2ਕਿਲੋਮੀਟਰ), ਭਾਵ 'ਫੁੱਲ-ਮੈਰਾਥਨ' ਜਿੰਨਾ ਦੌੜਨਾ ਹੁੰਦਾ ਹੈ। ਇਸ ਮੁਕਾਬਲੇ ਦੇ ਤਿੰਨੇ ਪੜਾਅ ਹੀ ਆਪਣੇ ਆਪ 'ਚ ਕਾਫ਼ੀ ਮੁਸ਼ਕਲ ਹਨ ਅਤੇ ਇਹ ਨਿਰਧਾਰਤ ਸਮੇਂ 16 ਤੋਂ 17 ਘੰਟਿਆਂ ਦੇ ਵਿੱਚ-ਵਿੱਚ ਪਾਰ ਕਰਨੇ ਹੁੰਦੇ ਹਨ। ਇਹ ਮੁਕਾਬਲਾ ਅਸਲ ਵਿੱਚ ਤਾਂ ਸੋਲਾਂ ਘੰਟਿਆਂ ਵਿੱਚ ਹੀ ਪੂਰਾ ਕਰਨਾ ਹੁੰਦਾ ਹੈ। ਸਤਾਰ੍ਹਵਾਂ ਘੰਟਾ ਤਾਂ ਇਨ੍ਹਾਂ ਮੁਕਾਬਲੇਬਾਜ਼ਾਂ ਨੂੰ ਆਪਣੇ ਗਿੱਲੇ ਸਵਿੰਮਿੰਗ-ਸੂਟ ਬਦਲਣ ਅਤੇ ਉਸ ਜਗ੍ਹਾ ਤੋ ਥੋੜ੍ਹੀ ਦੂਰੀ 'ਤੇ ਚੈੱਸਟ ਨੰਬਰ (ਬਿਬ ਨੰਬਰ) ਅਨੁਸਾਰ ਪਾਰਕਿੰਗ ਵਿੱਚ ਖ਼ਾਸ ਤਰਤੀਬ ਵਿੱਚ ਲਗਾਏ ਗਏ ਆਪੋ-ਆਪਣੇ ਸਾਈਕਲ ਲੈਣ ਅਤੇ ਸਾਈਕਲਿੰਗ ਦਾ ਦੌਰ ਸਮਾਪਤ ਹੋਣ ਤੋਂ ਬਾਅਦ ਮੁੜ ਉੱਥੇ ਹੀ ਪਾਰਕ ਕਰਨ ਲਈ ਦਿੱਤਾ ਜਾਂਦਾ ਹੈ। ਤੈਰਨ ਵਾਲਾ ਪਹਿਲਾ ਪੜਾਅ 2 ਘੰਟੇ 20 ਮਿੰਟ ਵਿਚ ਪੂਰਾ ਕਰਨਾ ਪੈਂਦਾ ਹੈ ਅਤੇ ਇਸ ਨੂੰ ਇਸ ਸਮੇਂ ਵਿੱਚ ਪੂਰਾ ਕਰਨ ਵਾਲੇ ਮੁਕਾਬਲੇਬਾਜ਼ ਹੀ ਬਾਈਸਾਈਕਲ ਚਲਾਉਣ ਵਾਲੇ ਦੂਸਰੇ ਪੜਾਅ ਵਿੱਚ ਦਾਖ਼ਲ ਹੋ ਸਕਦੇ ਹਨ। ਏਸੇ ਤਰ੍ਹਾਂ ਇਹ ਦੂਸਰਾ ਦੌਰ 10 ਘੰਟੇ ਤੋਂ 10 ਮਿੰਟ 30 ਮਿੰਟਾਂ ਵਿਚਕਾਰ ਪੂਰਾ ਕਰਨ ਵਾਲੇ ਹੀ ਮੈਰਾਥਨ ਦੌੜ ਵਾਲੇ ਤੀਸਰੇ ਪੜਾਅ ਵਿੱਚ ਦਾਖ਼ਲ ਹੋ ਸਕਦੇ ਹਨ।

ਵੇਖਿਆ ਜਾਏ ਤਾਂ ਇਸ ਮੁਕਾਬਲੇ ਇਹ ਤਿੰਨੇ ਪੜਾਅ ਹੀ ਕਿੰਨੇ ਕਠਨ ਹਨ ਅਤੇ ਆਮ ਮਨੁੱਖ ਤਾਂ ਇਨ੍ਹਾਂ ਬਾਰੇ ਸੋਚ ਵੀ ਨਹੀਂ ਸਕਦਾ ਪਰ ਬਰੈਂਪਟਨ ਦੇ ਵਸਨੀਕ 64 ਸਾਲਾ ਨੌਜੁਆਨ ਹਰਜੀਤ ਸਿੰਘ ਉਰਫ਼ 'ਹੈਰੀ' ਨੇ ਇਹ ਤਿੰਨੇ ਹੀ ਪੜਾਅ 16 ਘੰਟਿਆਂ ਦੇ ਨਿਰਧਾਰਤ ਸਮੇਂ ਵਿਚ ਪਾਰ ਕਰ ਲਏ। ਹਰਜੀਤ ਸਿੰਘ 'ਹੈਰੀ' ਨੂੰ ਇੱਥੇ 'ਨੌਜੁਆਨ' ਮੈਂ ਇਸ ਲਈ ਕਿਹਾ ਹੈ, ਕਿਉਂਕਿਉਸ ਦੇ ਵੱਲੋਂ ਇਹ ਸਖ਼ਤ ਮੁਕਾਬਲਾ ਜਿੱਤਣ ਦਾ 'ਕਾਰਨਾਮਾ' ਨੌਜੁਆਨਾਂ ਨਾਲੋਂ ਵੀ ਵੱਧ ਹੈ। ਇਸ ਤੋਂ ਪਹਿਲਾਂ ਪਿਛਲੇ ਸਾਲ 2023 ਵਿਚ ਉਸ ਨੇ ਜਨੀਵਾ (ਨਿਊਯਾਰਕ) ਵਿਖੇ ਹੋਏ 'ਹਾਫ਼ ਆਇਰਨਮੈਨ ਮੁਕਾਬਲੇ' ਵਿਚ ਭਾਗ ਲੈ ਕੇ "ਹਾਫ਼ ਆਇਰਨਮੈਨ", ਭਾਵ "ਅੱਧਾ ਲੋਹ-ਪੁਰਸ਼" ਦਾ ਖ਼ਿਤਾਬ ਹਾਸਲ ਕੀਤਾ ਸੀ ਅਤੇ ਹੁਣ ਇਸ ਸਾਲ ਇਹ ਮੁਕਾਬਲਾ ਜਿੱਤ ਕੇ ਉਹ ਇਸ ਈਵੈਂਟ ਦੇ ਪ੍ਰਬੰਧਕਾਂ ਵੱਲੋਂ "ਪੂਰਨ ਲੋਹ-ਪੁਰਸ਼" ਕਰਾਰ ਦਿੱਤਾ ਗਿਆ ਹੈ। ਪਾਠਕਾਂ ਦੀ ਜਾਣਕਾਰੀ ਲਈ ਦੱਸਿਆ ਜਾਂਦਾ ਹੈ ਕਿ 'ਹਾਫ਼ ਆਇਰਨਮੈਨ' ਮੁਕਾਬਲੇ ਵਿਚ ਇਹ ਤਿੰਨੇ ਈਵੈਂਟ ਇਸ ਤੋਂ 'ਅੱਧੇ' ਹੁੰਦੇ ਹਨ, ਭਾਵ ਇਸ ਮੁਕਾਬਲੇ ਵਿੱਚ ਉਨ੍ਹਾਂ ਨੇ 1.2 ਮੀਲ ਤੈਰਾਕੀ ਤੋਂ ਬਾਅਦ 56 ਮੀਲ ਸਾਈਕਲਿੰਗ ਕਰਨੀ ਹੁੰਦੀ ਹੈ ਅਤੇ ਫਿਰ 13.1 ਮੀਲ ਦੌੜਨਾ ਹੁੰਦਾ ਹੈ।

ਇਹ ਈਵੈਂਟ ਕਰਵਾਉਣ ਵਾਲੇ ਮੁੱਢਲੇ ਪ੍ਰਬੰਧਕਾਂ ਵੱਲੋਂ ਇਨ੍ਹਾਂ ਦੋਹਾਂ ਮੁਕਾਬਲਿਆਂ ਵਿੱਚ ਆਉਂਦਾ'ਆਇਰਨਮੈਨ' ਸ਼ਬਦ ਵੀ ਬੜਾ ਸੋਚ-ਵਿਚਾਰ ਕੇ ਰੱਖਿਆ ਗਿਆ ਹੋਵੇਗਾ, ਕਿਉਂਕਿ ਇਨ੍ਹਾਂ ਵਿੱਚ ਹਿੱਸਾ ਲੈਣ ਲਈ ਮੁਕਾਬਲੇ-ਬਾਜ਼ਾਂ ਨੂੰ ਆਪਣੇ ਸਰੀਰ ਨੂੰ ਲੋਹੇ ਵਰਗਾ ਸਖ਼ਤ ਬਨਾਉਣਾ ਪੈਂਦਾ ਹੈ। ਇਸ ਕਠਨ ਮੁਕਾਬਲੇ ਨੂੰ ਆਯੋਜਿਤ ਕਰਨ ਦਾ ਵਿਚਾਰ 1977 ਵਿੱਚ "ਓ' ਆਹੂ ਪੈਰੀਮੀਟਰ ਰੀਲੇਅ" ਦੇ ਇਨਾਮ-ਵੰਡ ਸਮਾਗ਼ਮ ਵਿਚ ਸਾਹਮਣੇ ਆਇਆ ਅਤੇ ਇਸ ਦਾ ਪਹਿਲਾ ਮੁਕਾਬਲਾ ਅਮਰੀਕਾ ਦੇ ਸ਼ਹਿਰ 'ਹਵਾਈ' ਵਿਖੇ 1978 ਵਿਚ ਕਰਵਾਇਆ ਗਿਆ। ਸ਼ੁਰੂ-ਸ਼ੁਰੂ ਵਿਚ ਇਸ ਮੁਕਾਬਲੇ ਵਿਚ ਤੈਰਾਕੀ ਅਤੇ ਸਾਈਕਲਿੰਗ ਦੇ ਦੋ ਹੀ ਈਵੈਂਟ ਰੱਖੇ ਗਏ ਸਨ ਅਤੇ ਉਨ੍ਹਾਂ ਵਿੱਚ ਜ਼ਿਆਦਾਤਰ ਸਾਈਕਲਿਸਟ ਹੀ ਇਸ ਵਿਚ ਹਿੱਸਾ ਲੈਂਦੇ ਸਨ। 1981 ਵਿਚ ਪ੍ਰਬੰਧਕਾਂ ਵੱਲੋਂ ਇਸ ਮੁਕਾਬਲੇ ਵਿਚ ਲੰਮੀ ਦੌੜ ਨੂੰ ਵੀਸ਼ਾਮਲ ਕਰ ਲਿਆ ਗਿਆ ਅਤੇ ਫਿਰ ਲੰਮੀ ਦੌੜ ਦੇ ਦੌੜਾਕਾਂ ਨੇ ਵੀ ਇਸ ਵਿਚ ਭਾਗ ਲੈਣਾ ਆਰੰਭ ਕਰ ਦਿੱਤਾ।

ਆਓ, ਇਸ ਸਖ਼ਤ ਮੁਕਾਬਲੇਦੇ ਜੇਤੂ ਨੌਜੁਆਨ ਹਰਜੀਤ ਸਿੰਘ ਵੱਲੋਂ ਇਸ ਵਿਚ ਭਾਗ ਲੈਣ ਬਾਰੇ ਅਤੇ ਉਸ ਦੇ ਆਪਣੇ ਬਾਰੇ ਕੁੱਝ ਹੋਰ ਵੀ ਜਾਨਣ ਦੀ ਕੋਸ਼ਿਸ਼ ਕਰਦੇ ਹਾਂ। ਹਰਜੀਤ ਸਿੰਘ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਦੇ ਕਸਬੇ ਬੱਸੀ ਪਠਾਣਾਂ ਦਾ ਜੰਮ-ਪਲ ਹੈ। ਉਸ ਦੇ ਪੁਰਖ਼ੇ ਲਾਇਲਪੁਰ ਜ਼ਿਲ੍ਹੇ ਦੀ ਤਹਿਸੀਲ ਜੜ੍ਹਾਂਵਾਲਾ ਦੇ ਪਿੰਡ ਚੱਕ ਨੰਬਰ 34 ਦੇ ਵਸਨੀਕ ਸਨ ਜਿਨ੍ਹਾਂ ਨੂੰ 1947 ਦੀ ਭਾਰਤ- ਪਾਕਿਸਤਾਨ ਦੀ ਦਰਦਨਾਕ 'ਵੰਡ' ਤੋਂ ਬਾਅਦ ਬੱਸੀ ਪਠਾਣਾਂ ਆ ਕੇ ਮੁਕਾਮ ਕਰਨਾ ਪਿਆ। ਹਰਜੀਤ ਸਿੰਘ ਦਾ ਜਨਮ ਇੱਥੇ 23 ਫ਼ਰਵਰੀ 1960 ਨੂੰ ਹੋਇਆ। ਉਸ ਦੇ ਪਿਤਾ ਜੀ ਦਾ ਨਾਂ ਸ. ਰਣਜੀਤ ਸਿੰਘ ਤੇ ਮਾਤਾ ਜੀ ਦਾ ਸਰਦਾਰਨੀ ਹਰਮੀਤ ਕੌਰ ਹੈ। ਦਸਵੀਂ ਤੱਕ ਪੜ੍ਹਾਈ ਉਸ ਨੇ ਬੱਸੀ ਪਠਾਣਾਂ ਦੇ ਸਰਕਾਰੀ ਹਾਈ ਸਕੂਲ ਤੋਂ ਕੀਤੀ ਅਤੇ ਬੀ.ਏ. ਮਾਤਾ ਗੁਜਰੀ ਕਾਲਜ ਫਤਿਹਗੜ੍ਹ ਸਾਹਿਬ ਤੋਂ ਕੀਤੀ। ਐੱਮ.ਏ. ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਲਿੰਗੂਇਸਟਿਕਸ ਵਿਸ਼ੇ ਵਿਚ ਕੀਤੀ। ਦੋ ਸਾਲ ਭੋਪਾਲ (ਮੱਧ ਪ੍ਰਦੇਸ਼) ਵਿਚ ਐੱਲ.ਐੱਲ.ਬੀ. ਵਿੱਚ ਵੀ ਲਾਏ ਅਤੇ ਤੀਸਰੇ ਸਾਲ ਵਕਾਲਤ ਦਾ ਇਹ ਡਿਗਰੀ ਕੋਰਸ ਵਿਚਾਲੇ ਹੀ ਛੱਡ ਕੇ ਵਿਆਹ ਕਰਵਾ ਕੇ ਉਹ ਕੈਨੇਡਾ ਦੇ ਸ਼ਹਿਰ ਬਰੈਂਪਟਨ ਆ ਗਿਆ।

ਕੈਨੇਡਾ ਆ ਕੇਉਸ ਨੇ ਆਪਣਾ ਅਗਲੇਰਾ ਜੀਵਨ ਟੈਕਸੀ-ਡਰਾਈਵਿੰਗ ਤੋਂ ਆਰੰਭ ਕੀਤਾ। ਬਰੈਂਪਟਨ ਵਿੱਚ ਤਿੰਨ ਕੁ ਸਾਲ ਟੈਕਸੀ ਚਲਾਉਣ ਤੋਂ ਬਾਅਦ ਟਰੱਕ ਡਰਾਈਵਰ ਬਣਕੇ ਅਮਰੀਕਾ ਤੇ ਮੈਕਸੀਕੋ ਦੇ ਵੱਖ-ਵੱਖ ਸ਼ਹਿਰਾਂ ਦੇ ਲੰਮੇਂ ਗੇੜੇ ਲਾਏ। ਟਰੱਕ-ਡਰੀਵਰੀ ਕਰਦਿਆਂ ਉਸਦਾ ਭਾਰ ਜਦੋਂ ਸਵਾ ਕਵਿੰਟਲ ਤੋਂ ਉੱਪਰ ਜਾ ਪਹੁੰਚਾ ਤਾਂ ਇਸ ਨੂੰ ਘੱਟ ਕਰਨ ਦੇ ਉਦੇਸ਼ ਨਾਲ ਟਰੱਕ-ਡਰਾਈਵਰੀ ਛੱਡ ਕੇ 1995 ਵਿੱਚ 'ਏਅਰਪੋਰਟ ਟੈਕਸੀ' ਵਿੱਚ ਡਰਾਈਵਰ ਬਣ ਗਿਆ ਅਤੇ ਨੇਮ ਨਾਲ ਜਿੰਮ ਜਾਣ ਲੱਗਾ। ਅੱਠਾਂ-ਨੌਆਂ ਮਹੀਨਿਆਂ ਵਿਚ ਹੀ ਉਸਨੇ ਆਪਣੇ ਭਾਰ ਨੂੰ 'ਨਾਰਮਲ' ਕਰ ਲਿਆ, ਕਿਉਂਕਿ ਪੰਜਾਬ ਵਿਚ ਸਕੂਲ, ਕਾਲਜ ਤੇ ਯੂਨੀਵਰਸਿਟੀ ਪੜ੍ਹਦਿਆਂ ਉਹ ਹਾਕੀ, ਫੁੱਟਬਾਲ ਤੇ ਹੈਂਡਬਾਲ ਖੇਡਦਾ ਰਿਹਾ ਸੀ ਤੇ ਉਸ ਨੂੰ ਪਤਾ ਸੀ ਕਿ ਵਧੇ ਹੋਏ ਆਪਣੇ ਇਸ ਭਾਰ ਨੂੰ ਘੱਟ ਕਿਵੇਂ ਕੀਤਾ ਜਾ ਸਕਦਾ ਹੈ। ਫਿਰ ਕੀ ਸੀ, ਦੌੜਨਾ, ਭੱਜਣਾ ਤੇ ਜਿੰਮ ਜਾਣਾ ਉਸਦੀ ਪੱਕੀ ਰੁਟੀਨ ਬਣ ਗਈ।



ਡਾ. ਸੁਖਦੇਵ ਸਿੰਘ ਝੰਡ
ਫ਼ੋਨ: 647-567-9128

ਇਸ ਦੌਰਾਨ 2011-12 ਵਿਚ ਉਸ ਦਾ ਮੇਲ਼ ਸੰਧੂਰਾ ਸਿੰਘ ਬਰਾੜ ਨਾਲ ਹੋਇਆ ਜੋ ਆਪਣੇ ਕੁਝ ਸਾਥੀਆਂ ਨਾਲ ਹਰ ਸਾਲ ਟੋਰਾਂਟੋ ਦੇ ਅਸਮਾਨ ਛੋਂਹਦੇ 'ਸੀ.ਐੱਨ.ਟਾਵਰ' ਦੀਆਂ 1776 ਪੌੜੀਆਂ ਚੜ੍ਹਨ ਦੇ ਈਵੈਂਟ ਵਿਚ ਸ਼ਾਮਲ ਹੁੰਦਾ ਸੀ। ਉਨ੍ਹਾਂ ਦੀ ਪ੍ਰੇਰਨਾ ਨਾਲ ਉਸ ਨੇ 2012 ਤੇ 2013 ਵਿਚ ਦੋ ਵਾਰ ਇਹ ਪੌੜੀਆਂ ਚੜ੍ਹੀਆਂ। ਸੰਧੂਰਾ ਸਿੰਘ ਬਰਾੜ ਦੀ ਅਗਵਾਈ ਵਿੱਚ ਬਰੈਂਪਟਨ ਵਿੱਚ ਸਰਗ਼ਰਮ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' (ਟੀਪੀਏਆਰ ਕਲੱਬ) ਨਾਲ ਹਰਜੀਤ ਸਿੰਘ 2013 ਵਿੱਚ ਜੁੜਿਆ। 2014 ਵਿਚ ਇਸ ਕਲੱਬ ਦੇ ਮੈਂਬਰਾਂ ਨਾਲ 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਡੇਸ਼ਨ' ਵੱਲੋਂ ਕਰਵਾਈ ਜਾ ਰਹੀ 'ਇੰਸਪੀਰੇਸ਼ਨਲ ਸਟੈੱਪਸ ਦੌੜ' ਵਿਚ ਹਾਫ਼-ਮੈਰਾਥਨ ਵਿਚ ਹਿੱਸਾ ਲੈਣ ਦਾ ਪ੍ਰੋਗਰਾਮ ਸੀ ਜਿਸ ਦੇ ਲਈ ਸਵੇਰੇ ਤੜਕੇ ਤਿੰਨ ਵਜੇ ਡਿਕਸੀ ਗੁਰੂਘਰ ਤੋਂ ਹੋਰ ਸਾਥੀਆਂ ਦੇ ਨਾਲ ਸਕੂਲ ਬੱਸ ਵਿਚ ਸਵਾਰ ਹੋ ਕੇ ਵੈੱਸਟਨ ਗੁਰਦੁਆਰਾ ਸਾਹਿਬ ਵਿਖੇ ਪਹੁੰਚਣਾ ਸੀ, ਜਦ ਕਿ ਫੁੱਲ-ਮੈਰਾਥਨ ਵਿਚ ਹਿੱਸਾ ਲੈਣ ਵਾਲਿਆਂ ਨੇ ਉਸ ਤੋਂ ਬਾਅਦ ਵਿਚ ਉੱਥੋਂ ਇੱਕ ਵੈਨ ਵਿੱਚ ਜਾਣਾ ਸੀ। ਬੱਸ ਵਿਚ ਜਾਣ ਦੀ ਬਜਾਏ ਹਰਜੀਤ ਸਿੰਘ ਵੈਨ ਵਿਚ ਸਵਾਰ ਹੋ ਗਿਆ ਅਤੇ ਉਸ ਵਿਚ ਬੈਠੇ ਮੈਰਾਥਨ ਦੌੜਾਕਾਂ ਦੇ ਨਾਲ ਹਾਫ਼-ਮੈਰਾਥਨ ਦੀ ਥਾਂ ਉਸ ਨੇ 'ਫੁੱਲ-ਮੈਰਾਥਨ' ਹੀ ਲਾ ਲਈ।

2020 ਵਿਚ 'ਕੋਵਿਡ-19' ਮਹਾਂਮਾਰੀ ਸ਼ੁਰੂ ਹੋਣ ਤੋਂ ਪਹਿਲਾਂ ਉਸਨੇ ਤਿੰਨ 'ਇੰਸਪੀਰੇਸ਼ਨਲ ਸਟੈਪਸ ਮੈਰਾਥਨਾਂ' ਲਾਈਆਂ ਅਤੇ ਇੱਕ 'ਟੋਰਾਂਟੋ ਮੈਰਾਥਨ'ਵੀ ਲਗਾਈ। ਛੇ ਹਾਫ਼-ਮੈਰਾਥਨਾਂ ਵਿਚ ਭਾਗ ਲਿਆ ਜਿਨ੍ਹਾਂ ਵਿੱਚ 'ਟੋਰਾਂਟੋ ਸਕੋਸ਼ੀਆਬੈਂਕ ਵਾਟਰਫਰੰਟ ਮੈਰਾਥਨ' ਵਿੱਚ ਚਾਰ ਵਾਰ ਅਤੇ 'ਬਰਲਿੰਗਟਨ ਚਿੱਲੀ ਮੈਰਾਥਨ' ਵਿੱਚ ਦੋ ਵਾਰ ਜਾਣਾ ਸ਼ਾਮਲ ਹੈ। ਇਨ੍ਹਾਂ ਤੋਂ ਇਲਾਵਾ ਉਸ ਨੇ ਹੈਮਿਲਟਨ ਸ਼ਹਿਰ ਵਿੱਚ ਹੋਣ ਵਾਲੀ ਮਸ਼ਹੂਰ 30 ਕਿਲੋਮੀਟਰ ਦੌੜ 'ਹੈਮਿਲਟਨ ਮੈਰਾਥਨ' ਵਿਚ ਵੀ ਇਕ ਵਾਰ ਹਿੱਸਾ ਲਿਆ। ਪੰਜ ਤੇ 10 ਕਿਲੋਮੀਟਰ ਦੌੜਾਂ ਵਿਚ ਸ਼ਾਮਲ ਹੋਣ ਬਾਰੇ ਉਸ ਨੂੰ ਯਾਦ ਨਹੀਂ ਹੈ ਕਿ ਇਹ ਕਿੰਨੀਆਂ ਕੁ ਲੱਗ ਗਈਆਂ ਹੋਣਗੀਆਂ। ਇੱਥੇ ਇਹ ਵੀ ਦੱਸਣਾ ਬਣਦਾ ਹੈ ਕਿ 2018 ਵਿਚ ਬਰੈਂਪਟਨ ਦੇ 'ਸਕੁਏਟਰ ਗਰੁੱਪ' ਨਾਲ ਕਾਉਬਰਗ ਤੋਂ ਨਿਆਗਰਾ ਫ਼ਾਲ ਤੱਕ ਉਸਨੇ ਲੱਗਭੱਗ 300 ਕਿਲੋਮੀਟਰ 'ਰੀਲੇਅ ਰੇਸ' ਵੀ ਲਗਾਈ। ਦੌੜਾਂ ਵਿਚ ਭਾਗ ਲੈਣ ਦੇ ਨਾਲ਼ ਨਾਲ਼ ਹਰਜੀਤ ਸਿੰਘ ਦੇ ਮਨ ਵਿੱਚ ਕੁਝ ਵੱਖਰਾ ਕਰਨ ਦੀ ਇੱਛਾ ਸੀ ਅਤੇ ਇਸ ਦੇ ਲਈ ਉਸਨੇ 'ਹਾਫ਼-ਆਇਰਨਮੈਨ' ਮੁਕਾਬਲੇ ਵਿੱਚ ਭਾਗ ਲੈਣ ਲਈ ਸਾਈਕਲਿੰਗ ਦੀ ਪ੍ਰੈਕਟਿਸ ਸ਼ੁਰੂ ਕਰ ਦਿੱਤੀ। ਸਾਈਕਲਿੰਗ ਵਿੱਚ ਸਾਥ ਦੇਣ ਵਾਲੇ ਉਸ ਦੇ ਸਾਥੀ ਕੁਲਦੀਪ ਗਰੇਵਾਲ, ਜਗਤਾਰ ਗਰੇਵਾਲ, ਜਸਪਾਲ ਗਰੇਵਾਲ, ਸੰਧੂਰਾ ਬਰਾੜ, ਸੁਖਦੇਵ ਸਿੱਧਵਾਂ, ਕੇਸਰ ਬੜੈਚ ਅਤੇ 'ਟੋਰਾਂਟੋ ਟਰੱਕ ਸਕੂਲ' ਵਾਲੇ ਮਰਹੂਮ ਜੱਸੀ ਵੜੈਚ ਸਨ। ਹਰਜੀਤ ਅਤੇ ਕੁਲਦੀਪ ਗਰੇਵਾਲ ਤੋਂ ਬਿਨਾਂ ਬਾਕੀ ਦੇ ਸਾਰੇ 'ਸ਼ੁਗਲੀਏ ਸਾਈਕਲਿਸਟ' ਹੀ ਸਨ ਪਰ ਉਨ੍ਹਾਂ ਸਾਰਿਆਂ ਨੇ ਕੈਲੇਡਨ ਟਰੇਲ ਤੋਂ ਲੈ ਕੇ ਨਿਆਗਰਾ ਫ਼ਾਲ, ਮਿਸੀਸਾਗਾ ਤੋਂ ਗੁਅੱਲਫ਼ ਅਤੇ ਹੈਮਿਲਟਨ ਤੋਂ ਫੋਰਟ ਡੌਵਰ ਤੱਕ ਦੇ ਸਾਈਕਲਿੰਗ ਦੇ ਲੰਮੇਂ-ਲੰਮੇਂ ਰੂਟਾਂ ਤੱਕ ਉਨ੍ਹਾਂ ਦੋਹਾਂ ਦਾ ਪੂਰਾ ਸਾਥ ਦਿੱਤਾ। ਸਾਈਕਲਿੰਗ ਦੀ ਪ੍ਰੈਕਟਿਸ ਅਤੇ ਹਾਫ਼-ਆਇਰਨਮੈਨ ਮੁਕਾਬਲੇ ਦੀ ਤਿਆਰੀ ਲਈ ਹਰਜੀਤ ਸਿੰਘ ਤੇ ਕੁਲਦੀਪ ਗਰੇਵਾਲ ਨੂੰ ਕਰਮਜੀਤ ਸਿੰਘ ਕੋਚ ਨੇ ਵਧੀਆ ਗਾਈਡ ਕੀਤਾ ਅਤੇ ਇਸ ਦੇ ਲਈ ਉਸਨੇ 'ਪ੍ਰੋਫ਼ੈਸ਼ਨਲ ਟ੍ਰਾਇਥਲਨ ਕੋਚ' ਵੀ ਲੱਭ ਕੇ ਦਿੱਤਾ। ਦੋਹਾਂ ਨੇ ਇਸ ਮੁਕਾਬਲੇ ਦੀ ਤਿਆਰੀ ਆਰੰਭ ਲਈ ਅਤੇ 2022 ਦੇ ਮੁਕਾਬਲੇ ਲਈ ਆਪਣੇ ਨਾਂ ਰਜਿਸਟਰ ਕਰਵਾ ਲਏ ਪਰ ਅਚਾਨਕ ਉਸਦਾ ਇੱਕ ਐਕਸੀਡੈਂਟ ਹੋ ਜਾਣ ਕਾਰਨ ਹਰਜੀਤ ਸਿੰਘ ਉਸ ਸਾਲ ਇਸ ਮੁਕਾਬਲੇ ਵਿਚ ਸ਼ਾਮਲ ਨਾ ਹੋ ਸਕਿਆ। ਉਸ ਨੇ 2023 ਵਿੱਚ ਅਮਰੀਕਾ ਦੇ ਸ਼ਹਿਰ 'ਜਨੀਵਾ' (ਨਿਊਯਾਰਕ ਦੇ ਨੇੜੇ) ਵਿਚ ਸਫ਼ਲਤਾ ਪੂਰਵਕ 'ਹਾਫ਼-ਆਇਰਨਮੈਨ' ਦਾ ਖ਼ਿਤਾਬ ਹਾਸਲ ਕੀਤਾ। 2024 ਵਿੱਚ ਉਸ ਨੇ 'ਫੁੱਲ ਆਇਰਨਮੈਨ ਮੁਕਾਬਲੇ' ਦੀ ਤਿਆਰੀ ਆਰੰਭ ਲਈ ਅਤੇ ਸਖ਼ਤ ਮਿਹਨਤ ਕਰਕੇ ਅਮਰੀਕਾ ਸ਼ਹਿਰ ਸੈਕਰਾਮੈਂਟੋ ਵਿਚ 23 ਅਕਤੂਬਰ ਨੂੰ ਇਸ ਮੁਕਾਬਲੇ ਵਿਚ ਭਾਗ ਲੈ ਕੇ 'ਫੁੱਲ ਆਇਰਨਮੈਨ' ਬਣਨ ਦੇ ਆਪਣੇ ਨਿਸ਼ਾਨੇ ਦੀ ਪੂਰਤੀ ਕੀਤੀ।

ਇਸ ਆਰਟੀਕਲ ਦੇ ਲੇਖਕ ਨਾਲ ਗੱਲਬਾਤ ਕਰਦੇ ਹੋਏ ਹਰਜੀਤ ਸਿੰਘ ਨੇ ਦੱਸਿਆ ਕਿ ਇਸ ਮੁਕਾਬਲੇ ਵਿਚ ਉਸ ਨੂੰ ਕਈ ਨਵੀਆਂ ਗੱਲਾਂ ਦਾ ਪਤਾ ਚੱਲਿਆ ਹੈ, ਜਿਵੇਂ ਕਿ ਇਸ ਵਿਚ ਸਾਈਕਲਿੰਗ ਈਵੈਂਟ ਲਈ ਚੰਗੇ ਸਟੈਂਡਰਡ ਦੇ ਵਧੀਆ ਸਾਈਕਲ ਦੀ ਲੋੜ ਹੈ। ਉਸਦਾ ਕਹਿਣਾ ਸੀ ਕਿ ਉਸਦੇ ਕੋਲ 500 ਡਾਲਰ ਵਾਲਾ ਸਧਾਰਨ ਜਿਹਾ ਬਾਈਸਾਈਕਲ ਹੀ ਸੀ ਜਦ ਕਿ ਇਸ ਮੁਕਾਬਲੇ ਵਿਚ ਹਿੱਸਾ ਲੈਣ ਵਾਲਿਆਂ ਕੋਲ ਬੜੇ ਵਧੀਆ ਕਿਸਮ ਦੇ 'ਰੇਸਰ-ਬਾਈਸਾਈਕਲ' ਸਨ ਜਿਨ੍ਹਾਂ ਦੀ ਕੀਮਤ ਮਾਰਕੀਟ ਵਿੱਚ 3000 ਡਾਲਰ ਤੋਂ ਲੈ ਕੇ ਦਸ/ਪੰਦਰਾਂ ਹਜ਼ਾਰ ਡਾਲਰ ਤੱਕ ਹੈ। ਇਹ ਕੀਮਤੀ ਬਾਈਸਾਈਕਲ ਕਈ ਕਈ ਗੇਅਰਾਂ ਵਾਲੇ ਹਨ ਅਤੇ ਉਨ੍ਹਾਂ ਦੇ ਇਹ ਗੇਅਰ ਚੱਲਦਿਆਂ-ਚੱਲਦਿਆਂ ਹੀ ਬੜੇ ਆਸਾਨੀ ਨਾਲ ਬਦਲੇ ਜਾ ਸਕਦੇ ਹਨ। ਹਰਜੀਤ ਸਿੰਘ ਨੇ ਹੋਰ ਦੱਸਿਆ ਕਿ ਇਸ ਤੋਂ ਪਹਿਲਾਂ ਉਸਦੇ ਸਾਈਕਲ ਦਾ ਇੱਕ ਰਿਫਲੈੱਕਟਰ ਕਿਧਰੇ ਡਿੱਗ ਗਿਆ ਅਤੇ ਉਹ ਇਹ ਨਵਾਂ ਲਗਵਾਉਣਾ ਚਾਹੁੰਦਾ ਸੀ। ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਥੀਆਂ ਨੇ ਉਸ ਨੂੰ ਬਚਿਆ ਹੋਇਆ ਉਹ ਇੱਕ ਰਿਫ਼ਲੈੱਕਰ, ਘੰਟੀ ਤੇ ਇੱਕ ਦੋ ਹੋਰ ਵਾਧੂ 'ਪੁਰਜ਼ੇ' ਲਾਹ ਦੇਣ ਦਾ ਮਸ਼ਵਰਾ ਦਿੱਤਾ, ਕਿਉਂਕਿ ਉਨ੍ਹਾਂ ਅਨੁਸਾਰ ਇਨ੍ਹਾਂ ਦਾ ਭਾਰ ਡੇਢ-ਦੋ ਪੌਂਡ ਤਾਂ ਜ਼ਰੂਰ ਹੋਵੇਗਾ ਜੋ ਉਸ ਨੂੰ 180 ਕਿਲੋਮੀਟਰ ਨਾਲ ਲੈ ਕੇ ਚੱਲਣਾ ਪੈਣਾ ਸੀ। ਇਸ ਤਰ੍ਹਾਂ ਸਾਈਕਲ ਦੇ ਇਹ ਸਾਰੇ ਵਾਧੂ ਪੁਰਜ਼ੇ ਉਤਾਰ ਦਿੱਤੇ ਗਏ। ਇਸ ਦੇ ਨਾਲ ਹੀ ਉਸ ਨੇ ਇਹ ਵੀ ਦੱਸਿਆ ਕਿ ਉਸ ਦੇ ਸਿਰ 'ਤੇ 13 ਡਾਲਰਾਂ ਵਾਲੀ ਟੋਪੀ ਸਾਹਮਣਿਉਂ ਪੈਂਦੀ ਹਵਾ ਨਾਲ ਉੱਡਣ-ਉੱਡਣ ਕਰਦੀ ਸੀ ਜਿਸ ਨੂੰ ਕਈ ਵਾਰ ਇੱਕ ਹੱਥ ਨਾਲ ਫੜ੍ਹਨਾ ਪੈਂਦਾ ਸੀ। ਬਾਕੀ ਪ੍ਰੋਫ਼ੈਸ਼ਨਲਾਂ ਨੇ ਬੜੀਆਂ ਵਧੀਆ ਟੋਪੀਆਂ ਪਹਿਨੀਆਂ ਹੋਈਆਂ ਜਿਨ੍ਹਾਂ ਦੇ ਹਵਾ ਨਾਲ ਉੱਡਣ ਦਾ ਕੋਈ ਖ਼ਤਰਾ ਨਹੀਂ ਸੀ। ਸਾਈਕਲਿੰਗ ਕਰਦੇ ਸਮੇਂ ਇਕ ਪਾਸੇ ਜਾਂਦਿਆਂ ਸਾਹਮਣੇ ਪਾਸਿਉਂ ਹਵਾ ਸਿੱਧੀ ਪੈਂਦੀ ਸੀ ਅਤੇ ਉੱਥੇ ਬਹੁਤ ਜ਼ੋਰ ਲੱਗਦਾ ਸੀ। ਸਾਈਕਲਿੰਗ ਵਾਲਾ ਦੂਸਰਾ ਪੜਾਅ ਪੂਰਾ ਕਰਨ ਤੋਂ ਬਾਅਦ ਇੱਕ ਵਾਰ ਤਾਂ ਉਸ ਨੂੰ ਲੱਗਿਆ ਕਿ ਉਸਦੇ ਕੋਲੋਂ ਅੱਗੋਂ 42 ਕਿਲੋਮੀਟਰ ਦੌੜਿਆ ਨਹੀਂ ਜਾ ਸਕੇਗਾ ਅਤੇ ਇਹ ਮੁਕਾਬਲਾ ਵਿਚਾਲੇ ਹੀ ਛੱਡਣ ਦਾ ਖ਼ਿਆਲ ਵੀ ਉਸਦੇ ਮਨ ਵਿੱਚ ਆਇਆ ਪਰ ਫਿਰ ਹੋਰ ਦੌੜਾਕਾਂ ਨੂੰ ਦੌੜਦਿਆਂ ਵੇਖ ਕੇ ਇਹ ਸੋਚਦਿਆਂ ਹੌਸਲਾ ਫੜ੍ਹ ਲਿਆ, "ਮਨਾਂ ਦੋ ਵੱਡੇ 'ਮਰਹਲੇ' ਤਾਂ 10 ਘੰਟਿਆਂ ਵਿਚ ਪਾਰ ਕਰ ਲਏ ਆ, ਤੇ ਹੁਣ ਇਹ ਇੱਕ ਪੜਾਅ ਹੀ ਤਾਂ ਬਾਕੀ ਰਹਿ ਗਿਆ ਏ। ...ਤੇ ਮੇਰੇ ਕੋਲ ਅਜੇ ਛੇ ਘੰਟੇ ਬਾਕੀ ਪਏ ਆ, ਇਹ ਪੂਰਾ ਕਰਨ ਲਈ।" ਬੱਸ, ਇਹੋ ਸੋਚ ਕੇ ਫਿਰ ਦੌੜਨਾ ਸ਼ੁਰੂ ਕਰ ਦਿੱਤਾ।

ਅੱਧਾ ਕੁ ਪੈਂਡਾ (20-21 ਕਿਲੋਮੀਟਰ) ਮੁੱਕਿਆ ਹੋਵੇਗਾ ਕਿ ਦੌੜਦਿਆਂ-ਦੌੜਦਿਆਂ ਰਸਤੇ ਵਿਚ ਇੱਕ ਗੋਰਾ ਦੌੜਾਕ ਮਗਰੋਂ ਆ ਕੇ ਹਰਜੀਤ ਨੂੰ ਪੁੱਛਣ ਲੱਗਾ, "ਡੂ ਯੂ ਹੈਵ ਸਾਲਟ-ਪਿੱਲਜ਼ ਵਿੱਦ ਯੂ?" "ਯੈੱਸ" ਕਹਿੰਦਿਆਂ ਹਰਜੀਤ ਨੇ ਮਿਨਰਲਜ਼ ਵਾਲੀਆਂ 4-5 'ਸਾਲਟ-ਪਿੱਲਜ਼' (ਮਿਨਰਲਜ਼ ਗੋਲ਼ੀਆਂ) ਜਦੋਂ ਉਸ ਨੂੰ ਫੜਾਈਆਂ ਤਾਂ ਉਸ ਦਾ ਧੰਨਵਾਦ ਕਰਦਿਆਂ ਉਹ ਹਰਜੀਤ ਦੇ ਨਾਲ਼ ਨਾਲ਼ ਦੌੜਨ ਲੱਗਿਆ ਅਤੇ ਇੱਕ ਦੂਸਰੇ ਦੀ ਹੌਸਲਾ-ਅਫ਼ਜ਼ਾਈ ਕਰਦੇ ਹੋਏ ਉਹ ਦੋਵੇਂ 'ਫਿਨਿਸ਼-ਪੁਆਇੰਟ' 'ਤੇ ਪਹੁੰਚ ਗਏ। ਉੱਥੇ ਪਹੁੰਚਣ 'ਤੇ ਪ੍ਰਬੰਧਕਾਂ ਵੱਲੋਂ ਬੁਲੰਦ ਆਵਾਜ਼ ਵਿਚ ਵਾਰੀ-ਵਾਰੀ ਉਨ੍ਹਾਂ ਦਾ ਨਾਂ ਲੈ ਕੇ "ਯੂ ਆਰ ਆਇਰਨਮੈਨ" ਕਹਿ ਕੇ ਸੁਆਗ਼ਤ ਕੀਤਾ ਗਿਆ। ਹਰਜੀਤ ਸਿੰਘ ਦੇ ਦੱਸਣ ਅਨੁਸਾਰ ਇਹ ਉਨ੍ਹਾਂ ਦੋਹਾਂ ਲਈ ਬੜਾ ਹੀ ਰੌਚਕ ਨਜ਼ਾਰਾ ਸੀ ਜਿੱਥੇ ਉਨ੍ਹਾਂ ਨੂੰ ਇਸ ਮੁਕਾਬਲੇ ਦਾ ਆਪਣਾ ਨਿਸ਼ਾਨਾ ਪੂਰਾ ਹੋਇਆ ਸਾਹਮਣੇ ਨਜ਼ਰ ਆ ਰਿਹਾ ਸੀ। ਹਰਜੀਤ ਅਨੁਸਾਰ ਇਸ ਮੁਕਾਬਲੇ ਵਿਚ 3,000 ਤੋਂ 3,500 ਦੇ ਵਿਚਕਾਰ ਮੁਕਾਬਲੇ-ਬਾਜ਼ਾਂ ਨੇ ਹਿੱਸਾ ਲਿਆ ਅਤੇ ਉਨ੍ਹਾਂ ਵਿੱਚੋਂ 2000 ਦੇ ਲੱਗਭੱਗ ਇਸ ਵਿੱਚੋਂ ਜ਼ਰੂਰ ਸਫ਼ਲ ਹੋਏ ਹੋਣਗੇ। ਉਸ ਨੇ ਦੱਸਿਆ ਕਿ ਉਸ ਦੇ ਨਾਲ ਬਰੈਂਪਟਨ ਤੋਂ ਤਿੰਨ ਹੋਰ ਮੁਕਾਬਲੇਬਾਜ਼ ਜਗਰੂਪ ਬੱਲ, ਪ੍ਰਭਜਿੰਦਰ ਹੇਅਰ ਅਤੇ ਮਹਿਤਾਬ ਬੋਪਾਰਾਏ ਸਨ ਅਤੇ ਉਹ ਵੀ ਤਿੰਨੇ 'ਆਇਰਨਮੈਨ' ਦਾ ਖ਼ਿਤਾਬ ਲੈ ਕੇ ਆਏ ਹਨ। ਇਸ ਸ਼ਾਨਦਾਰ ਕਾਮਯਾਬੀ ਲਈ ਪਰਿਵਾਰ ਵੱਲੋਂ ਮਿਲੇ ਸਹਿਯੋਗ ਬਾਰੇ ਪੁੱਛਣ 'ਤੇ ਉਸ ਨੇ ਦੱਸਿਆ ਕਿ ਕਿ ਪਰਿਵਾਰਕ ਸਹਿਯੋਗ ਤੋਂ ਬਗ਼ੈਰ ਤਾਂ ਇਹ ਸੰਭਵ ਹੀ ਨਹੀਂ ਹੈ। ਪਰਿਵਾਰ ਦੇ ਸਾਰੇ ਮੈਂਬਰਾਂ ਵੱਲੋਂ ਉਸ ਨੂੰ ਹਰ ਕਿਸਮ ਦਾ ਸਹਿਯੋਗ ਮਿਲ ਰਿਹਾ ਹੈ ਅਤੇ ਇਸ ਮੁਕਾਬਲੇ ਲਈ ਵੀ ਉਸਦਾ ਬੇਟਾ ਰਾਜਪ੍ਰੀਤ ਸਿੰਘ ਉਸ ਦੇ ਨਾਲ ਸੈਕਰਾਮੈਂਟੋ ਗਿਆ ਸੀ। ਉਸਦੀ ਪਤਨੀ ਘਰ ਵਿਚ ਤਰ੍ਹਾਂ-ਤਰ੍ਹਾਂ ਦੇ ਖਾਣੇ ਤਿਆਰ ਕਰਕੇ ਪਰੋਸਦੀ ਹੈ। ਪਰਿਵਾਰ ਵਿਚ ਖੇਡਾਂ ਦੇ ਸ਼ੌਕ ਬਾਰੇ ਹਰਜੀਤ ਸਿੰਘ ਦਾ ਕਹਿਣਾ ਹੈ ਕਿ ਇਹ ਉਸ ਦੇ ਲਈ ਮਾਣ ਵਾਲੀ ਗੱਲ ਹੈ ਕਿ 1947 ਵਿਚ ਹੋਈ 'ਵੰਡ' ਤੋਂ ਬਾਅਦ ਪਰਿਵਾਰ ਦੇ ਪੰਜਾਬ ਵਿਚ ਆਉਣ ਦੇ ਸਮੇਂ ਤੋਂ ਲੈ ਕੇ 1970 ਤੱਕ ਉਨ੍ਹਾਂ ਦਾ 'ਸਾਂਝਾ ਪਰਿਵਾਰ' ਸੀ ਜਿਸ ਵਿਚ ਪਰਿਵਾਰ ਦੇ 60-70 ਮੈਂਬਰ ਸਨ ਅਤੇ ਉਨ੍ਹਾਂ ਵਿੱਚੋਂ ਅੱਧੇ, ਭਾਵ 30-40 ਆਪਣੇ ਸਮੇਂ ਚੰਗੇ ਖਿਡਾਰੀ ਰਹੇ ਹਨ ਜੋ ਸਕੂਲ, ਕਾਲਜ ਅਤੇ ਯੂਨੀਵਰਸਿਟੀ ਵਿੱਚ ਪੜ੍ਹਦੇ ਸਮੇਂਹਾਕੀ, ਫੁੱਟਬਾਲ, ਹੈਂਡਬਾਲ ਅਤੇ ਸ਼ੂਟਿੰਗ ਵਿੱਚ ਡਿਸਟ੍ਰਿਕਟ/ਇੰਟਰ-ਡਿਸਟ੍ਰਿਕਟ/ਇੰਟਰ-ਵਰਸਿਟੀਅਤੇ ਨੈਸ਼ਨਲ ਪੱਧਰ ਦੇ ਖਿਡਾਰੀ ਰਹੇ ਹਨ। ਖ਼ੁਰਾਕ ਬਾਰੇ ਪੁੱਛਣ 'ਤੇ ਹਰਜੀਤ ਸਿੰਘ ਨੇ ਦੱਸਿਆ ਕਿ ਉਹ ਘਰ ਦੀ ਬਣੀ ਹੋਈ ਸਾਦਾ ਖ਼ੁਰਾਕ ਖਾਂਦਾ ਹੈ ਜਿਸ ਵਿਚ ਸਬਜ਼ੀਆਂ, ਦਾਲਾਂ, ਚਾਵਲ, ਫ਼ੁਲਕੇ, ਆਦਿ ਸ਼ਾਮਲ ਹੁੰਦੇ ਹਨ। ਹਫ਼ਤੇ ਵਿਚ ਦੋ-ਤਿੰਨ ਵਾਰ ਉਹ ਚਿੱਕਨ, ਗੋਟ ਮੀਟ ਤੇ ਮੱਛੀ ਵੀ ਖਾਂਦਾ ਹੈ ਅਤੇ ਇਹ ਉਸ ਦੇ ਲਈ ਖਾਣਾ ਜ਼ਰੂਰੀ ਵੀ ਹੈਪਰਉਹ 'ਦਾਰੂ' ਦੇ ਨੇੜੇ ਨਹੀਂ ਜਾਂਦਾ। ਉਹ ਬਹੁਤ ਘੱਟ ਬੋਲਦਾ ਹੈ ਅਤੇ ਆਪਣੀ ਗੱਲ ਬਹੁਤ ਸੰਖੇਪ ਵਿੱਚ ਕਰਦਾ ਹੈ। ਸ਼ਾਇਦ ਇਹ ਵੀ ਸੋਚਦਾ ਹੋਵੇ ਕਿ ਬਹੁਤਾ ਬੋਲਣ ਨਾਲ ਸਰੀਰਕ ਊਰਜਾ ਜ਼ਾਇਆ ਹੁੰਦੀ ਹੈ ਜਿਸ ਨੂੰ ਉਹ ਅਗਲੇ ਸਖ਼ਤ ਮੁਕਾਬਲਿਆਂ ਲਈ ਸਾਂਭ ਕੇ ਰੱਖਣਾ ਚਾਹੁੰਦਾ ਹੈ ਜਿਨ੍ਹਾਂ ਵਿੱਚ ਉਹ ਭਵਿੱਖ ਵਿੱਚ ਹਿੱਸਾ ਲੈਣਾ ਚਾਹੁੰਦਾ ਹੈ। ਉਹ ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈ ਕੇ ਇਨ੍ਹਾਂ ਵਿਚਲਾ ਆਪਣਾ ਸਮਾਂ ਘਟਾਉਣਾ ਚਾਹੁੰਦਾ ਹੈ। ਅੱਗੋਂ ਹੋਰ ਵੀ ਉਹ ਕਈ ਕੁਝ ਕਰਨਾ ਚਾਹੁੰਦਾ ਪਰ ਉਸ ਦੇ ਬਾਰੇ ਅਜੇ ਦੱਸ ਨਹੀਂ ਰਿਹਾ। ਅੱਗੇ ਉਸ ਦੀ ਕੀ ਯੋਜਨਾ ਹੈ, ਇਹ ਤਾਂ ਭਵਿੱਖ ਵਿਚ ਸਮਾਂ ਹੀ ਦੱਸੇਗਾ। ਪ੍ਰਮਾਤਮਾ ਉਸ ਨੂੰ ਕਾਮਯਾਬੀ ਬਖ਼ਸ਼ੇ।

# ਪੁੰਨੀ ਪਾਪੀ



ਜੀਵ ਆਪਣੇ ਕਰਮ ਕਮਾਵਣ ਵਾਸਤੇ "ਧਰਤੀ ਧਰਮਸਾਲ" ਤੇ ਜਨਮ ਧਾਰਣ ਕਰਦਾ ਹੈ, ਇਹ ਕਰਮ ਕਰਤਾ ਨੇ ਉਸਦੇ ਜੀਨਸਾਂ {Genes} ਅੰਦਰ ਦਰਜ ਕੀਤੇ ਗਏ ਹੁੰਦੇ ਹਨ। ਪਹਿਲੇ ਜਨਮਾਂ ਅੰਦਰ ਕੀਤੇ ਪੁੰਨ ਪਾਪ ਅਨੁਸਾਰ ਜੀਵ ਨੂੰ ਸਰੀਰ ਜ਼ਰੂਰ ਮਿਲਦਾ ਹੈ। ਧਰਤੀ ਧਰਮਸਾਲ ਆਕੇ ਪਹਿਲੇ ਕੁਕਰਮਾਂ ਨੂੰ "ਚੰਗੇ ਕਰਮ ਕਰਕੇ ਸੁਧਾਰਿਆਂ ਨੂੰ ਆਤਮਾ ਸੰਭਾਲਕੇ ਰੱਖਦੀ ਹੈ।

ਜੇਤੀ ਸਿਰਠਿ ਉਪਾਈ ਵੇਖਾ
ਵਿਣੁ ਕਰਮਾ ਕਿ ਮਿਲੈ ਲਈ॥ ਜਪੁ ਜੀ ਪੌੜੀ 6॥
ਜੀਵ ਨੂੰ ਪਹਿਲੇ ਕੀਤੇ ਕੁਕਰਮਾਂ ਤੋਂ ਇਲਾਵਾ "ਹੋਰ ਨਵੇਂ ਕਰਮ ਨਹੀਂ ਮਿਲਦੇ ਹਨ।"

ਮਤਿ ਵਿਚਿ ਰਤਨ ਜਵਾਹਰ ਮਾਣਿਕ
ਜੇ ਇਕ ਗੁਰ ਕੀ ਸਿਖ ਸੁਣੀ ॥ ਉਹੀ॥

ਪਰਮਾਤਮਾ ਨੇ ਜੋ ਪਹਿਲੇ ਕੁਕਰਮਾਂ ਦੇ ਕੀਮਤੀ ਬੋਲ ਲਿਖ ਪਾਏ ਹਨ, ਜੇਕਰ ਜੀਵ ਇਕ ਸੱਚੇ ਗੁਰੂ {ਗੁਰੂ ਗ੍ਰੰਥ ਸਾਹਿਬ ਜੀ} ਦੇ ਲੜ ਲੱਗ ਜਾਵੇ ਤਾਂ ਸੋਝੀ ਪਾਈ ਜਾ ਸਕਦੀ ਹੈ।

ਪੁੰਨੀ ਪਾਪੀ ਆਖਣੁ ਨਾਹਿ ॥
ਕਰਿ ਕਰਿ ਕਰਣਾ ਲਿਖਿ ਲੈ ਜਾਹੁ॥
ਆਪੇ ਬੀਜਿ ਆਪੇ ਹੀ ਖਾਹੁ ॥
ਨਾਨਕ ਹੁਕਮੀ ਆਵਹੁ ਜਾਹੁ ॥ ਜਪੁ ਜੀ ਪੌੜੀ 20 ॥

ਪੁੰਨੀ ਤੇ ਪਾਪੀ ਹੋਣਾ ਕੋਈ ਕਹਿਣ ਦੀਆਂ ਗੱਲਾਂ ਨਹੀਂ ਹਨ, ਜੋ ਵੀ ਅਸੀਂ ਚੰਗੇ ਮਾੜੇ ਕਰਮ ਕਰਦੇ ਹਾਂ, ਅੰਦਰ ਬੈਠਾ ਭੌਰ, ਆਤਮਾ ਸੱਭ ਕੁਝ ਲਿਖਕੇ ਅੱਗੇ "ਲੈ ਜਾਹੁ"। ਫਿਰ ਸੱਚੇ ਦੇ ਦਰਬਾਰ ਪਹੁੰਚ, ਕੀਤੇ ਕਰਮਾਂ {ਆਪੇ ਬੀਜਿ} ਦਾ ਫੱਲ {ਨਿਆਂ} ਸਾਨੂੰ ਮਿਲ ਜਾਂਦਾ ਹੈ। ਅੱਗੇ ਜੀਵ ਨੂੰ ਜਿਸ ਸ਼ਰੇਣੀ ਦੇ ਜੀਵ ਦਾ ਸਰੀਰ ਮਿਲਦਾ ਹੈ ਉਸ ਪਰਕਾਰ ਦੇ ਕਰਮ ਕਰਨ ਦੀ ਹਦਾਇਤ ਹੁੰਦੀ ਹੈ।

ਕਰਮੀ ਆਵੈ ਕਪੜਾ ਨਦਰੀ ਮੋਖੁ ਦੁਆਰੁ॥
ਨਾਨਕ ਏਵੈ ਜਾਣੀਐ ਸਭੁ ਆਪੇ ਸਚਿਆਰੁ॥ ਜਪੁ ਜੀ ਪੌੜੀ4॥

ਫਿਰ ਨਵੇਂ ਸਿਰੇ ਤੋਂ ਕਰਮ ਕਮਾਉਂਣ ਵਾਸਤੇ ਨਵਾਂ ਸਰੀਰ ਧਾਰਣ ਕਰਦਾ ਹੈ, ਇਸ ਦੇ ਜੀਨਸ ਵੀ ਪਹਿਲੇ ਸਰੀਰ ਵਾਲੇ ਹੀ ਹੁੰਦੇ ਹਨ। ਧਰਤੀ ਧਰਮਸਾਲ ਤੇ ਆਕੇ "ਪੰਜ ਗਿਅਨ ਇੰਦਰੀਆਂ, ਅੱਖਾਂ, ਨੱਕ, ਕੰਨ, ਜੀਭ ਅਤੇ ਚਮੜੀ ਆਦਿ ਬਖਸ਼ੇ ਜਾਂਦੇ ਹਨ। ਪਿਛਲੇ ਜਨਮ ਅੰਦਰ ਹੋ ਸਕਦਾ ਹੈ ਕਿ ਜੀਵ ਸ਼ਰੇਣੀ ਅਨੁਸਾਰ ਸੋਝੀ {ਗਿਆਨ} ਵਾਸਤੇ ਇਕ, ਦੋ ਜਾਂ ਤਿੰਨ ਹੀ ਮਿਲੇ ਹੋਣ। ਇਹਨਾਂ ਇੰਦਰੀਆਂ ਦੀ ਕਰਮ ਵਿਧੀ ਨੂੰ ਪਹਿਚਾਣ, ਸਮਝ ਕਰ ਆਪਣੇ ਕਰਮ ਸੁਧਾਰੇ ਜਾ ਸਕਦੇ ਹਨ। ਜੀਵ ਦੇ ਕੀਤੇ ਹੁਕਮ ਅੰਦਰ ਕਰਮ ਕਰਤਾ ਨੂੰ ਚੰਗੇ {ਨਦਰੀ} ਲੱਗਣ ਤਾਂ ਤੇ ਮੁਕਤੀ ਮਿਲ ਸਕਦੀ ਹੈ। ਇਹ ਚੇਤੇ ਵਿਚ ਰੱਖ ਕਰਮ ਕਰਦਿਆਂ ਜੀਵਨ ਗੁਜਾਰੋ, ਫੱਲ ਬਾਰੇ ਪਰਮਾਤਮਾ ਤੇ ਛੱਡ ਦਿਉ। ਉਹ ਆਪ ਸੱਚਾ ਹੈ ਅਤੇ ਨਿਆਂ ਵੀ ਸਚ ਦੀ ਕਸਵੱਟੀ ਅਨੁਸਾਰ ਹੀ ਕਰੇਗਾ।



ਭੁਗਤਿ ਗਿਆਨੁ ਦਇਆ ਭੰਡਾਰਣਿ
ਘਟਿ ਘਟਿ ਵਾਜਹਿ ਨਾਦ ॥
--- ਲੇਖੇ ਆਵਹਿ ਭਾਗ ॥ ਜਪੁ ਜੀ ਪੌੜੀ 29 ॥

ਹੱਰ ਜੀਵ ਸ਼ਰੇਣੀ ਦੇ ਜੀਵਾਂ ਦੀ ਖਾਧ ਸਮੱਗਰੀ, ਦਇਆ ਰੂਪੀ ਕੁਦਰਤ ਭੰਡਾਰਣ ਅੰਦਰ ਪਾਈ ਗਈ ਹੈ। ਇਸ ਦੀ ਸੋਝੀ ਸਮੂਹ ਜੀਵ ਜਗਤ ਨੂੰ ਦਿੱਤੀ {ਘਟਿ ਘਟਿ} ਗਈ ਹੈ, ਕਿ ਤੇਰੇ ਭਾਗਾਂ ਵਿਚ ਇਹ ਪਦਾਰਥਾਂ ਦਾ ਭੋਜਨ ਲਿਖਿਆ ਗਿਆ ਹੈ। ਮਨੁੱਖ, ਪਸ਼ੂ, ਪੰਛੀ ਹੋਰ ਜੀਵ ਜੰਤ ਅਤੇ ਪੇੜ ਪੌਦਿਆਂ ਦਾ ਭੋਜਨ ਜੋ ਭਾਗਾਂ ਵਿਚ ਲਿਖਿਆ ਗਿਆ, "ਨਿਸਚਿਤ ਕਰ ਨਿਰਧਾਰਿਤ" ਕੀਤਾ ਗਿਆ ਹੈ। ਬਾਕੀ ਸਾਰੇ ਜੀਵ ਆਪਣਾ-ਆਪਣਾ ਭੋਜਨ ਸੇਵਨ ਕਰਦੇ ਹਨ। ਮਾਸ ਖਾਣੇ ਸ਼ੇਰ, ਚੀਤੇ ਆਦਿ ਭੁੱਖੇ ਮਰ ਜਾਣਗੇ ਘਾਹ ਪੱਤੀਆਂ ਆਦਿ ਨੂੰ ਮੂੰਹ ਨਹੀਂ ਲਾਉਂਦੇ ਹਨ। ਘਾਹ ਖਾਣੇ ਗਾਵਾਂ ਮੱਝਾਂ ਘੋੜੇ ਹਾਥੀ ਆਦਿ ਮਾਸ ਦੀ ਬਾਅਸ ਨੂੰ ਵੀ ਬਰਦਾਸ਼ਤ ਨਹੀਂ ਕਰਦੇ, ਖਾਣ ਦੀ ਤਾਂ ਗੱਲ ਹੀ ਛੱਡੋ। ਚਿੜੀਆਂ, ਕਬੂਤਰ, ਕਾਂ ਆਦਿ ਆਪਣਾ ਭਾਗਾਂ ਦਾ ਲਿਖਿਆ ਹੀ ਚੁਣਦੇ ਹਨ।

ਆਸਣੁ ਲੋਇ ਲੋਇ
ਭੰਡਾਰ ॥
ਜੋ ਕਿਛੁ
ਪਾਇਆ ਸੁ
ਏਕਾ ਵਾਰ॥
ਜਪੁ ਜੀ
ਪੌੜੀ 31॥

ਕਰਤਾ ਦਾ ਨਿਵਾਸ ਸਥਾਨ ਹਰੇਕ ਵਿਸ਼ਵ ਦੇ ਸੱਭ ਪਿੰਡਾਂ ਅੰਦਰ ਹੈ, ਅਤੇ ਪਿੰਡ ਪਿੰਡ ਉਸ ਦਾ ਜੀਵਾਂ ਵਾਸਤੇ ਭੰਡਾਰਾ ਚਲਦਾ ਹੈ। ਜੋ ਕੁਝ ਵੀ ਵੱਖਰੇ ਵੱਖਰੇ ਪਿੰਡਾਂ ਵਿਚ ਵੱਸਦੇ ਜੀਵਾਂ ਨੂੰ ਮੂਲ ਰੂਪ ਵਿਚ ਜਰੂਰ ਹੈ, ਉਹਨਾਂ ਨੂੰ ਇਕੋ ਵਾਰ ਹੀ ਦੇ ਦਿੱਤਾ ਹੈ, ਤਾਂ ਜੋ ਜੀਵਾਂ ਨੂੰ ਵਾਰ ਵਾਰ ਮੰਗਣਾ ਨਾਹ ਪਵੈ। ਦਾਤਾ ਇਹ ਨਾ ਆਖਿਐ ਫਿਰ ਮੰਗਣ ਜਾਈਐ। ਆਪਾਂ ਜੇ ਗਹਿਰਾਈ ਨਾਲ ਸੋਚ ਵਿਚਾਰ ਕਰੀਏ ਕਿ ਸਾਥੋਂ ਇਲਾਵਾ ਵਿਸ਼ਵ ਦੇ ਬਾਕੀ ਜੀਵ ਆਪਣਾ "ਧਰਮ ਨਿਸ਼ਠਾਵਾਣ ਅਤੇ ਪਰਪੱਕਤਾ ਦੀ ਪੱਧਤੀ ਤੱਕ ਪਾਲਦੇ ਹਨ।"

ਅਸੀਂ ਕੀ ਕੁਝ ਖਾਂਧੇ ਪੀਂਦੇ ਅਤੇ ਕਿਹੋ ਜਿਹੇ ਕਰਮ ਕਰਦੇ ਹਾਂ, ਕਰਤਾ ਸਾਨੂੰ ਕਦੀ ਵੀ ਮਾਫ ਨਹੀਂ ਕਰੇਗਾ। ਅਸੀਂ ਜਾਤਾਂ, ਉਪ ਜਾਤਾਂ ਧਰਮਾਂ ਭਾਸ਼ਾਵਾਂ ਔਰਤ ਮਰਦ ਕਾਲੇ ਚਿਟੇ ਰੰਗਾਂ ਅੰਦਰ ਹੀ ਉਲਝੇ ਰਹਿ ਆਪਣਾ ਜੀਵਨ ਹੰਕਾਰ ਅੰਦਰ ਅੰਨੇ ਹੋ ਬਿਤਾ ਦਿੰਦੇ ਹਾਂ। ਜੇਕਰ ਮੇਰੀ ਉਮਰ ਚਾਰ ਜੁਗਾਂ ਤੋਂ ਵੀ ਦੂਗਣੀ ਹੋ ਜਾਵੇ ਅਤੇ ਸੰਸਾਰ ਦੇ ਨੌਂ ਖੰਡਾਂ ਅੰਦਰ ਮੇਰਾ ਹੁਕਮ ਚਲਦਾ ਹੋਵੇ। ਪਰ ਜੇਕਰ ਪਰਮਾਤਮਾ ਦੀ ਨਜਰ ਵਿਚ ਨਹੀਂ ਆਇਆ ਤਾਂ ਫਿਰ,



ਬਹੁਤਾ ਕਰਮੁ ਲਿਖਿਆ ਨਾਜਾਇ॥
ਵਡਾ ਦਾਤਾ ਤਿਲੁ ਨ ਤਮਾਇ ॥
ਕੇਤੇ ਮੰਗਹਿ ਜੋਧ ਅਪਾਰ ॥
ਕੇਤਿਆ ਗਣਤ ਨਹੀ ਵੀਚਾਰੁ ॥ ਜਪੁ ਜੀ ਪੌੜੀ 25॥

ਦਾਤਾ ਮੂਲ ਜਰੂਰਤਾਂ ਤੋਂ ਵੱਧ ਕਿਸੇ ਵੀ ਜੀਵ ਦੇ ਕਰਮਾਂ ਵਿਚ ਨਹੀਂ ਲਿਖਦਾ ਹੈ, ਉਹ ਇਸ ਪਰਕਾਰ ਦਾ ਕਾਰਜ ਕਰਣ ਲਈ ਬਿਲਕੁਲ ਤਿਲ ਜਿੰਨੀ ਵੀ ਤਮਾਂ ਨਹੀਂ ਰੱਖਦਾ ਹੈ। ਮੰਗਣ ਵਾਲਿਆਂ ਵਿਚ ਤਾਂ ਵੱਡੇ ਤੋਂ ਵੱਡੇ ਜੋਧੇ ਅਣਗਿਨਤ ਹਨ, ਜਿੰਨਾਂ ਦੀ ਗਿਣਤੀ ਕਰਦਿਆਂ ਕੋਈ ਅੰਤ ਨਹੀਂ ਹੈ।

ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ॥
ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ॥
ਜੇ ਤਿਸ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ॥
ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥ ਜਪੁ ਜੀ ਪੌੜੀ 7॥

ਜਿਵੇਂ ਅਸੀਂ ਦੁਜਿਆਂ ਨੂੰ ਬਹੁਤ ਹੀ ਨੀਵੀਂ ਸ਼ਰੇਣੀ ਦੇ ਜੀਵ ਸਮਝ ਵਿਵਹਾਰ ਕਰਦੇ ਹਾਂ, ਸਾਡੇ ਨਾਲ ਵੀ ਇਹੀ ਤਰੀਕਾ ਵਰਤਿਆ ਜਾਵੇਗਾ। ਕੁਕਰਮ ਕਰਨ ਵਾਲੇ ਦੋਸ਼ੀਆਂ ਦਾ ਦੋਸ ਲਗਾਕੇ ਧਰਤੀ ਪਰ ਕਿਸੇ ਵੀ ਜੀਵ ਸ਼ਰੇਣੀ ਦੇ ਜੀਵਾਂ ਵਿੱਚੋਂ ਸਰੀਰ ਦੇਕੇ ਭੇਜਿਆ ਜਾਂਦਾ ਹੈ।

ਜਿਵ ਤਿਸੁ ਭਾਵੈ ਤਿਵੈ ਚਲਾਵੈ
ਜਿਵ ਹੋਵੈ ਫੁਰਮਾਣੁ ॥
ਓਹੁ ਵੇਖੈ ਓਨਾ ਨਦਰਿ ਨ ਆਵੈ
ਬਹੁਤਾ ਏਹੁ ਵਿਡਾਣੁ ॥ ਜਪੁ ਜੀ ਪੌੜੀ 30 ॥

ਜਿਵੇਂ ਪਰਮਾਤਮਾ ਨੂੰ ਚੰਗਾ ਲੱਗਦਾ ਹੈ, ਉਹ ਉਸ ਤਰਾਂ ਦਾ ਹੀ ਹੁਕਮ ਕਰਦਾ ਹੈ, ਰੱਬ ਤਾਂ ਸੱਭ ਕੁਝ ਦੇਖਦਾ ਹੈ ਪਰ ਜੀਵ ਉਸ ਨੂੰ ਨਹੀਂ ਦੇਖ ਪਾਉਂਦੇ ਹਨ। ਇਹ ਕਿਡਾ ਵੱਡਾ ਅਸਚੱਰਜ ਵਾਲਾ ਖੇਡ ਖੇਡਿਆ ਹੈ ਕਰਤੇ ਨੇ।

ਜੋਰੁ ਨ ਜੀਵਣਿ ਮਰਣਿ ਨਹ ਜੋਰੁ॥
ਜੋਰੁ ਨ ਰਾਜਿ ਮਾਲਿ ਮਨਿ ਜੋਰੁ ॥
--- ਜੋਰੁ ਨ ਜੁਗਤੀ ਛੁਟੈ ਸੰਸਾਰੁ ॥
ਜਿਸੁ ਹਥਿ ਜੋਰੁ ਕਰਿ ਵੇਖੈ ਸੋਇ ॥
ਨਾਨਕ ਉਤਮੁ ਨੀਚੁ ਨ ਕੋਇ ॥ ਜਪੁ ਜੀ ਪੌੜੀ 33॥

ਜਿਉਂਣਾ ਮਰਨਾ ਕਿਸੇ ਵੀ ਜੀਵ ਦੇ ਹੱਥ ਵੱਸ ਨਹੀਂ ਹੈ, ਨਾ ਹੀ ਪਦਾਰਥਾਂ ਅਤੇ ਮਨ ਪਰ ਕਿਸੇ ਦੀ ਜਬਰ ਦੱਸਤੀ ਚਲਦੀ ਹੈ। ਇਸ ਸੰਸਾਰੋਂ ਵੀ ਬਾਹਰ ਨਿਕਲ ਸਕਣਾ ਵੱਸੋਂ ਬਾਹਰ ਦੀਆਂ ਗੱਲਾਂ ਹਨ। ਭਾਵੇਂ ਸਮੂਹ ਰਚਨਾ ਹੀ ਪਵਿਤਰ ਅਤੇ ਸ਼ਕਤੀਸ਼ਾਲੀ ਹੈ, ਕੂਝ ਵੀ ਕੰਮਜੋਰ ਨਹੀਂ, ਫਿਰ ਵੀ ਕਰਤਾ ਦੇ ਹੁਕਮ ਤੋਂ ਬਿਣਾ ਕੋਈ ਵੀ ਜੀਵ ਧਰਤੀ ਦੀ ਹੱਦੋਂ ਬਾਹਰ ਜਾਕੇ ਅੱਗਲੀ ਦੁਨੀਆਂ ਅੰਦਰ ਵਰਵੇਛ ਨਹੀਂ ਕਰ ਸਕਦਾ ਹੈ।

ਜਪੁ ਜੀ ਦੀ 16ਵੀਂ ਪੌੜੀ ਦੇ ਪਹਿਲੇ "ਪੰਚ ਪਰਵਾਣ" ਇਹ ਉਹ ਪੰਜ ਮੂਲ ਆਦਿ ਤਤ ਹਨ, ਜਿੰਨਾਂ ਤੋਂ ਵਿਸ਼ਵ



ਦੀ ਰਚਨਾ ਰਚਨ ਦਾ ਅਰੰਭ ਹੋਇਆ ਸੀ। ਜੋ ਕਵਾਉ-ਕੁਆਰਕ ਦੀ ਅਸੀਮਤ ਤਾਪਮਾਨ ਅਤੇ ਘਣਤਾ {Density} ਦੀ ਭੱਠੀ ਅੰਦਰੋਂ ਤੱਪਕੇ ਪਰਗਟ ਹੋਏ ਹਨ। ਇਹ ਤਤ ਹਨ, ਇਲੈਕਟਰੋਨ, ਪਰੋਟੋਨ, ਨਿਉਟਰੋਨ ਨਿਉਟਰੀਨੋ ਅਤੇ ਕਾਰਬਨ ਡਾਇਆਕਸਾਈਡ। ਕਿਉਂਕਿ ਧਰਤੀ ਪਰ ਕਿਤੇ ਵੀ ਇੰਨੀ ਤੱਪਛ ਦਾ ਤਾਪ ਅਤੇ ਦਬਾਅ ਦੀ ਘਣਿਛਟਤਾ ਆਦਿ ਨਹੀਂ ਹੈ, ਇਸ ਕਰਕੇ ਇਹ ਤਤ ਕਦੀ ਵੀ ਕਿਸੇ ਵੀ ਹਾਲਾਤ ਵਿਚ ਨਸ਼ਟ ਨਹੀਂ ਹੁੰਦੇ ਹਨ।

ਪੰਚ ਤਤੁ ਸੁੰਨਹੁ ਪਰਗਾਸਾ ॥
ਦੇਹ ਸੰਜੋਗੀ ਕਰਮ ਅਭਿਆਸਾ ॥
ਬੁਰਾ ਭਲਾ ਦੁਇ ਮਸਤਕਿ ਲੀਖੇ
ਪਾਪੁ ਪੁੰਨੁ ਬੀਜਾਇਦਾ ॥ ਅੰਗ 1038 ॥

ਸਾਇੰਸਦਾਨ ਵੀ ਮੰਨਦੇ ਹਨ ਕਿ "ਮੂਲ ਤਤਾਂ" ਨੇ ਹੀ ਵਿਸ਼ਵ ਦੇ ਪਿੰਡ ਅਤੇ ਜੀਆ ਜੰਤ ਖਲਾਅ ਅੰਦਰੋਂ ਪਰਗਟ ਹੋਏ ਹਨ। ਕਰਤਾ ਵਲੋਂ ਸਰੀਰ {ਦੇਹ} ਪੈਦਾ ਕਰ ਉਹਨਾਂ ਦੇ ਸੰਜੋਗਾਂ ਵਿਚ ਲਿਖੇ ਕਰਮਾਂ ਦਾ ਪਾਲਣ { ਅਭਿਆਸਾ } ਕਰਨ ਦਾ ਹੁਕਮ ਕੀਤਾ ਹੈ। ਇਹ ਤਤ ਹੀ ਜੀਵ ਦੁਆਰਾ ਕੀਤੇ ਕਰਮਾਂ ਨੂੰ ਲਿਖ ਅੱਗੇ ਦਰਬਾਰ ਅੰਦਰ ਪਤਾ ਚਲਦਾ ਹੈ, ਜੀਵ ਨੇ ਕੀ ਪਾਪ ਪੁੰਨ ਕੀਤੇ ਹਨ।

The elementary particles themselves are frequently thought to have been created out of vacuum. --- many puzzle of space and time have solutions concealed in profound properties of vacuum. {Something called nothing page 10}

--- ਮੂਲ ਕਣ ਆਮ ਤੌਰ ਤੇ ਮੰਨਿਆਂ ਗਿਆ ਹੈ ਕਿ ਖਲਾਅ ਤੋਂ ਪੈਦਾ ਹੁੰਦੇ ਹਨ, -- ਬਹੁਤ ਸਾਰੀਆਂ ਸਮੇਂ ਸਥਾਨ ਦੀਆਂ ਗੁੰਝਲਾਂ ਦਾ ਹੱਲ ਖਲਾਅ ਦੀਆਂ ਵਿਸ਼ੇਸ਼ਤਾਈਆਂ{ਗੁਣਸੂਤਰਾਂ} ਅੰਦਰ ਛੁਪਿਆ ਹੋਇਆ ਹੈ। ਜਦੋਂ ਕਰਤਾ ਨੇ ਜੀਵ ਉਤਪਤੀ ਪਾਲਣਾ ਅਤੇ ਫਿਰ ਵਾਪਸ ਬੁਲਾਣ ਦਾ ਪਰਬੰਧ ਕਰਲਿਆ ਫਿਰ ਜੀਵਾਂ ਨੂੰ ਧਰਤੀ ਤੇ ਲਿਆ ਉਤਾਰਿਆ ਸੀ।

ਕਰਮੀ ਕਰਮੀ ਹੋਇ ਵੀਚਾਰੁ ॥
ਸਚਾ ਆਪਿ ਸਚਾ ਦਰਬਾਰੁ ॥
ਤਿਥੈ ਸੋਹਨਿ ਪੰਚ ਪਰਵਾਣੁ ॥
ਨਦਰੀ ਕਰਮਿ ਪਵੈ ਨੀਸਾਣੁ ॥ ਜਪੁ ਜੀ ਪੌੜੀ 34॥

ਸਭ ਜੀਵਾਂ ਦਾ ਫੈਸਲਾ, ਉਹਨਾਂ ਦੇ ਕਰਮਾਂ ਦੇ ਮੁਤਾਬਿਕ ਪਰਮਾਤਮਾ ਦੇ ਦਰਬਾਰ ਜਾਕੇ ਹੀ ਹੁੰਦਾ ਹੈ। ਆਤਮਾਂ ਕੋਲ "ਮੂਲ ਤਤਾਂ ਨਾਲ ਚਿਤਰ ਗੁਪਤ ਦੁਆਰਾ ਲਿਖਿਆ ਸਾਰਾ ਚਿਠਾ ਤਿਆਰ ਹੰਦਾ ਹੈ। ਕਰਤਾ ਦੇ ਦਰਬਾਰ ਵਿਚ ਇਜਤ ਮਾਨ ਨਾਲ ਸਾਫ ਸਪੱਸ਼ਟ ਨਜ਼ਰੀ ਪੈਂਦਾ ਹੈ। ਗਾਵਹਿ ਚਿਤੁ ਗੁਪਤੁ ਲਿਖਿ ਜਾਣਹਿ

ਲਿਖਿ ਲਿਖਿ ਧਰਮੁ ਵੀਚਾਰੇ ॥ ਜਪੁ ਜੀ ਪੌੜੀ 27 ॥

ਜੀਵਾਂ ਦੇ ਕਰਮਾਂ ਬਾਰੇ ਜੋ ਵੀ ਚਿਤਰ ਗੁਪਤ ਨੇ ਲਿਖਿਆ ਹੁੰਦਾ ਹੈ, ਉਸ ਦੀਭਾਵਣਾ ਨੂੰ ਸਮਝਦਾ ਹੈ, ਕਿ ਜੀਵ ਨੇ ਕਿੰਨੇ ਪੁੰਨ ਅਤੇ ਕਿੰਨੇ ਕੁ ਪਾਪ ਕਰਦਾ ਰਿਹਾ ਹੈ। ਉਸਦੇ ਕਰਮਾਂ ਕੁਕਰਮਾਂ ਨੂੰ ਵੱਖ ਵੱਖ ਲਿਖਕੇ ਉਹਨਾਂ ਨੂੰ "ਧਰਮ ਦੀ ਕਸਵੱਟੀ ਤੇ ਰੱਖ ਸੋਚ ਵਿਚਾਰ ਕਰਦਾ ਹੈ। ਤਾਂ ਜੋ ਕਰਤਾ ਦੇ ਦਰਬਾਰ ਅੰਦਰ ਜਾਕੇ ਕੋਈ ਮੁਛਕਲ ਨਾ ਆਵੇ।

ਚੰਗਿਆਈਆ ਬੁਰਿਆਈਆ
ਵਾਚੈ ਧਰਮੁ ਹਦੂਰਿ ॥
ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ ॥ ਜਪੁ ਜੀ ਸਲੋਕ ਦੂਜਾ॥

ਗੁਰਬਚਨ ਸਿੰਘ

## ਗ਼ਜ਼ਲ



ਤੇਰੀਆਂ ਮੱਝਾਂ ਗਾਵਾਂ ਜੀਵਨ।
ਵਿਹੜੇ ਵਿਚਲੀਆਂ ਛਾਵਾਂ ਜੀਵਨ।
ਆਉਣ ਪ੍ਰਾਹੁਣੇ ਖ਼ੁਸ਼ੀਆਂ ਹੋਵਣ,
ਤੇਰੇ ਘਰ ਦੀਆ ਰਾਵ੍ਹਾਂ ਜੀਵਨ।
ਖ਼ੁਸ਼ਹਾਲੀ, ਹਰਿਆਲੀ ਦੇਵਣ,
ਧੁੱਪਾਂ ਜੀਵਨ ਛਾਵਾਂ ਜੀਵਨ।
ਰਖਵਾਲੀ ਸ਼ੋਭਾ ਪਾਉਂਦੀ ਹੈ,
ਜੁਗ-ਜੁਗ ਘਰ ਵਿਚ ਮਾਵਾਂ ਜੀਵਨ।
ਜਿੱਥੇ ਖ਼ੂਨ ਸ਼ਹੀਦਾਂ ਦਾ ਹੈ,
ਉਹ ਵਡਮੁੱਲੀਆਂ ਥਾਵਾਂ ਜੀਵਨ।
ਚੈਨ ਸਕੂਲ ਆਨੰਦ ਤ੍ਰਿਪਤੀ,
ਠੰਡੀਆਂ ਠਾਰ ਹਵਾਵਾਂ ਜੀਵਨ।
ਨਿਰਮਾਣ ਜਿੰਨ੍ਹਾਂ ਦਾ ਪ੍ਰਯੋਜਨ ਹੈ,
ਕਿਰਤ ਦੀਆਂ ਉਹ ਬਾਵ੍ਹਾਂ ਜੀਵਨ।
ਦਿਲ ਪਰਚਾਵਾ, ਨੀਂਦ ਸੁਹਾਣੀ,
ਦਾਦੂ ਕੋਲ ਕਥਾਵਾਂ ਜੀਵਨ।
ਸੰਸਾਰ ਜਿੰਨ੍ਹਾਂ ਅਰਪਣ ਕੀਤਾ।
ਪਲਕਾਂ ਵਿੱਚ ਨਿਗਾਵ੍ਹਾਂ ਜੀਵਨ।
ਪਰਿਵਰਤਨ ਦੇ ਨਿਯਮ ਬਣਾਵਟ,
ਰੁੱਤਾਂ ਜੀਣ ਖ਼ਿਜ਼ਾਵਾਂ ਜੀਵਨ।
ਸੂਈ ਮੂਈ ਵਿੱਚ ਨਜ਼ਾਕਤ,
ਬਾਲਮ ਖ਼ੂਬ ਅਦਾਵਾ ਜੀਵਨ।

## ਗ਼ਜ਼ਲ

ਹੋਸ਼ ਗਏ ਜੋਸ਼ ਗਏ ਤੇ ਉਡ ਗਈਆਂ ਫੁਲਕਾਰੀਆਂ,
ਅੰਬਰ ਵਾਲਾ ਤਾਰਾ-ਤਾਰਾ ਛੂਹ ਕੇ ਟੁੱਟੀਆਂ ਯਾਰੀਆਂ।
ਭੁੱਲ ਭੁਲੇਖੇ ਛੂਹ ਨਾ ਬੈਠੀਂ ਸਾੜ ਲਵੇਂਗਾ ਉਂਗਲੀਆਂ,
ਦੂਰੋਂ-ਦੂਰੋਂ ਚੰਗੀਆਂ ਲੱਗਣ ਭਖਦੀਆਂ ਚਿੰਗਾਰੀਆਂ।
ਵਿੱਚ ਉਮੰਗਾਂ ਵਿੱਚ ਤਰੰਗਾਂ ਸੰਗਾਂ ਵਾਲੇ ਮੇਲੇ,
ਸੱਤਰੰਗੀ ਪੀਂਘ 'ਚ ਰੰਗੀਆਂ ਚੁੰਨੀਆਂ ਲੱਲਾਰੀਆਂ।
ਵਰਨਾ ਸਾਰੇ ਸ਼ਹਿਰ 'ਚ ਲੋਕੀਂ ਏਕੇ ਵਿਚ ਮਜ਼ਬੂਤ ਰਹੇ,
ਸੋਚੀ ਸਮਝੀ ਚਾਲ 'ਚ ਉਹਨ੍ਹਾਂ ਕੀਤੀਆਂ ਗੱਦਾਰੀਆਂ।
ਪੰਛੀਆਂ ਨੇ ਸਮਝ ਲਿਆ ਏ ਹੱਕ-ਵਫ਼ਾ ਦੇ ਕੀ ਮਹਿਣੇਂ,
ਚੋਗੇ ਵਾਲੇ ਲਾਲਚ ਵਿੱਚ ਵਿਛਾਏ ਜਾਲ ਸ਼ਿਕਾਰੀਆਂ।
ਜਾਗ੍ਰਤੀ ਨੇ ਖੋਹ ਲਈਆਂ ਨੇ ਹੱਕਾਂ ਦੀ ਕਸਵੱਟੀ ਵਿਚ,
ਬੇਈਮਾਨੀ ਤੇ ਰਿਸ਼ਵਤ ਵਿਚ ਕੀਤੀਆਂ ਸਰਦਾਰੀਆਂ।
ਅੰਕੜਿਆਂ ਤੇ ਫਾਈਲਾਂ ਅੰਦਰ ਹੋਈ ਖ਼ੂਬ ਤਰੱਕੀ,
ਬੇਰੁਜ਼ਗਾਰੀਆਂ, ਲਾਚਾਰੀਆ, ਤੰਗੀਆਂ, ਬੇਕਾਰੀਆਂ।
ਬੱਚਿਆਂ ਦੇ ਮਸਤਕ ਅੰਦਰ ਸ਼ਬਦਾਂ ਵਾਲੇ ਕੋਸ਼ ਨਹੀਂ,
ਪੋਥੀਆਂ ਦੇ ਨਾਲ ਬੇਸ਼ਕ ਭਰ ਲਈਆਂ ਅਲਮਾਰੀਆਂ।
ਆਧੁਨਿਕਤਾ ਨੇ ਬੇਸ਼ਕ ਲੋੜੋਂ ਵੱਧ ਤਰਕੀ ਕੀਤੀ ਹੈ,
ਸ਼ਿਸ਼ਟਾਚਾਰਕ ਕਿਰਿਆ ਨਾਲੋਂ ਵੱਧ ਬਣੀਆਂ ਨੇ ਆਰੀਆਂ।
ਵੇਖ ਸਿਆਸੀ ਲੋਕਾਂ ਸਾਰਾ ਸਾਗਰ ਖੋਹ ਲਿਆ ਏ,
ਖੇਵਨਹਾਰੇ, ਚੱਪੂ, ਬੇੜੀ, ਭੰਵਰ, ਕਿਨਾਰੇ, ਤਾਰੀਆਂ।
ਸ਼ਹਿਰ 'ਚ ਤੇਰੇ ਥਾਂ-ਥਾਂ ਉਤੇ ਦੁਸ਼ਮਣ ਉਗ ਖਲੋਣੇਂ,
ਕਿਉਂ ਪਾਈਆਂ ਈਂ ਬਾਲਮ ਦੇ ਨਾਲ ਏਨੀਆਂ ਪੱਕੀਆਂ ਯਾਰੀਆਂ।

ਬਲਵਿੰਦਰ ਬਾਲਮ ਗੁਰਦਾਸਪੁਰ,
ਉਂਕਾਰ ਨਗਰ ਗੁਰਦਾਸਪੁਰ ਪੰਜਾਬ, 98156-25409










